# ਸਿਰਜਣਾ



ਅਕਤੂਬਰ-ਦਸੰਬਰ 2022 **206** 50 ਰੁਪਏ

# ਸਿਰਜਣਾ

**206**

ਅਕਤੂਬਰ-ਦਸੰਬਰ 2022



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

## *SIRJANA*

***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ ਦੀ ਥਾਂ/ਭਗਤ ਸਿੰਘ ਦੇ ਜਨਮ ਦਿਨ 'ਤੇ/1
ਰਵਿੰਦਰ ਰਵੀ/ਪੰਜ ਕਵਿਤਾਵਾਂ/3
ਗੁਰਨਾਮ ਢਿੱਲੋਂ/ਛੇ ਕਵਿਤਾਵਾਂ/8
ਸੰਦੀਪ ਜਸਵਾਲ/ਟੱਪੇ/13
ਬਲਦੇਵ ਚੱਕ ਸਕੰਦਰ/ਕਵਿਤਾ/14
ਸਾਧੂ ਬਿਨਿੰਗ/ਨਾਸਤਿਕਤਾ ਬਾਰੇ ਖ਼ੁਦ ਨਾਲ ਮੁਲਾਕਾਤ/17
ਨਵਚੇਤਨ/ਕਹਾਣੀ/ਦਾਗ਼/31
ਲਾਲ ਸਿੰਘ/ਕਹਾਣੀ/ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ/42
ਕਮਲ ਸੇਖੋਂ/ਕਹਾਣੀ/ਕੰਧ/59
ਅਵਤਾਰ ਸਿੰਘ ਬਿਲਿੰਗ/ਸ਼ਬਦ ਚਿੱਤਰ/ਮੇਰਾ ਤਾਇਆ ਸੂਬੇਦਾਰ/65
ਰਾਜਿੰਦਰ ਪਾਲ ਸਿੰਘ ਬਰਾੜ/ਯਾਤਰਾ ਪ੍ਰਸੰਗ/ਯੂਰੋ ਜ਼ੋਨ ਦੀਆਂ ਕੁੱਝ ਚੰਗੀਆਂ ਕੁੱਝ ਮੰਦੀਆਂ/71
ਬਲਜੀਤ ਬਾਸੀ/ਸ਼ਬਦ ਝਰੋਖਾ/ਸਤਿ ਬਚਨ/76
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਸ਼ਾਮ ਦੀ ਸ਼ਾਖ 'ਤੇ/79
ਰਾਜਵੰਤ ਕੌਰ/ਰਿਵਿਊ/ਸੱਥਰ/82
ਹਰਿੰਦਰ ਸਿੰਘ/ਰਿਵਿਊ/ਤੀਸਰੀ ਖਿੜਕੀ/85
ਪੁਸ਼ਵਿੰਦਰ ਕੌਰ/ਰਿਵਿਊ/ਹਨੇਰੇ ਦਾ ਚੀਰਹਰਣ/87
ਹਰਵਿੰਦਰ ਸਿੰਘ/ਰਿਵਿਊ/ਜਾਗ ਪੰਜਾਬ ਤੂੰ ਜਾਗ/90
ਰਘਬੀਰ ਸਿੰਘ/ਰਿਵਿਊ/ਪੰਖੀ/92
ਪੁਸਤਕ ਸੂਚੀ/95


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ ਦੀ ਥਾਂ*

## *ਭਗਤ ਸਿੰਘ ਦੇ ਜਨਮ ਦਿਨ 'ਤੇ: ਕੁਲਦੀਪ ਸਿੰਘ ਦੀਪ*

*ਸ਼ਹੀਦੇ ਆਜ਼ਮ ਭਗਤ ਸਿੰਘ!*
*ਸ਼ਹੀਦ ਭਗਤ ਸਿੰਘ!*
*ਭਗਤ ਸਿੰਘ!*
*ਭਗਤ ਸਿਆਂ!*
*ਭਗਤਿਆ!*
*ਬਾਈ ਭਗਤਿਆ!*
*ਬਾਈ ਸਿਆਂ!*
*ਬਾਈ ਯਾਰ!*
*ਆੜੀ!*
*ਕੀ ਆਖ ਕੇ ਸੰਬੋਧਨ ਕਰਾਂ?*
*ਤੈਨੂੰ?*
*ਤੁਹਾਨੂੰ?*
*ਆਪ ਜੀ ਨੂੰ?*
*ਇਹੀ ਤਾਂ ਮੌਜ ਹੈ ਬਾਈ*
*ਤੇਰੇ ਨਾਲ ਗੱਲ ਕਰਨ ਵੇਲ਼ੇ*
*ਸੋਚਣਾ ਨੀ ਪੈਂਦਾ*
*ਜੀਭ 'ਤੇ ਕੁਝ ਥੋਪਣਾ ਨੀ ਪੈਂਦਾ*
*ਬਸ ਮਨ ਖੋਲ੍ਹ ਲਈਦਾ*
*ਜਿਵੇਂ ਜੀਅ ਕਰਦਾ*
*ਉਵੇਂ ਕਹੀਦਾ*
*ਤ੍ਰੇਲ਼ੀ ਨਹੀਂ ਪੈਂਦੀ*
*ਕਿ ਕੋਈ ਫਤਵਾ ਲਾ ਦਏਗਾ*
*ਅੱਖਰ ਲਗ ਕੰਨਾ ਬਿੰਦੀ ਟਿੱਪੀ ਅੱਧਕ*
*ਕੋਈ ਵੱਧ ਘੱਟ ਹੋ ਗਿਆ*
*ਤਾਂ ਅਸਮਾਨ ਸਿਰ 'ਤੇ ਉਠਾ ਲਏਗਾ...*

*ਮਨ ਦਾ ਮੌਸਮ ਕੋਈ ਵੀ ਹੋਵੇ*
*ਤੇਰੇ ਨਾਲ ਗੱਲ ਕਰਦਿਆਂ ਬੇਸੁਰਾ ਨਹੀਂ ਹੁੰਦਾ ਬਾਈ*
*ਤੈਨੂੰ ਤਾਂ ਬਸ ਅੰਦਰ ਉਤਾਰ ਲਈਦਾ*
*ਕਵਿਤਾ ਵਾਂਗ...*
*ਕੁਝ ਕਹਿ ਵੀ ਲਈਦਾ*
*ਕਹਾ ਵੀ ਲਈਦਾ*

*ਸੁਣ ਵੀ ਲਈਦਾ*
*ਸੁਣਾ ਵੀ ਲਈਦਾ*
*ਲੋੜ ਪਵੇ ਤਾਂ ਤੇਰਾ ਕੁਝ ਨਾ ਕੁਝ*
*ਢਾਹ ਵੀ ਲਈਦਾ*
*ਹਟਾ ਵੀ ਲਾਈਦਾ*
*ਕਿੰਨੀ ਮੌਜ ਹੈ ਕਨਾ?*
*ਪਤਾ ਨਹੀਂ ਇਹ ਕਿਸ ਦੀ ਸਾਜ਼ਿਸ਼ ਸੀ*
*ਕਿ ਅਸੀਂ*
*ਆਪਣਿਆਂ ਨਾਲ ਆਪਣੇ ਵਰਗੇ ਹੋ ਕੇ*
*ਗੱਲ ਕਰਨ ਦਾ ਹੱਕ ਗੁਆ ਲਿਆ*
*ਵੱਡਾ ਹੋਣਾ*
*ਨਿੱਕਿਆਂ ਦੇ ਹਾਣ ਦਾ ਹੋਣਾ ਹੁੰਦਾ ਹੈ*
*ਤੇ ਵੱਡੇ ਹੋਣ ਦਾ ਅਹਿਸਾਸ ਕਰਾਉਣਾ*
*ਖਲਾਅ ਵਿਚ ਲਟਕਦੇ ਬੱਦਲ਼ਾਂ ਵਰਗਾ ਹੁੰਦਾ ਹੈ*
*ਜਿਨ੍ਹਾਂ ਨੂੰ ਨਿਹਾਰਿਆ ਤਾਂ ਜਾ ਸਕਦਾ ਹੈ*
*ਪਰ ਪੋਟਿਆਂ ਨਾਲ ਛੂਹ ਛੂਹ*
*ਪਿਆਰਿਆ ਨਹੀਂ ਜਾ ਸਕਦਾ...*

*ਉਂਝ ਵੀ*
*ਜੇ ਕਿਸੇ ਬੰਦੇ ਵੱਲ ਤੱਕਣ ਲੱਗਿਆਂ*
*ਆਪਣੀ ਹੀ ਪੱਗ ਲਹਿ ਜੇ ਭਲਾ*
*ਉਹ ਵੀ ਕੀ ਬੰਦਾ ਹੋਇਆ?*
*ਜੇ ਅਲੰਕਾਰਾਂ ਦੇ ਕੁਰਲੇ ਕਰ ਕਰ*
*ਮੂੰਹ ਹੀ ਉਠਾਉਣਾ ਹੈ*
*ਫੇਰ ਕੀ ਗੱਡਾ ਖੜ੍ਹਿਆਂ ਐ ਗੱਲ ਕਰਨ ਨਾ਼ਲੋਂ*
*ਬਾਈ*
*ਤੇਰੇ ਨਾਲ*
*ਗ਼ਲਵੱਕੜੀ ਵੀ ਪਾ ਲਈਦੀ ਆ*
*ਪੱਗ ਵੀ ਸਜਾ ਲਈਦੀ ਆ*
*ਟੋਪੀ ਵੀ ਚੜ੍ਹਾ ਲਈਦੀ ਆ*
*ਮਜਾਲ ਹੈ ਕੋਈ ਫਤਵਿਆਂ ਵਾਲਾ*
*ਖੰਘ ਵੀ ਜਾਵੇ*
*ਯਾਰਾਂ ਦਾ ਯਾਰ ਐਂ ਬਾਈ ਤੂੰ*
*ਬਸ ਇੰਝ ਈ ਰਹੀਂ...*
*ਸਾਡੇ ਵਰਗਾ...*
*ਬਾਹ਼ਲਾ ਵੱਡਾ ਹੋਣ ਦੀ ਕੋਸ਼ਿਸ਼ ਨਾ ਕਰੀਂ 000*

***(2891 ਫੇਜ਼ 2, ਅਰਬਨ ਐਸਟੇਟ, ਪਟਿਆਲਾ 147 002***
***ਫੋਨ: +91-98768-20600)***

# ਰਵਿੰਦਰ ਰਵੀ ਦੀਆਂ ਪੰਜ ਨਵੀਆਂ ਕਵਿਤਾਵਾਂ

## ਆਦਿ ਮਾਨਵ ਜੁਗਾਦਿ ਮਾਨਵ

ਰੱਬ ਹੋ ਕੇ ਵੀ ਬੋਲ ਨਾ ਸਕਿਆ
ਰਚ ਸਕਿਆ ਨਾ ਸ਼ਬਦ ਨਾ ਬਾਣੀ!
ਸ਼ਬਦ ਸਿਰਜ ਕੇ ਆਦਿ ਮਾਨਵ ਨੇ
ਸ਼ੁਰੂ ਇਹ ਕੀਤੀ ਅਜਬ ਕਹਾਣੀ!

ਈਸ਼ਵਰ, ਅੱਲਾ, ਗੌਡ, ਬ੍ਰਹਿਮਾ
ਰਹਿਣੇ ਸਨ ਬੇਨਾਮ ਹੀ ਸਾਰੇ
ਸੋਚ, ਕਲਪਨਾ 'ਚੋਂ ਇਹ ਮਾਨਵ
ਖੋਲ੍ਹਦਾ ਨਾ ਜੇ ਮਿੱਥ ਦਵਾਰੇ

ਚਿੰਤਨ ਕਰਤਾ- ਸ਼ਬਦ ਮਾਧਿਅਮ
ਗਿਆਨ ਵਿਗਿਆਨ ਹੈ ਨੂਰ
ਰੱਬ ਤਾਂ ਚੁੱਪ-ਗੜੁੱਪ ਖਲਾਅ ਹੈ
ਮਾਨਵ ਭਾਸ਼ਾ ਹੈ ਭਰਪੂਰ

ਮਾਨਵ-ਦੇਹ ਵਿਚ ਇਸ਼ਕ ਜਾਗਿਆ
ਪ੍ਰੇਮ-ਕਥਾ ਨੇ ਪੰਖ ਲਗਾਏ
ਅੱਖਾਂ ਹੀ ਅੱਖਾਂ ਦੇ ਵਿਚੋਂ
ਆਪਣੇ ਆਦਿ ਅੰਤ ਦਿਖਲਾਏ

ਰੱਬ ਕੀ ਜਾਣੇ! ਇਸ ਮਾਨਵ ਦੀ
ਇਸ਼ਕ 'ਚ ਵਸਦੀ ਹੈ ਖੁਦਾਈ
ਪ੍ਰੇਮ-ਕਥਾਵਾਂ ਗੁਲਸ਼ਨ ਇਸਦਾ
ਮਹਿਕਾਂ ਵਿਚ ਇਸ ਦੀ ਰੁਸ਼ਨਾਈ!!!

## ਬੁਢਾਪਾ: ਖੜੋਤਾ ਹੋਇਆ ਸਮਾਂ

ਬੁਢਾਪੇ ਵਿਚ, ਹੁਸਨ ਦਾ ਗਲੈਮਰ ਦੇਖ ਕੇ
ਸਭ ਦਾ, ਮੁੜ ਜੰਮਣ ਨੂੰ ਜੀਅ ਕਰਦਾ ਹੈ

ਬੁਢਾਪੇ ਵਿਚ, ਇਸ਼ਕ ਮੁਹੱਬਤ ਦੀ ਆਸ ਵੀ
ਕਿੱਕਰਾਂ ਤੋਂ, ਖਜੂਰਾਂ ਭਾਲਣ ਵਾਲੀ ਗੱਲ ਹੈ।
ਮੰਨੋਂ ਭਾਵੇਂ ਨਾ ਮੰਨੋ

ਬੁਢਾਪੇ ਵਿਚ, ਮੁਰਮੁਰੇ ਚੱਬ ਨਹੀਂ ਹੁੰਦੇ
ਤੇ ਖਿੱਲਾਂ, ਮੂੰਹ ਵਿਚੋਂ ਕਿਰਦੀਆਂ ਹਨ

ਬੁਢਾਪਾ ਸਦਾ ਹੀ, ਕੰਡਿਆਲਾ ਹੁੰਦਾ ਹੈ
ਇਸ ਸਮੇਂ, ਸਭ ਰੰਗ ਸਫੈਦ ਹੋ ਜਾਂਦੇ ਹਨ
ਸਤਰੰਗੀਆਂ ਪੀਂਘਾਂ ਨਹੀਂ ਚੜ੍ਹਦੀਆਂ

ਬੁਢਾਪਾ, ਮੱਧਮ ਤੋਰੇ ਰੀਂਗ ਰਹੇ
ਸੰਘਣੇ ਹਨੇਰੇ ਵਿਚ, ਡੁੱਬ ਰਿਹਾ ਉਜਾਲਾ ਹੈ

ਬੁਢਾਪਾ ਮੌਤ ਦੀ ਉਡੀਕ ਵਿਚ
ਇਕ ਸੂਰਜ ਦੇ ਅੰਤਮ ਪੜਾਅ 'ਤੇ
ਹੌਲ਼ੀ ਹੌਲ਼ੀ..... ਸਦਾ ਲਈ.....
ਅਸਤ ਹੋ ਜਾਣ ਦੀ ਕਹਾਣੀ ਹੈ

ਬੁਢਾਪੇ ਵਿਚ ਸਮਾਂ, ਤੁਰਦਾ ਨਹੀਂ
ਆਪਣੇ ਆਪ ਵਿਚ ਖੜੋ ਜਾਂਦਾ ਹੈ....!!

## ਪਹਾੜ ਤੇ ਸਮੁੰਦਰ ਨਾਲ ਜੁੜਿਆ ਦਰਿਆ

ਮੇਰੀ ਨਜ਼ਰ ਸਦਾ ਹੀ
ਆਕਾਸ਼ 'ਤੇ ਰਹੀ
ਪਰ ਉਡਾਣ ਮੈਂ, ਸਦਾ ਹੀ
ਆਪਣੇ ਅੰਦਰ ਵੱਲ ਭਰਦਾ ਰਿਹਾ ਹਾਂ!

ਆਪਣੇ ਆਪ ਨੂੰ ਸਮਝਣ ਦੇ ਲਈ
ਆਪਣੇ ਆਪ ਨਾਲ ਲੜਦਾ ਰਿਹਾ ਹਾਂ!

ਮੀਂਹ ਸਦਾ ਬਾਹਰ ਵੱਲ ਨਹੀਂ
ਅੰਦਰ ਵੱਲ ਵੀ ਪੈਂਦਾ ਹੈ
ਹਰ ਆਉਣ ਵਾਲਾ ਪਲ
ਬੀਤ ਰਹੇ ਪਲ ਨਾਲ ਖਹਿੰਦਾ ਹੈ!

ਜਦੋਂ ਪੱਥਰ ਟੁੱਟਦੇ ਹਨ
ਮੈਂ ਵੀ ਟੁੱਟਦਾ ਹਾਂ
ਦੁਫਾੜ ਨਜ਼ਰ
ਦਿਸ਼ਾਵਾਂ ਦਾ ਕਲੇਸ਼
ਜੋ ਪੈਰ ਪੁੱਟਦਾ ਹਾਂ

ਅੰਦਰ ਵੱਲ ਹੀ ਢੁੱਕਦਾ ਹੈ!

ਗੁਰੂ ਨਾਨਕ, ਬੁੱਧ, ਈਸਾ ਸਦਾ
ਬਾਹਰ ਵੱਲ ਭਟਕਦੇ ਹੋਏ ਵੀ
ਅੰਦਰ ਵੱਲ ਮੁੜਦੇ ਰਹੇ!
ਮਨ ਬੜਾ ਮੌਜੀ ਹੈ
ਸੋਚ ਤੇ ਦਰਸ਼ਨ ਦੇ ਮੇਲੇ
ਏਸ ਥਾਂ ਜੁੜਦੇ ਰਹੇ!

ਮਨੁੱਖ ਦੀ ਭਟਕਣ ਤਾਂ
ਖਿਆਲ ਦੀ ਭਟਕਣ ਹੈ
ਸਮਾਧੀ ਤੇ ਇਕਾਗਰਤਾ 'ਚੋਂ ਹੀ
ਦਿਸ਼ਾ ਤੇ ਦਸ਼ਾ ਬਦਲਦੀ ਹੈ

ਕਲਪਨਾ ਤੇ ਤਰਕ 'ਚੋਂ ਹੀ
ਨਵੇਂ ਢੰਗ, ਨਵੇਂ ਰੰਗ
ਨਵੇਂ ਸਵੇਰੇ ਚੜ੍ਹਦੇ ਰਹੇ
ਕੁਝ ਨਾ ਫੜ ਕੇ ਵੀ ਅਸੀਂ
ਸਭ ਕੁਝ ਫੜਦੇ ਰਹੇ
ਆਪੇ ਦੀ ਢਲਵਾਨ 'ਤੇ ਢਲ਼ਦੇ
ਆਪੇ ਦੀ ਉੱਚਾਣ 'ਤੇ ਚੜ੍ਹਦੇ ਰਹੇ
ਆਪੇ ਦੇ ਅਸਮਾਨ 'ਤੇ ਆਪ ਹੀ ਪੰਛੀ
ਨਿੱਤ ਨਵੀਂ ਦਿਸ਼ਾ ਬਣਦੇ
ਉਡਾਣ ਵੀ ਭਰਦੇ ਰਹੇ

ਸਾਡਾ ਦਰਿਆ ਅਜੇ ਵੀ
ਪਹਾੜ ਦੇ ਨਾਲ ਜੁੜਿਆ
ਤੇ ਸਮੁੰਦਰ ਵੀ ਭਰਦੇ ਰਹੇ। 000

## ਕਿਵਾੜ ਬੰਦ ਕਰ ਕੇ

ਕਿਵਾੜ ਬੰਦ ਕਰ ਕੇ
ਉਹ ਸੋਚਦਾ ਹੈ
ਕਿ ਦੁਨੀਆਂ ਨਾਲੋਂ ਟੁੱਟ ਗਿਆ ਹੈ
ਉਸਦੇ ਸਾਰੇ ਕਸ਼ਟ ਕੱਟੇ ਗਏ ਹਨ

ਕਿਵਾੜ ਬੰਦ ਕੀਤਿਆਂ
ਨਾ ਜ਼ਿੰਦਗੀ ਨਾਲੋਂ ਟੁੱਟ ਹੁੰਦਾ ਹੈ



i

ਨਾ ਹੀ ਕਸ਼ਟ ਕੱਟੇ ਜਾਂਦੇ ਹਨ

ਹਵਾ ਤੇ ਦਰਿਆ
ਉਵੇਂ ਹੀ ਵਗਦੇ ਰਹਿੰਦੇ ਹਨ
ਸੂਰਜ ਚੰਦ, ਸਿਤਾਰੇ
ਪਰਬਤ, ਅਕਾਸ਼, ਸਾਗਰ ਸਭ
ਆਪੋ ਆਪਣੇ ਵਜੂਦ ਵਿਚ ਰਹਿੰਦੇ ਹਨ

ਘਟਾਵਾਂ ਚੜ੍ਹਦੀਆਂ
ਬਿਜਲੀਆਂ ਲਿਸ਼ਕਦੀਆਂ
ਭੁਚਾਲ, ਸੁਨਾਮੀਆਂ ਤੇ ਦਾਵਾਨਲ ਸਭ
ਏਥੇ ਹੀ ਰਹਿੰਦੇ ਹਨ
ਆਪੋ ਆਪਣੇ ਰੰਗ
ਆਪੋ ਆਪਣੇ ਰੂਪ ਵਿਚ

ਕਿਵਾੜ ਬੰਦ ਕੀਤਿਆਂ
ਯੁੱਧ ਆਰੰਭ ਹੁੰਦਾ ਹੈ
ਆਪਣੇ ਆਪ ਨਾਲ
ਮੈਂ ਤੇ ਮੈਂ ਦਾ
ਪਿੰਡ ਤੇ ਬ੍ਰਹਿਮੰਡ ਦਾ
ਸੰਵਾਦ ਸ਼ੁਰੂ ਹੁੰਦਾ ਹੈ

ਮਨ ਵਿਚ ਡੂੰਘੀਆਂ ਚੁੱਭੀਆਂ ਲੱਗਦੀਆਂ
ਮਨਬਚਨੀਆਂ ਦੀ ਰੁੱਤ ਆਉਂਦੀ ਹੈ
ਕਿਵਾੜ ਬੰਦ ਕਰ ਕੇ ਹੀ ਕੋਈ
ਗੌਤਮ ਤੋਂ ਬੁੱਧ ਬਣਦਾ
ਤੇ ਮੁੜ ਜ਼ਿੰਦਗੀ ਵੱਲਾਂ ਪਰਤਦਾ ਹੈ!!!

ਕਿਵਾੜ ਬੰਦ ਕਰ ਕੇ ਹੀ 000

## ਮਖੌਟਿਆਂ ਵਾਲੀ ਕੁੜੀ

ਆਪਣਾ ਟਾਪੂ ਨਾਲ ਉਠਾ ਕੇ
ਕਦੇ ਕਦੇ ਉਹ ਆ ਜਾਂਦੀ ਹੈ

ਇਕ ਟਾਪੂ ਦੀ ਵਿੱਥ ਤੋਂ ਬੋਲੇ
ਪਰ ਉਹ ਭੇਦ ਕਦੇ ਨਾ ਖੋਲ੍ਹੇ

ਟਾਪੂ ਵਾਲੀ ਏਸ ਕੁੜੀ ਦਾ
ਫਿਰ ਵੀ ਸਾਥ ਸੁਹਾਵਾ, ਭਾਵੇ
ਜੀਅ ਕਰਦਾ ਉਹ ਮੁੜ ਮੁੜ ਆਵੇ

ਸੋਚ ਦੇ ਜੰਗਲ਼?
ਚਿੰਤਾਵਾਂ ਦੇ ਉਲ਼ਝੇ ਤਾਣੇ?
ਘੋਰ ਉਦਾਸੀ?

ਸਾਗਰ ਜੇਡੀ ਚੁੱਪ 'ਚੋਂ, ਮਾਰ ਠਹਾਕਾ
ਅੰਬਰ ਜੇਡਾ ਹਾਸਾ ਹੱਸੇ

ਕਿੰਨਾ ਚੱਜ, ਹੁਨਰ ਹੈ ਉਸ ਵਿਚ

ਸਹਿਜ ਸੁਭਾ ਹੀ
ਸਭ ਮਖੌਟੇ ਬਦਲੀ ਜਾਵੇ
ਮਹਿਕ ਵਾਂਗਰਾਂ
ਪਉਣਾਂ ਵਿਚੋਂ
ਹੱਥ ਨਾ ਆਵੇ

ਰੰਗਮੰਚ ਦੀ ਧੁਨੀ, ਰੌਸ਼ਨੀ
ਚੁੱਪ 'ਚੋਂ ਵੀ ਮੁਸਕਾਨ ਦਿਖਾਵੇ
ਪਾਵੇ ਦੇ ਨਾਲ ਕਾਲ਼ ਬੰਨ੍ਹ ਕੇ
ਨਾਟਕ ਦੇ ਸਭ ਰੰਗ ਦਿਖਲਾਵੇ

ਉਸਦੇ ਮੌਨ 'ਚ ਕਈ ਕਵਿਤਾਵਾਂ
ਜੰਗਲ਼ ਵਾਂਗੂੰ ਕੱਲੀਆਂ ਕੱਲੀਆਂ
ਸਾਗਰ ਦੇ ਵਿਚ ਟਾਪੂਆਂ ਵਾਂਗੂੰ
ਕੱਲੀਆਂ ਕੱਲੀਆਂ
ਕੱਠੀਆਂ ਕੱਠੀਆਂ!!!

ਜ਼ਿੰਦਗੀ ਵਰਗੀ ਏਸ ਕੁੜੀ ਦਾ
ਫਿਰ ਵੀ ਸਾਥ ਸੁਹਾਵਾ, ਭਾਵੇ
ਆਪਣੇ ਸਭ ਮਖੌਟੇ ਲੈ ਕੇ
ਜੀਅ ਕਰਦਾ ਉਹ ਮੁੜ ਮੁੜ ਆਵੇ। 000

*(116-3530, Kalum Street, Terrace, B.C. CANADA V8G 2P2*
*Phone: +1-250-635-4455 Email: ravinderravi137@gmail.com)*

# ਗੁਰਨਾਮ ਢਿੱਲੋਂ: ਛੇ ਕਵਿਤਾਵਾਂ

## ਚਾਨਣ ਦੇ ਹਥਿਆਰ

ਮਹਿਖਾਸੁਰਾਂ ਦੀ ਜਾਈ
ਚੁੜੇਲ ਰਾਤ
ਲੁੱਕ ਦੇ ਵਸਤਰ ਪਹਿਨ ਕੇ ਆਈ
ਚੌਗਿਰਦਾ, ਵਾਤਾਵਰਣ, ਇਹ ਦੁਨੀਆਂ
ਇਕ ਅੰਧ-ਕੋਠੜੀ ਬਣੀ
ਧੂੰਏਂ, ਧੁੰਦ, ਧੁਆਂਖ ਤੇ ਕਾਲਖ ਦਾ ਪਹਿਰਾ
ਨਾ ਕੋਈ ਦਰਵਾਜ਼ਾ ਨਾ ਖਿੜਕੀ
ਨਾ ਕੋਈ ਰੋਸ਼ਨਦਾਨ
ਬੱਸ ਨਿਰਾ ਇਕ ਮਰਗਸਤਾਨ

ਐਪਰ ਯਾਰੋ!
ਹੈ ਇਹ ਵੀ ਧੜਕਦੀ ਜ਼ਿੰਦਗਾਨੀ ਦੀ ਸੱਚਾਈ
ਅੰਧ-ਕੋਠੜੀ ਦੀ ਕੁੱਖ ਵਿਚੋਂ
ਸੂਰਜ ਜਨਮੇ, ਪਲ਼ੇ ਤੇ ਜਵਾਨ ਥੀਵੇ
ਲਟ ਲਟ ਲਪਟਾਂ ਛੱਡੇ
ਹਨੇਰਾ, ਅੰਦਰੋਂ ਬਾਹਰ ਕੱਢੇ
ਗਲ਼ੀ ਗਲ਼ੀ ਖੁਸ਼ੀਆਂ ਵੰਡੇ
ਬਾਗ਼ਾਂ ਦੇ ਵਿਚ ਤਿਤਲੀਆਂ ਨੱਚਣ
ਭੌਰੇ ਗਾਉਣ
ਦਰਖਤ ਹੇਕ ਨਾਲ ਹੇਕ ਮਿਲਾਉਣ
ਪੰਛੀ ਸਾਜ਼ ਵਜਾਉਣ

ਕਿਉਂ ਨਾ ਯਾਰੋ!
ਰੌਸ਼ਨੀ ਦੇ ਇਸ ਉਤਸਵ ਦੀ ਰਾਖੀ ਖਾਤਰ
ਇਰਾਦੇ ਫੌਲਾਦ ਬਣਾ ਕੇ ਰੱਖੀਏ
ਚਾਨਣ ਦੇ ਹਥਿਆਰ ਬਚਾ ਕੇ ਰੱਖੀਏ 00

## ਡੀਰੇਲ ਹੋ ਜਾਣਾ

ਮੇਰੇ ਦੋਵੇਂ ਹੱਥ ਖੰਭਿਆਂ ਵਾਂਗ ਖੜ੍ਹੇ ਹਨ
ਦੋਹਾਂ ਪੈਰਾਂ ਦੀ ਰੇਲ ਦਾ ਚੱਕਾ ਜਾਮ ਹੈ
ਚੁਫੇਰਗੜ੍ਹੀਆ ਕਿਰਦਾਰ ਨਿਭਾਇਆ ਨਹੀਂ ਜਾਂਦਾ
ਕਈਆਂ ਚਾਟੀਆਂ ਵਿਚ ਮੂੰਹ ਪਾਇਆ ਨਹੀਂ ਜਾਂਦਾ

ਸੰਵਾਦ ਦੀ ਮਹਿਫਲ ਸਜਾਉਣਾ
ਸਿੱਖਣਾ ਸਿਖਾਉਣਾ
ਮਨ ਨੂੰ ਬਹਾਰ ਨਾਲ ਸਿਉਂ ਦਿੰਦਾ ਹੈ
ਅਕਲ ਦੀ ਟੁੱਟੀ ਲੜੀ ਸਿਉਂ ਦਿੰਦਾ ਹੈ

ਤਾਜ ਤਖਤ ਦੀ ਸਿਖਰਲੀ ਸ਼ਾਨ ਦੀ ਥਾਂ ਮੱਲਣ ਲਈ
ਸੁਨਿਸਚਤ ਮੰਜ਼ਲ ਨੂੰ ਅਲਵਿਦਾ ਕਹਿਣਾ
ਡੀਰੇਲ ਹੋ ਜਾਣਾ
ਰੂਹ ਨੂੰ ਰਹਿ ਰਹਿ ਤੜਪਾਉਂਦਾ ਹੈ
ਸੋਚਾਂ, ਦੀ ਲੜੀ ਵਿਚ ਖਲਲ ਪਾਉਂਦਾ ਹੈ
ਰਾਤਾਂ ਦੀ ਨੀਂਦਰ ਗੁਆਉਂਦਾ ਹੈ

ਲਹਿਲਹਾਉਂਦੇ ਸੰਦਲੀ, ਸੰਧੂਰੀ ਅਨਾਰ ਦੇ ਬੂਟੇ ਨੂੰ ਨਿੰਦ ਕੇ
ਇਕ ਦਮ ਉਡਾਰੀ ਮਾਰ
ਖੜਸੁੱਕ ਕਿੱਕਰ ਦੀ ਟੀਸੀ ਉੱਤੇ ਬੈਠਾ ਕਊਆ
"ਕਾਂ...ਕਾਂ...ਕਾਂ...
ਸਭ ਤੋਂ ਉੱਚੀ ਥਾਂ"
ਅਸਮਾਨ ਸਿਰ ਉੱਤੇ ਚੁੱਕ ਲੈਂਦਾ ਹੈ
ਐਪਰ ਨਾਮੁਰਾਦ ਪੰਛੀ ਜਾਣਦਾ ਨਹੀਂ
ਕਿ ਗੁਲੇਲੇ ਨੇ ਕਿਹੜੇ ਪਾਸਿਉਂ ਸਿੱਧੇ ਤੀਰ ਵਾਂਡੂੰ
ਆਣ ਫੁੰਡਣਾ ਹੈ!

ਡੀਰੇਲ ਹੋ ਜਾਣਾ
ਜਿਉਂਦੇ ਜੀਅ ਕਬਰਾਂ ਵਿਚ ਦਫਨ ਹੋ ਜਾਣ ਬਰਾਬਰ ਹੈ! 00

## ਮਿੱਟੀ

ਕਿਸ ਮਿੱਟੀ ਦੀ ਕੁੱਖ ਵਿਚੋਂ ਉਪਜੇ ਸਨ ਉਹ ਯੋਧੇ!
ਜਿਹੜੇ ਕਾਲ-ਕੋਠੜੀਆਂ 'ਚ ਨਜ਼ਰਬੰਦ
ਲੋਹੇ ਦੇ ਸੰਗਲ਼ਾਂ ਵਿਚ ਜਕੜੇ ਵੀ
ਸੂਰਜ ਨਾਲ ਗੁਫਤਗੂ ਕਰਦੇ ਰਹੇ
ਚੰਦ ਤਾਰਿਆਂ ਦੀ ਮਹਿਫਲ ਮਾਣਦੇ ਰਹੇ
ਪਉਣਾਂ ਨਾਲ ਸੰਵਾਦ ਰਚਾਉਂਦੇ ਰਹੇ
ਪੰਛੀਆਂ ਦੀ ਰਾਗਣੀ ਵਿਚ ਰਸ ਭਰਦੇ ਰਹੇ
ਇਨਕਲਾਬੀ ਤਰਾਨੇ ਗੁਣਗੁਣਾਉਂਦੇ ਰਹੇ
ਕਹਿਕਸ਼ਾਂ ਦੇ ਹਾਣੀ, ਰੰਗੀਨ ਸੁਪਨੇ ਬੁਣਦੇ ਰਹੇ
ਮਹਿਬੂਬ ਦੀ ਜ਼ੁਲਫ ਸੁਆਰਦੇ ਰਹੇ
ਬੱਚਿਆਂ ਦੇ ਤੋਤਲੇ ਬੋਲ ਸੁਣਦੇ ਰਹੇ

ਕਿਸ ਮਿੱਟੀ ਨੇ ਸਿਰਜੇ ਸਨ ਉਹ ਸੰਗਰਾਮੀ!
ਇਰਾਦਿਆਂ ਦੇ ਵਿਮਾਨਾਂ ਉੱਤੇ ਅਸਵਾਰ ਹੋ
ਮਨੁੱਖ ਦੀ ਆਜ਼ਾਦੀ ਦਾ ਪਰਚਮ ਲਹਿਰਾਉਂਦੇ ਰਹੇ
ਮਕਤਲ ਵੱਲ ਜਾਂਦੇ ਬੇਪਰਵਾਹ, ਪੂਰੇ ਜੋਸ਼ ਵਿਚ
ਬਹਾਰਾਂ ਦੇ ਗੀਤ ਗਾਉਂਦੇ ਰਹੇ
ਭਵਿੱਖ ਦੇ ਬੇਦੀ ਉੱਤੇ
ਦਿਲ-ਜਾਨ ਦੀ ਆਹੂਤੀ ਚੜ੍ਹਾਉਂਦੇ ਰਹੇ

ਕਿਸ ਮਿੱਟੀ ਦੇ ਬਣੇ ਹਨ ਅੱਜ ਦੇ ਰਾਹਬਰ!
ਅੱਠੇ ਪਹਿਰ ਕੁਫਰ ਦੇ ਘੋੜੇ ਦੌੜਾਉਂਦੇ ਹਨ
ਵਿਕਾਸ ਦੇ ਰੁੱਖਾਂ ਦੀਆਂ ਨਰਮ ਟਹਿਣੀਆਂ ਸੰਗ
ਭ੍ਰਿਸ਼ਟਾਚਾਰ ਦੀਆਂ ਪੀਂਘਾਂ ਪਾਉਂਦੇ ਹਨ
ਸਿੰਘਾਸਣ ਉੱਤੇ ਸਜੇ ਬੈਠੇ
ਠੂੰਹੇਂ, ਬਿੱਛੂ, ਸਪੋਲ਼ੀਏ ਅਤੇ ਫਨੀਅਰ ਨਾਗ ਬਣ
ਪਉਣਾਂ ਨੂੰ ਡੰਗਦੇ ਹਨ
ਆਪਣੀ ਰਿਆਇਆ ਦੇ ਦਿਲਾਂ ਨੂੰ ਭੁੰਨ ਭੁੰਨ ਕੇ ਖਾਣ ਲਈ
ਗੁੱਝੀਆਂ ਅਛੋਪ ਚਾਲਾਂ ਦੀ ਸਵਾਰੀ ਕਰ ਕੇ
ਆਪਸ ਵਿਚ ਲੜਾਉਂਦੇ ਹਨ 00

## ਈਰਖਾ

ਐ ਨੰਨ੍ਹੇ ਪਿਆਰੇ ਜਿਹੇ ਪੰਛੀ
ਏਨਾ ਉੱਚਾ ਉੱਡਿਆ ਨਾ ਕਰ

ਕਾਲ਼ੇ ਬੱਦਲ਼ਾਂ ਦੇ ਰੁੱਖਾਂ ਨੂੰ
ਡਰ ਦੇ ਫੁੱਲ, ਫਲ਼ ਲੱਗ ਜਾਂਦੇ ਹਨ
ਉਨ੍ਹਾਂ ਦੇ ਬੁਲ੍ਹ ਮਾਰੂਥਲ ਜਿਉਂ ਸੁੱਕ ਜਾਂਦੇ ਹਨ
ਅਤੇ ਜੀਭ ਤਾਲੂ ਨੂੰ ਇਕ ਦਮ ਜਾ ਲੱਗਦੀ ਹੈ
ਉਹ ਰਾਤਾਂ ਨੂੰ ਸੌਂ ਨਹੀਂ ਸਕਦੇ
ਉਹ ਕੁਝ ਵੀ ਖਾ, ਪੀ ਨਹੀਂ ਸਕਦੇ
ਉਨ੍ਹਾਂ ਨੂੰ ਕਾਂਬਾ ਛਿੜ ਜਾਵੇ
ਕਿ ਤੂੰ ਇਕ ਦਿਨ
ਉਨ੍ਹਾਂ ਦੇ ਸਿਰ ਦੀ ਸ਼ਾਖਾ 'ਤੇ
ਆਪਣਾ ਆਲ੍ਹਣਾ ਪਾ ਲੈਣਾ ਹੈ
ਉਹ ਹਨ ਨਿੱਤ ਸਾਜ਼ਸ਼ਾਂ ਘੜਦੇ
ਬਿਜਲੀ ਇੰਝ ਗਿਰਾਈਏ
ਤੇਰੇ ਸੱਜਰੇ ਆਲ੍ਹਣੇ ਤਾਈਂ
ਯਕਦਮ ਰਾਖ ਬਣਾਈਏ

ਤੇਰੀ ਹਸਤੀ ਹੋਂਦ ਮਿਟਾਈਏ

ਐ ਨੰਨ੍ਹੇ ਪਿਆਰੇ ਜਿਹੇ ਪੰਛੀ
ਏਨਾ ਉੱਚਾ ਉੱਡਿਆ ਨਾ ਕਰ 00

## ਖ਼ੂਨ ਦੇ ਦਾਗ਼

ਕੀ ਕਹਿੰਦੇ ਹੋ?
"ਅਸੀਂ ਨਵਾਂ ਇਤਿਹਾਸ ਸਿਰਜਣਾ ਚਾਹੁੰਦੇ ਹਾਂ"

ਹੱਦ ਕਰਦੇ ਹੋ!
ਕੁਫਰ ਨਾਲੋਂ ਵੀ
ਦਸ ਗੁਣਾਂ ਗੱਲ ਵੱਧ ਕਰਦੇ ਹੋ
ਤਵਾਰੀਖ ਦਾ ਪਹੀਆ ਪੁੱਠਾ ਗੇੜ ਰਹੇ ਹੋ!
ਹੱਕ, ਨਿਆਂ ਦੇ ਸਾਰੇ ਬੂਹੇ ਭੇੜ ਰਹੇ ਹੋ!!

ਭਾਵੇਂ ਜਾ ਕੇ ਗੰਗਾ ਨ੍ਹਾਓ
ਸੂਰਜ ਤਾਈਂ ਅਰਘ ਚੜ੍ਹਾਓ
ਮਥਰਾ, ਕਾਂਸੀ ਤੀਰਥ ਜਾਓ
ਜੋਗੀਆਂ ਵਾਲਾ ਰੂਪ ਵਟਾਓ
ਕੰਨਾਂ ਦੇ ਵਿਚ ਕੁੰਡਲ ਪਾਓ
ਮੂਰਤੀਆਂ ਨੂੰ, ਦੁੱਧ ਨਾਲ ਇਸ਼ਨਾਨ ਕਰਾਓ
ਕਰੋ ਅਰਚਨਾ, ਪੂਜਾ
ਉੱਚੀ ਟੱਲ ਖੜਕਾਓ, ਸੰਖ ਵਜਾਓ
ਹਨੂਮਾਨ ਚਾਲੀਸਾ ਗਾਓ
ਐਪਰ ਦਿਲ 'ਚੋਂ ਨਫਰਤ, ਵੈਰ ਦੇ ਨਾਲ ਲਬੇੜੀ
ਆਪਣੀ ਮੈਲ਼ੀ ਚਾਦਰ ਧੋ ਕੇ
ਇਸ ਧਰਤੀ ਦੀ ਬਹੁ-ਉਪਜਾਊ ਵੱਤਰ ਭੋਂ ਵਿਚ
ਪਿਆਰ, ਸਾਂਝ ਦੇ ਜਗਮਗ ਕਰਦੇ ਜੁਗਨੂਆਂ ਵਰਗੇ
ਬੀਜ ਤੁਹਾਥੋਂ ਬੋਅ ਨਹੀਂ ਹੋਣੇ
ਤਵਾਰੀਖ ਦੀਆਂ ਸੁੰਦਰ ਸੁਹੰਦੀਆਂ ਸੜਕਾਂ ਉਪਰ
ਨਿਰਦੋਸ਼ਾਂ ਦੇ ਡੁਲ੍ਹੇ ਸੱਜਰੇ
ਗਰਮ ਖ਼ੂਨ ਦੇ ਗਹਿਰੇ ਪੱਕੇ ਦਾਗ ਕਦੀ ਵੀ
ਧੋ ਨਹੀਂ ਹੋਣੇ 00

## ਜ਼ਿੱਦੀ ਆਸ਼ਕ

ਕਿੰਨਾ ਜ਼ਿੱਦੀ ਆਸ਼ਕ ਹੈ ਸੂਰਜ!
ਇਕ ਟੱਕ ਧਰਤੀ ਦਾ ਹੁਸਨ ਨਿਹਾਰਦਾ ਹੈ

ਕਿੰਨੀ ਦੀਵਾਨੀ ਮਾਸ਼ੂਕ ਹੈ ਧਰਤੀ
ਨਿਰੰਤਰ ਉਹਦੇ ਵਜੂਦ ਦੀ ਪਰਿਕਰਮਾ ਕਰਦੀ ਰਹਿੰਦੀ ਹੈ

ਬੱਦਲ਼ ਨਿੱਤ ਹੀ
ਘਟਾਵਾਂ ਦੀ ਦੋਹਰੀ, ਸੰਘਣੀ ਕਾਲ਼ੀ ਚਾਦਰ ਤਾਣ
ਸੂਰਜ ਦੇ ਮੁੱਖੜੇ ਨੂੰ ਅਲੋਪ ਕਰ ਦਿੰਦੇ ਹਨ
ਫਿਰ ਹੁਕਮ ਦੇ ਤੀਰ ਚਲਾਉਂਦੇ ਹਨ:
"ਜਾ!, ਜਾ!! ਤੂੰ ਵਾਪਸ ਆਪਣੇ ਘਰ ਨੂੰ ਪਰਤ ਜਾ
ਕੋਈ ਸੁੰਦਰ ਸੇਜ ਹੰਢਾ"
ਹਨੇਰੇ ਦੀ ਸਲਤਨਤ ਸਥਾਪਤ ਕਰ ਲੈਂਦੇ ਹਨ
ਮੁੱਛਾਂ ਨੂੰ ਵੱਟ ਦਿੰਦੇ ਹਨ
ਖੰਘੂਰੇ, ਚਾਂਗਰਾਂ ਮਾਰਦੇ, ਮੱਘੇ ਕੱਢਦੇ ਹਨ
ਬਿਜਲੀ ਬਣ ਕੜਕਦੇ, ਸ਼ੇਰ ਬਣ ਦਹਾੜਦੇ ਹਨ
ਉਹਦਾ ਦਿਲ ਦਹਿਲਾਉਂਦੇ ਹਨ
ਦਹਿਸ਼ਤ ਪਾਉਂਦੇ ਹਨ

ਕਿੰਨਾ ਜ਼ਿੱਦੀ ਆਸ਼ਕ ਹੈ ਸੂਰਜ!
ਕੁਲ ਪਰਦੇ ਲੀਰੋ ਲੀਰ ਕਰ
ਅਸਮਾਨ ਉੱਤੇ ਵਾਰ ਵਾਰ ਆ ਨਮੂਦਾਰ ਹੁੰਦਾ ਹੈ
ਧਰਤੀ ਦੇ ਮੁਖੜੇ ਨੂੰ ਨੂਰ ਬਖਸ਼ਦਾ ਹੈ
ਕਣ ਕਣ ਦਾ ਚਿਹਰਾ ਰੁਸ਼ਨਾਉਂਦਾ ਹੈ
ਬਨਸਪਤੀ ਦੀ ਮਾਂਗ ਵਿਚ ਸੰਧੂਰ ਭਰਦਾ ਹੈ
ਫਜ਼ਾ ਸਾਜ਼ ਵਜਾਉਂਦੀ ਹੈ
ਨਜ਼ਾਰੇ ਗੀਤ ਗਾਉਂਦੇ ਹਨ
ਰੁੱਖ ਕਵਿਤਾ ਰਚਦੇ ਹਨ
ਨਦੀ ਗ਼ਜ਼ਲ ਸਿਰਜਦੀ ਹੈ

ਹਰਿਆਲੀ ਵਿਚ ਜਾਨ ਪਾਉਂਦਾ ਹੈ
ਕੁਲ ਸ੍ਰਿਸ਼ਟੀ, ਬ੍ਰਹਿਮੰਡ ਦਾ ਸਿਲਸਿਲਾ
ਕਾਰੋਬਾਰ ਚਲਾਉਂਦਾ ਹੈ
ਘੋਰ ਅੰਧਕਾਰ ਨੂੰ
ਕੋਸੀਆਂ ਕਿਰਨਾਂ ਦੇ ਸਾਗਰ ਵਿਚ ਨਹਾਉਂਦਾ ਹੈ
ਧਰਤੀ ਦਾ ਬਦਨ ਮਹਿਕਾਉਂਦਾ ਹੈ

ਕਿੰਨਾ ਜ਼ਿੱਦੀ ਆਸ਼ਕ ਹੈ ਸੂਰਜ 000

***(Email: gdhillon4@hotmail.com***
***Phone: +44 23 9259 7990)***

## ਟੱਪੇ: ਸੰਦੀਪ ਜਸਵਾਲ

0 ਕੀ ਖੱਟਿਆ ਰੋਹੀਆਂ 'ਚ ਉੱਗ ਕੇ
ਮੇਪਲ ਕੋਲੋਂ ਬੋਹੜ ਪੁੱਛਦਾ
ਪੰਛੀ ਪਰਤੇ ਨੀ ਚੋਗ ਚੁਗ ਕੇ

0 ਲਿਖੀ ਮਿਟਦੀ ਨਾ ਲੇਖਾਂ ਦੀ
ਜਹਾਜ਼ ਦੇ ਨਾਲ ਉੱਡਗੀ
ਮਿੱਟੀ ਨਿਆਈਂ ਵਾਲੇ ਖੇਤਾਂ ਦੀ

0 ਜਹਾਜ਼ ਉੱਡਦਾ ਅਸਮਾਨਾਂ 'ਤੇ
ਏਥੇ ਹੁਣ ਕੁਝ ਨਹੀਂ ਰਿਹਾ
ਗੱਲ ਇਕ ਹੀ ਜ਼ੁਬਾਨਾਂ 'ਤੇ

0 ਪੱਲੇ ਭੱਖੜੇ ਨਾਲ ਸਾਡੇ ਖਹਿ ਗਏ
ਖੰਭਾਂ ਥੱਲਿਉਂ ਬੋਟ ਉੱਡ ਗੇ
ਅਸੀਂ ਆਲ੍ਹਣੇ ਬਣਾਉਂਦੇ ਰਹਿ ਗਏ

0 ਉੱਨ ਵਿਕਦੀ ਏ ਭੇਡਾਂ ਦੀ
ਦਹਾਜੂ ਦੇ ਲੜ ਲਾ 'ਤੀ
ਇੱਛਾ ਪੂਰਨੀ ਕਨੇਡਾ ਦੀ

0 ਕੋਇਲਾਂ ਉੱਡ ਪਰਦੇਸ ਗਈਆਂ
ਅੰਬਾਂ ਕੋਲ਼ੋਂ ਪੁੱਛੇ ਜਾਮਣੂੰ
ਉਹ ਕਿਹੜੇ ਦੇਸ ਗਈਆਂ

0 ਵਿਹੜੇ ਜੇਹੀ ਛਾਂ ਨਾ ਮਿਲੀ
ਸਮੁੰਦਰੋਂ ਪਾਰ ਜਾ ਵਸੇ
ਮੁੜ ਮੁੜਨੇ ਦੀ ਰਾਹ ਨਾ ਰਹੀ

0 ਹਾਇ! ਸੁੱਕ ਚੱਲੇ ਪੱਤੇ ਹਰੇ
ਮਾਈਨਸ ਜ਼ੀਰੋ ਠੰਢ ਸਹਿ ਗਏ
ਜਿਹੜੇ ਭਾਦੋਂ 'ਚ ਸਾਧ ਸੀ ਬਣੇ

0 ਆਈਲੈਟਸ ਵਾਲੀ ਪੀਂਘ ਚੜ੍ਹੀ
ਤੀਆਂ ਦਾ ਬਰੋਟਾ ਦੱਸਦਾ
ਮੁੜ ਪਿੰਡ ਵਾਲੀ ਜੂਹ ਨਾ ਵੜੀ

0 ਸੁਫਨਾ ਆਇਆ ਚੰਦਰਾ ਏ
ਢੱਠੇ ਹੋਏ ਘਰ ਦੇ ਉੱਤੇ
ਸੋਨੇ ਦਾ ਜੰਦਰਾ ਏ

0 ਅੱਟੀਆਂ ਨੇ ਸੂਤ ਦੀਆਂ
ਲੇਖਾਂ ਅੱਗੇ ਹਾਰ ਗਈਆ
ਅਸੀਂ ਸੋਹਣੀਆਂ ਰੂਪ ਦੀਆਂ

0 ਮਿੱਟੀ ਕੱਚਿਆਂ ਰਾਹਾਂ ਦੀ
ਹੱਟੀਆਂ 'ਤੇ ਪਾਣੀ ਵਿਕਦਾ
ਧਰਤੀ ਪੰਜ ਦਰਿਆਵਾਂ ਦੀ

0 ਮਾਂ ਬੋਲੀ ਦੇ ਭਾਗ ਕੇਹੇ
ਬਸਤਿਉਂ ਕੱਢਿਆ ਕੈਦਾ ਪੁੱਛਦਾ
ਕਿੱਥੇ ਪੜ੍ਹਨ ਜਵਾਕ ਗਏ

0 ਹੰਝੂ ਪੂੰਝੇ ਕੌਣ ਰੋਂਦੀ ਦੇ
ਤਾਲੂਏ ਤੋਂ ਵਾਲ਼ ਘਸਗੇ
ਗੋਹਾ ਸਿਰ 'ਤੇ ਢੋਂਦੀ ਦੇ

0 ਚਿੱਟਾ ਰੂੰ ਦਾ ਗੋਹੜਾ ਏ
ਸਾਡੇ ਵਿਹੜੇ ਛਾਂ ਨਾ ਤੇਰੀ
ਫਿਰਨੀ ਦਿਆ ਬੋਹੜਾ ਵੇ

0 ਕੂੰਜਾਂ ਉੱਡੀਆਂ ਤਾਂ ਡਾਰ ਬਣਗੀ
ਧਰਮੀ ਬਾਬਲ ਲਈ
ਧੀ ਜੰਮਦੀ ਹੀ ਭਾਰ ਬਣਗੀ

*(ਫੋਨ: +91 98728 77417)*

## ਮੇਰਾ ਜਨਮ 1940 ਦਾ ਹੈ: ਕਵਿਤਾ: ਬਲਦੇਵ ਚੱਕ ਸਕੰਦਰ

ਜਦੋਂ ਮੈਂ ਜੰਮਿਆ ਸਾਂ
ਕੱਚੇ ਕੋਠੇ, ਤੇ ਛੰਨਾਂ ਰਹਿਣ ਲਈ ਸਨ
ਮੱਝਾਂ ਬੂਰੀਆਂ, ਤੇ ਗੋਕੇ ਵਾਹੁਣ ਲਈ ਸਨ

ਹਵਾਵਾਂ ਠੰਢੀਆਂ, ਪਾਣੀ ਮਿੱਠੇ
ਖਾਣ ਪੀਣ ਦੀ ਕੋਈ ਅਥਾਹ ਨਹੀਂ ਸੀ
ਹੱਡ ਤੋੜ ਕੇ ਖੇਤਾਂ 'ਚ ਕੰਮ ਕਰਨਾ
ਟੁੰਡੇ ਲਾਟ ਦੀ ਕਦੀ ਪ੍ਰਵਾਹ ਨਹੀਂ ਸੀ

ਆਂਢ ਗੁਆਂਢ ਲੋਕ, ਘਰ ਦੀ ਸ਼ਰਾਬ ਕੱਢਦੇ,ਪੀਂਦੇ
ਸੋਹਣੀ ਰੋਟੀ ਖਾਂਦੇ, ਚੰਗੀ ਜੂਨ ਹੰਢਾਈ ਜਾਂਦੇ ਸੀ
ਚੋਰੀ  ਛਿਪੇ ਅਫੀਮ ਆਉਂਦੀ ਸੀ
ਚੋਰੀ ਛਿਪੇ ਖਾਈ ਜਾਂਦੇ ਸੀ

ਅਣਖ ਮਾਰਦੀ ਸੀ, ਮੂੰਹੋਂ ਨਾ ਫੁੱਟਦੇ ਸੀ
ਸਾਲ ਦੋ ਸਾਲੀਂ, ਪੈਲ਼ੀਆਂ ਗਹਿਣੇ ਰੱਖਦੇ, ਵੇਚਦੇ
ਥੋੜ੍ਹਾ ਥੋੜ੍ਹਾ ਅੰਦਰੋਂ ਟੁੱਟਦੇ ਸੀ

ਮੈਂ, ਇਹਨਾਂ ਹਾਲਾਤ 'ਚੋਂ ਬਚ ਗਿਆ ਸੀ
ਇਕ ਕਾਇਦਾ ਸੀ, ਜੀਹਦੇ ਲੜ ਲੱਗ ਗਿਆ ਸੀ
ਸਕੂਲ ਨਾ ਸਹੀ, ਬੋਹੜ ਦੀ ਛਾਂ ਤਾਂ ਸੀ
ਬੈਂਚ ਨਾ ਸਹੀ, ਤੱਪੜ ਦੀ ਥਾਂ ਤਾਂ ਸੀ

ਏਨਾ ਤਾਂ ਪਤਾ ਸੀ, ਕਰਜ਼ਾ ਸੂਈ ਜਾਂਦਾ ਹੈ
ਪੁਲ਼ਸ ਪਟਵਾਰੀ ਤੇ ਬਾਣੀਆਂ, ਸਭ ਕੁਝ ਧੂਈ ਜਾਂਦਾ ਹੈ

ਪਤਾ ਹੀ ਨਹੀਂ ਲੱਗਾ ਕਦ ਮੈਂ
ਨਕਸਲਾਈਟਾਂ ਦੀ ਢਾਣੀ ਵਿਚ ਮਿਲ ਗਿਆ ਸਾਂ
ਵਗਦੀ ਨਦੀ ਸੀ, ਮੈਂ ਵੀ ਠਿੱਲ੍ਹ ਗਿਆ ਸਾਂ

ਹੌਲ਼ੀ ਹੌਲ਼ੀ ਇਹ ਲਹਿਰਾਂ ਵੀ
ਠੰਢੀਆਂ ਹੋ ਗਈਆਂ ਸਨ
ਇਕ ਇਕ ਕਰ ਕੇ, ਕਈ ਯਾਰਾਂ ਦੀਆਂ ਨਾਰਾਂ

ਰੰਡੀਆਂ ਹੋ ਗਈਆਂ ਸਨ

ਮੈਂ, ਫਿਰ ਬਚ ਗਿਆ ਸਾਂ
ਆਪਣੀ ਜ਼ਮੀਨ, ਆਪਣੀ ਤ੍ਰੀਮਤ
ਬਾਲ ਬੱਚੇ ਤੇ ਢੋਰਾਂ 'ਚ
ਰਚ ਗਿਆ ਸਾਂ

ਕੁਝ ਕੁ ਸਾਲ ਤਾਂ
ਸੌਖ ਨਾਲ ਕੱਟੇ ਹੀ ਸਨ
ਭਾਵੇਂ ਜਾਬਰ ਮਹਿਕਮੇ
ਆਪਣੇ ਕਿੱਤੇ ਤੋਂ ਹਟੇ ਨਹੀਂ ਸਨ

ਕਰਜ਼ੇ ਤਾਂ ਚੜ੍ਹੀ ਜਾਂਦੇ ਸੀ
ਮੁੰਡੇ ਚੰਗੇ ਸੀ
ਮਾੜੇ ਮੋਟੇ ਸਕੂਲਾਂ 'ਚ ਪੜ੍ਹੀ ਜਾਂਦੇ ਸੀ
ਹਾਲੇ ਮੁੱਛ ਫੁੱਟ ਤਾਂ ਹੀ ਸੀ, ਮੁੰਡੇ ਮੇਰੇ
ਜਦ ਸਿੰਘਾਂ ਨੇ ਸ਼ੁਰੂ ਕਰ ਦਿੱਤੇ ਸੀ, ਮਾਰਨੇ ਗੇੜੇ

ਰਾਤ ਬਰਾਤੇ ਉਹਨਾਂ ਨੂੰ ਲੁਕਾਉਂਦਾ ਫਿਰਦਾ ਸਾਂ ਮੈਂ
ਸ਼ਹਿਰੋ ਸ਼ਹਿਰ ਨੌਕਰੀਆਂ ਭਰਤੀਆਂ ਲਈ
ਭਜਾਉਂਦਾ ਫਿਰਦਾ ਸਾਂ ਮੈਂ

ਰਾਤ ਖਾੜਕੂ ਆਉਂਦੇ, ਦਿਨੇ ਪੁਲਸ ਆਉਂਦੀ
ਹੁਣੇ ਮਰੇ ਕਿ ਮਰੇ, ਜਾਨ ਮੂੰਹ ਨੂੰ ਆਉਂਦੀ

ਧੀਆਂ ਹੋਸਟਲਾਂ 'ਚ, ਮੁੰਡੇ ਕਮਾਦਾਂ 'ਚ
ਲੁਕਾਈ ਰੱਖੇ ਸੀ ਮੈਂ
ਕੌਣ ਸਮਝ ਸਕਦੈ, ਉਹ ਵੇਲ਼ੇ
ਕਿੱਦਾਂ ਕੱਢੇ ਸੀ ਮੈਂ

ਏਧਰ ਉਧਰ ਜਵਾਨ ਤਾਂ ਮਰੀ ਜਾਂਦੇ ਸੀ
ਪਤਾ ਨਹੀਂ, ਕਿਹੜੀ ਮਿੱਟੀ ਦੇ ਬਣੇ ਸੀ ਉਹ ਲੋਕੀਂ
ਜਿਹੜੇ ਸ਼ਰ੍ਹੇ ਆਮ ਜੇਬਾਂ ਭਰੀ ਜਾਂਦੇ ਸੀ

ਮੈਂ ਬਚ ਗਿਆ ਸਾਂ
ਧੀਆਂ ਪੁੱਤਾਂ ਨੂੰ ਵੀ ਕਿਵੇਂ ਨਾ ਕਿਵੇਂ
ਬਚਾ ਲਿਆ ਸੀ

ਮੈਂ ਫਸਲਾਂ ਦਾ, ਫਸਲਾਂ ਮੇਰੀਆਂ ਹੋਈਆਂ
ਮੈਂ ਫਸਲਾਂ ਨੂੰ ਫਿਰ ਅਪਣਾ ਲਿਆ ਸੀ
ਸ਼ੁਕਰ ਕੀਤਾ
ਇਸ ਹਨੇਰੀ 'ਚੋਂ ਰੱਬ ਨੇ ਬਾਹਰ ਕੀਤਾ
ਇਕ ਤਰ੍ਹਾਂ ਨਾਲ ਜੀਅ ਪਰਚਾ ਲਿਆ ਸੀ

ਸ਼ਾਂਤੀ ਆਉਣ ਦੀ, ਖੱਪ ਤਾਂ ਬੜੀ ਪਈ ਸੀ
ਮੇਰੀ ਜੂਨ ਤਾਂ ਉਂਝ ਦੀ ਉਂਝ ਰਹੀ ਸੀ
ਮੁੰਡਿਆਂ ਮੇਰਿਆਂ, ਸਿਰ ਸੁੱਟ ਕੇ ਕੰਮ ਕੀਤਾ
ਭਾਵੇਂ ਆੜ੍ਹਤੀਆਂ, ਵਕੀਲਾਂ, ਸਕੂਲਾਂ, ਬੈਂਕਾਂ, ਹਸਪਤਾਲਾਂ, ਡੇਰਿਆਂ
ਸਾਧਾਂ ਸਾਧਣੀਆਂ ਨੇ, ਰੱਜ ਕੇ ਜ਼ੁਲਮ ਕੀਤਾ

ਹੁਣ ਤਾਂ ਪੋਤਰੇ, ਸੁੱਖ ਨਾ' ਜਵਾਨ ਹੋਗੇ
ਕਹਿੰਦੇ, ਕਿਹੜਾ ਇਹ ਮਿੱਟੀ ਦੀ ਜੂਨ ਭੋਗੇ
ਚਾਰ ਵੇਚ ਕਿੱਲੇ. ਪੈਲ਼ੀਆਂ ਲਾ ਬਿੱਲੇ
ਸਾਨੂੰ ਕੱਢ ਬਾਹਰ, ਸਾਨੂੰ ਘੱਲ ਬਾਹਰ
ਇੱਥੇ ਅੰਤਾਂ ਦੀ ਭੁੱਖ ਵਰਤਾਈ ਹੋਈ ਆ
ਹੱਟੀ ਨਸ਼ਿਆਂ ਦੀ, ਥਾਂ ਥਾਂ ਲਾਈ ਹੋਈ ਆ

ਏਸ ਹੋਣੀ ਤੋਂ ਕਿਵੇਂ ਬਚਾਅ ਸਾਨੂੰ
ਜਿੱਥੇ ਮਿਹਨਤਾਂ ਦਾ ਕੋਈ ਮੁੱਲ ਪਾਵੇ
ਕਿਸੇ ਐਹੋ ਜਿਹੇ ਦੇਸ਼ ਪਹੁੰਚਾ ਸਾਨੂੰ

ਲੈ ਕੇ ਮਾਂ ਦਾ ਪਿਆਰ, ਹੋ ਗਏ ਨੇ ਤਿਆਰ
ਛੱਡ ਮੇਲਿਆਂ ਮਸਤੀਆਂ ਯਾਰੀਆਂ ਨੂੰ
ਭੱਜ ਭੱਜ, ਜਹਾਜ਼ਾਂ 'ਤੇ ਚੜ੍ਹੀ ਜਾਂਦੇ ਨੇ
ਬੇਬੇ ਬਾਪੂ ਤੇ ਪਿੰਡ ਦੇ ਚਾਰ ਸਿਆਣੇ
ਸ਼ੁਕਰ ਰੱਬ ਦਾ ਵਾਰ ਵਾਰ ਕਰੀ ਜਾਂਦੇ ਨੇ

"ਚੰਗਾ ਕੀਤਾ ਈ, ਚੰਗਾ ਕੀਤਾ ਈ ਪੁੱਤਰਾ"
ਮੈਂ ਉੱਤੋਂ ਉੱਤੋਂ ਤਾਂ, ਉਹਨਾਂ ਨੂੰ ਕਹੀ ਜਾਨਾਂ ਵਾਂ
ਕਦੀ ਕਦੀ ਤ੍ਰਕਾਲ਼ਾਂ ਦੀ ਓਟ ਹੇਠਾਂ
ਡੰਗ ਡੂੰਘੜੇ ਬਿਰਹਾ ਦੇ ਜਰੀ ਜਾਨਾਂ ਵਾਂ। 000

***(187 Orbit Apartments, VIP Road***
***Zirakpur Punjab 143 603***
***Phone: +91-84276-40240)***

# ਨਾਸਤਿਕਤਾ ਬਾਰੇ ਖੁਦ ਨਾਲ ਮੁਲਾਕਾਤ: ਸਾਧੂ ਬਿਨਿੰਗ

ਸਵਾਲ: **ਤੁਸੀਂ ਖੁਦ ਨੂੰ ਨਾਸਤਿਕ ਕਹਿੰਦੇ ਹੋ, ਤੁਹਾਡਾ ਇਸ ਤੋਂ ਕੀ ਭਾਵ ਹੈ?**

ਜਵਾਬ: ਮੈਂ ਧਰਮਾਂ ਵੱਲੋਂ ਦਿੱਤੀ ਇਸ ਸੂਝ ਵਿਚ ਯਕੀਨ ਨਹੀਂ ਕਰਦਾ ਕਿ ਵਿਸ਼ਵ (ਯੂਨੀਵਰਸ) ਨੂੰ ਕਿਸੇ ਅਦਿੱਖ ਸ਼ਕਤੀ ਨੇ ਸਾਜਿਆ ਅਤੇ ਧਰਤੀ ਉੱਤੇ ਵਸਣ ਵਾਲ਼ੇ ਸਾਰੇ ਜੀਵ ਜੰਤੂਆਂ ਦੀ ਸਿਰਜਣਾ ਕੀਤੀ। ਮੇਰਾ ਨਰਕ, ਸਵਰਗ, ਜੰਮਣ ਤੋਂ ਪਹਿਲਾਂ ਜਾਂ ਮੌਤ ਤੋਂ ਬਾਅਦ ਜੀਵਨ, ਦੇਵਤਿਆਂ, ਰਾਖਸ਼ਾਂ, ਰੂਹਾਂ, ਭੂਤ-ਪ੍ਰੇਤਾਂ, ਜਾਂ ਕਿਸੇ ਕਿਸਮ ਦੇ ਚਮਤਕਾਰਾਂ ਵਿਚ ਕੋਈ ਯਕੀਨ ਨਹੀਂ ਹੈ। ਮੈਂ ਹੁਣ ਤਕ ਮਨੁੱਖ ਵੱਲੋਂ ਵਿਗਿਆਨ ਰਾਹੀਂ ਪ੍ਰਾਪਤ ਕੀਤੀ ਸੂਝ ਨੂੰ ਸਹੀ ਮੰਨਦਾ ਹਾਂ ਤੇ ਆਪਣੇ ਆਲ਼ੇ ਦੁਆਲ਼ੇ ਨੂੰ ਤਰਕ ਨਾਲ ਦੇਖਦਾ-ਪਰਖਦਾ ਹਾਂ। ਮੇਰੇ ਲਈ ਨਾਸਤਿਕਤਾ ਕੋਈ ਨਕਾਰਾਤਮਕ ਨਜ਼ਰੀਆ ਨਹੀਂ ਜਿਸ ਤਰ੍ਹਾਂ ਕਿ ਆਸਤਿਕਾਂ ਵੱਲੋਂ ਪ੍ਰਚਾਰਿਆ ਜਾਂਦਾ ਹੈ, ਸਗੋਂ ਦੁਨੀਆਂ ਨੂੰ ਦੇਖਣ-ਸਮਝਣ ਦੇ ਨਾਲ ਨਾਲ ਜੀਣ ਲਈ ਇਕ ਹੱਦ ਦਰਜੇ ਦਾ ਸਕਾਰਾਤਮਕ ਨਜ਼ਰੀਆ ਹੈ। ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਾਡੇ ਸਮਾਜ ਵਿਚ ਆਮ ਲੋਕਾਂ ਵੱਲੋਂ ਨਾਸਤਿਕਤਾ ਨੂੰ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ, ਇਸ ਕਰਕੇ ਕਾਫੀ ਵਿਅਕਤੀ ਭਾਵੇਂ ਵਿਸ਼ਵਾਸੀ ਨਾ ਵੀ ਹੋਣ, ਖੁਦ ਨੂੰ ਨਾਸਤਿਕ ਵਜੋਂ ਪੇਸ਼ ਨਹੀਂ ਕਰਦੇ। ਪਰ ਮੈਂ ਮਹਾਤਮਾ ਬੁੱਧ ਤੋਂ ਲੈ ਕੇ ਭਗਤ ਸਿੰਘ ਤਕ ਦੁਨੀਆਂ ਦੇ ਅਨੇਕਾਂ ਸ਼ਾਨਦਾਰ ਨਾਸਤਿਕ ਲੋਕਾਂ ਦੇ ਇਸ ਸੰਬੰਧੀ ਸਾਫ ਸੁਥਰੇ ਤੇ ਇਮਾਨਦਾਰ ਵਿਚਾਰ ਪੜ੍ਹੇ ਹਨ ਤੇ ਮੈਨੂੰ ਉਨ੍ਹਾਂ ਤੋਂ ਲੋੜੀਂਦੀ ਸੂਝ, ਸੇਧ ਤੇ ਸ਼ਕਤੀ ਮਿਲਦੀ ਹੈ ਜਿਸ ਨਾਲ ਮੈਂ ਸਮਾਜ ਦੀ ਨਰਾਜ਼ਗੀ ਜਾਂ ਬੇਰੁਖੀ ਦਾ ਸਾਹਮਣਾ ਕਰ ਸਕਦਾ ਹਾਂ ਤੇ ਕਰਦਾ ਹਾਂ। ਮੈਂ ਕਿਸੇ ਵੀ ਵਿਅਕਤੀ ਨੂੰ ਉਸ ਦੇ ਵਿਸ਼ਵਾਸ ਲਈ ਨਫਰਤ ਨਹੀਂ ਕਰਦਾ ਅਤੇ ਹਮੇਸ਼ਾ ਕੋਸ਼ਸ਼ ਕਰਦਾ ਹਾਂ ਕਿ ਉਨ੍ਹਾਂ ਨਾਲ ਗੱਲਬਾਤ ਸਮੇਂ ਪੂਰਾ ਸਤਿਕਾਰ ਕਾਇਮ ਰੱਖਾਂ।

ਸਵਾਲ: **ਤੁਸੀਂ ਕਿੱਦਾਂ ਅਤੇ ਕਦੋਂ ਨਾਸਤਿਕ ਬਣੇ?**

ਜਵਾਬ: ਪੰਜਾਬ ਦੇ ਪਿੰਡ ਦਾ ਜੰਮ-ਪਲ਼ ਹਾਂ ਅਤੇ ਬਚਪਨ ਵਿਚ ਮੈਂ ਵੀ ਬਾਕੀਆਂ ਵਾਂਗ ਵਿਸ਼ਵਾਸੀ ਸਾਂ। ਪਰ ਮੈਨੂੰ ਛੋਟੀ ਉਮਰੇ ਹੀ ਕਿਤਾਬਾਂ ਪੜ੍ਹਨ ਦਾ ਸ਼ੌਕ ਪੈ ਗਿਆ। ਸਾਹਿਤ ਪੜ੍ਹਨ ਨਾਲ ਆਲ਼ੇ ਦੁਆਲ਼ੇ ਨੂੰ ਸਮਝਣ ਦਾ ਅਮਲ ਸ਼ੁਰੂ ਹੋਇਆ ਜੋ ਹੌਲ਼ੀ ਹੌਲ਼ੀ ਵਿਗਿਆਨਕ ਸੂਝ ਅਤੇ ਪਹੁੰਚ ਵੱਲ ਲੈ ਗਿਆ। ਉੱਨੀ ਵੀਹ ਸਾਲ ਦੀ ਉਮਰ ਵਿਚ ਮੈਂ ਕਨੇਡਾ ਆ ਗਿਆ ਤੇ ਉਦੋਂ ਕਾਫੀ ਹੱਦ ਤਕ ਮੈਂ ਨਾਸਤਿਕ ਬਣ ਚੁੱਕਾ ਸਾਂ।

ਸਵਾਲ: **ਤੁਹਾਡੇ ਖਿਆਲ ਵਿਚ ਰੱਬ ਕੀ ਹੈ?**

ਜਵਾਬ: ਵਿਗਿਆਨ ਨੇ ਸਾਨੂੰ ਦਰਸਾਇਆ ਹੈ ਤੇ ਦਰਸਾ ਰਿਹਾ ਹੈ ਕਿ ਇਸ ਧਰਤੀ ਨੂੰ ਅਤੇ ਇਸ ਉੱਪਰਲੇ ਜੀਵਨ ਨੂੰ ਇਸ ਰੂਪ ਤਕ ਆਉਣ ਵਾਸਤੇ ਕਰੋੜਾਂ ਸਾਲ ਲੱਗੇ ਹਨ। ਮਨੁੱਖ ਨੇ ਆਪਣੇ ਵਿਕਾਸ ਦੌਰਾਨ ਆਪਣੇ ਆਲ਼ੇ ਦੁਆਲ਼ੇ ਦੇ ਕੁਦਰਤੀ ਵਰਤਾਰਿਆਂ ਬਾਰੇ ਜਾਨਣ ਦੀ ਕੋਸ਼ਸ਼ ਕੀਤੀ, ਜੋ ਹੁਣ ਵੀ ਜਾਰੀ ਹੈ। ਇਸ ਕੋਸ਼ਸ਼ ਦੇ ਮੁੱਢਲੇ ਪੜਾਅ 'ਤੇ ਉਹਨੂੰ ਲੱਗਾ ਕਿ ਇਸ ਸਾਰੀ ਕਾਇਨਾਤ ਨੂੰ ਚਲਾਉਣ ਵਾਲੀ ਕੋਈ ਅਦਿੱਖ ਸ਼ਕਤੀ ਹੈ। ਨਤੀਜੇ ਵਜੋਂ, ਧਰਤੀ ਦੇ ਵੱਖਰੇ ਵੱਖਰੇ ਥਾਂ ਰਹਿੰਦੇ ਮਨੁੱਖ ਨੇ ਆਪੋ ਆਪਣੀ ਸਥਿਤੀ ਅਨੁਸਾਰ ਵੱਖਰੇ ਵੱਖਰੇ ਰੱਬਾਂ ਦੀ ਕਲਪਨਾ ਕੀਤੀ। ਦੂਜੇ ਸ਼ਬਦਾਂ ਵਿਚ ਰੱਬ ਜਾਂ ਪਰਮਾਤਮਾ ਨੇ ਬੰਦਾ ਨਹੀਂ ਸਗੋਂ ਬੰਦੇ ਨੇ ਪਰਮਾਤਮਾ ਪੈਦਾ ਕੀਤਾ ਹੈ, ਦਰਅਸਲ ਕੀਤੇ ਹਨ। ਕਿਸੇ ਵੇਲ਼ੇ ਬੰਦੇ ਵੱਲੋਂ ਸਿਰਜੇ ਹਜ਼ਾਰਾਂ ਦੀ ਗਿਣਤੀ ਵਿਚ ਰੱਬਾਂ ਨੂੰ ਹੁਣ ਕੋਈ ਨਹੀਂ ਪੂਜਦਾ। ਸੋ ਰੱਬ ਜਾਂ ਪਰਮਾਤਮਾ ਦੀ ਕਾਢ ਇਨਸਾਨ ਦੇ ਬਚਪਨੇ ਦੀ ਕਿਰਤ ਹੈ।

ਹੁਣ ਵਿਗਿਆਨ ਨੇ ਕੁਦਰਤ ਦੇ ਬਹੁਤੇ ਭੇਦ ਪਾ ਲਏ ਹਨ ਤੇ ਬਾਕੀਆਂ ਬਾਰੇ ਯਤਨ ਜਾਰੀ ਹੈ। ਇਸ ਤਰ੍ਹਾਂ ਦੇਖਿਆਂ ਰੱਬ ਦਾ ਸਾਰਾ ਚੱਕਰ ਹੁਣ ਫਜ਼ੂਲ ਜਾਪਦਾ ਹੈ। ਤੇ ਇਸ ਉਪਰ ਉਸਰੇ ਧਾਰਮਿਕ ਅਦਾਰੇ ਬੇਲੋੜੇ ਹਨ ਅਤੇ ਉਹ ਮਨੁੱਖ ਦੇ ਮਨੁੱਖ ਹੱਥੋਂ ਹੁੰਦੇ ਸ਼ੋਸ਼ਣ ਨੂੰ ਚਲਦਾ ਰੱਖਣ ਵਿਚ ਸਹਾਇਤਾ ਕਰਦੇ ਹਨ।

ਸਵਾਲ: **ਤੁਹਾਡੇ ਵਿਚਾਰ ਵਿਚ ਧਰਮ ਕੀ ਹੈ?**

ਜਵਾਬ: ਇਸ ਧਰਤੀ 'ਤੇ ਵਿਚਰਦਿਆਂ ਹਰ ਇਨਸਾਨ ਦਾ ਦੋ ਕਿਸਮ ਦੇ ਕਾਨੂੰਨਾਂ ਜਾਂ ਨਿਯਮਾਂ ਨਾਲ ਵਾਹ ਪੈਂਦਾ ਹੈ। ਇਕ ਕੁਦਰਤੀ ਹੁੰਦੇ ਹਨ ਜਿਵੇਂ ਗੁਰੂਤਾ (gravity), ਸਮਾਂ, ਮੌਸਮ, ਰੁੱਤਾਂ ਆਦਿ – ਇਨ੍ਹਾਂ ਨੂੰ ਵਰਣਨਾਤਮਕ (descriptive) ਕਿਹਾ ਜਾਂਦਾ ਹੈ। ਭਾਵ ਕਿ ਉਹ ਨਿਯਮ ਜਿਨ੍ਹਾਂ ਨੂੰ ਇਨਸਾਨ ਨੇ ਸਮਝ ਕੇ ਉਨ੍ਹਾਂ ਦੀ ਸਿਰਫ ਵਿਆਖਿਆ ਕੀਤੀ ਹੈ ਜਾਂ ਸਿਰਫ ਬਿਆਨਿਆ ਹੈ। ਇਨ੍ਹਾਂ ਉਪਰ ਇਨਸਾਨ ਦਾ ਕਿਸੇ ਕਿਸਮ ਦਾ ਕੋਈ ਕਾਬੂ ਨਹੀਂ ਹੈ। ਦੂਜੀ ਕਿਸਮ ਦੇ ਕਾਨੂੰਨ ਜਾਂ ਨਿਯਮ ਉਹ ਹੁੰਦੇ ਹਨ ਜੋ ਇਨਸਾਨ ਆਪਣੇ ਸਮਾਜ ਨੂੰ ਚਲਾਉਣ ਵਾਸਤੇ ਖੁਦ ਬਣਾਉਂਦਾ ਅਤੇ ਲਾਗੂ ਕਰਦਾ ਹੈ। ਇਨ੍ਹਾਂ ਨੂੰ ਆਦੇਸ਼ਾਤਮਕ (prescriptive) ਕਿਹਾ ਜਾਂਦਾ ਹੈ। ਸਮਾਜ ਨੂੰ ਜਥੇਬੰਦ ਕਰਨ ਵਾਲ਼ੇ ਇਹ ਨਿਯਮ ਸਮੇਂ ਸਮੇਂ ਬਦਲਦੇ ਰਹਿੰਦੇ ਹਨ। ਇਨ੍ਹਾਂ ਦੀ ਬਦਲੀ ਦਾ ਮੁੱਢਲਾ ਕਾਰਨ ਮਨੁੱਖ ਵੱਲੋਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਆਲ਼ੇ ਦੁਆਲ਼ੇ ਦੇ ਕੁਦਰਤੀ ਸੋਮਿਆਂ ਨੂੰ ਵਰਤਣ ਤੇ ਲੋੜ ਅਨੁਸਾਰ ਢਾਲਣ ਦੇ ਅਮਲ ਵਿਚ ਆਉਂਦੀਆਂ ਤਬਦੀਲੀਆਂ ਬਣਦਾ ਹੈ। ਇਹ ਤਬਦੀਲੀਆਂ ਇਨਸਾਨ ਦੀ ਕੁਦਰਤੀ ਸੋਮਿਆਂ ਬਾਰੇ ਸੂਝ ਕਾਰਨ ਹੁੰਦੀਆਂ ਹਨ ਤੇ ਨਾਲ ਹੀ ਇਹ ਉਸ ਸੂਝ ਵਿਚ ਵਾਧਾ ਵੀ ਕਰਦੀਆਂ ਰਹਿੰਦੀਆਂ ਹਨ। ਜਦੋਂ ਮਨੁੱਖ ਆਪਣੇ ਆਲ਼ੇ ਦੁਆਲ਼ੇ ਬਾਰੇ ਪੂਰੀ ਸੂਝ ਨਹੀਂ ਸੀ ਰੱਖਦਾ ਤਾਂ ਉਹ ਜਾਨਵਰਾਂ ਵਾਂਗ ਸ਼ਿਕਾਰ ਕਰ ਕੇ ਤੇ ਉਹਦਾ ਸ਼ਿਕਾਰ ਕਰਨ ਵਾਲ਼ੇ ਜਾਨਵਰਾਂ ਅਤੇ ਮੀਂਹ ਆਦਿ ਤੋਂ ਬਚਣ ਲਈ ਗੁਫਾਵਾਂ ਆਦਿ ਵਿਚ ਲੁਕ ਛਿਪ ਕੇ ਰਹਿੰਦਾ ਸੀ। ਹੌਲ਼ੀ ਹੌਲ਼ੀ ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਅਮਲ ਵਿਚ ਆਪਣੇ ਆਲ਼ੇ ਦੁਆਲ਼ੇ ਨੂੰ ਸਮਝਣਾ ਸ਼ੁਰੂ ਕਰ ਦਿੱਤਾ। ਇਸ ਸੂਝ ਦੇ ਆਧਾਰ 'ਤੇ ਉਸ ਦੇ ਰਹਿਣ ਸਹਿਣ ਦੇ ਤੌਰ ਤਰੀਕਿਆਂ ਵਿਚ ਬਦਲਾਵ ਆਇਆ।

ਕੋਈ ਬਾਰਾਂ ਤੇਰਾਂ ਕੁ ਹਜ਼ਾਰ ਸਾਲ ਪਹਿਲਾਂ ਇਨਸਾਨ ਨੇ ਖੇਤੀਬਾੜੀ ਦੀ ਖੋਜ ਕਰ ਲਈ ਅਤੇ ਕੁਝ ਜਾਨਵਰਾਂ ਨੂੰ ਪਾਲਣਾ ਸ਼ੁਰੂ ਕਰ ਲਿਆ। ਜਿੱਥੇ ਪਹਿਲਾਂ ਮਨੁੱਖ ਖਾਣ ਵਾਲੀਆਂ ਵਸਤੂਆਂ ਦੀ ਭਾਲ਼ ਵਿਚ ਲਗਾਤਾਰ ਇਕ ਥਾਂ ਤੋਂ ਦੂਜੀ ਥਾਂ ਘੁੰਮਦਾ ਰਹਿੰਦਾ ਸੀ, ਖੇਤੀਬਾੜੀ ਦੇ ਵਿਕਾਸ ਨਾਲ ਉਹ ਪੱਕੀਆਂ ਰਿਹਾਇਸ਼ਾਂ ਬਣਾ ਕੇ ਰਹਿਣ ਲੱਗਾ। ਇਕੋ ਜਗ੍ਹਾ ਇਕੱਠੇ ਰਹਿਣ ਨਾਲ ਮਨੁੱਖੀ ਸਮਾਜ ਦਾ ਵਿਕਾਸ ਹੋਇਆ। ਸਮਾਜ ਵਿਚ ਵਿਚਰਨ ਲਈ ਇਨਸਾਨ ਨੇ ਹਰ ਜਗ੍ਹਾ ਲੋੜ ਅਨੁਸਾਰ ਅਸੂਲ ਘੜੇ। ਆਪਣੀ ਸੂਝ ਅਨੁਸਾਰ ਮਨੁੱਖ ਨੇ ਆਪਣੇ ਸਿਰਜੇ ਭਗਵਾਨ ਵਿਚ ਉਹ ਸਾਰੀਆਂ ਸ਼ਕਤੀਆਂ ਤੇ ਚੰਗੇ ਗੁਣ ਭਰੇ, ਜੋ ਉਹ ਖੁਦ ਆਪਣੇ ਵਿਚ ਦੇਖਣੇ ਚਾਹੁੰਦਾ ਸੀ। ਇਨਸਾਨ ਨੂੰ ਸਮਾਜ ਵਿਚ ਵਿਚਰਦਿਆਂ ਚੰਗੇ ਕੰਮਾਂ ਵੱਲ ਪ੍ਰੇਰਨ ਲਈ ਸਵਰਗ ਦੀ ਸਿਰਜਣਾ ਕੀਤੀ ਤੇ ਮਾੜੇ ਕੰਮਾਂ ਵੱਲੋਂ ਵਰਜਣ ਲਈ ਨਰਕ ਚਿਤਵਿਆ। ਹਰ ਜਗ੍ਹਾ ਅਨੇਕਾਂ ਮਿੱਥਾਂ ਘੜੀਆਂ ਗਈਆਂ ਜਿਨ੍ਹਾਂ ਦਾ ਮੁੱਖ ਮਕਸਦ ਇਨਸਾਨ ਨੂੰ ਪ੍ਰੇਰ ਕੇ ਜਾਂ ਡਰਾ ਧਮਕਾ ਕੇ ਸਮਾਜ ਦੇ ਕਾਇਦਿਆਂ ਅਨੁਸਾਰ ਚੱਲਣ ਲਈ ਮੰਨਾਉਣਾ ਜਾਂ ਮਜਬੂਰ ਕਰਨਾ ਸੀ। ਅਪਣੇ ਸਿਰਜੇ ਭਗਵਾਨ, ਪਰਮਾਤਮਾ, ਰੱਬ, ਅੱਲਾ, ਗੌਡ, ਜਿਹੋਵਾ ਆਦਿ ਨੂੰ ਧਿਆਨ ਵਿਚ ਰੱਖ ਕੇ ਇਨਸਾਨ ਨੇ ਸਮਾਜ ਲਈ ਜੋ ਕਾਇਦੇ ਕਾਨੂੰਨ ਬਣਾਏ ਉਹ ਧਰਮ ਸੀ।

ਸਵਾਲ: **ਹੁਣ ਜਦ ਕਿ ਵਿਗਿਆਨ ਰਾਹੀਂ ਮਨੁੱਖ ਨੇ ਬਹੁਤ ਸਾਰੇ ਕੁਦਰਤੀ ਵਰਤਾਰਿਆਂ ਬਾਰੇ ਜਾਣਕਾਰੀ ਹਾਸਿਲ ਕਰ ਲਈ ਹੈ ਅਤੇ ਸਮਾਜ ਨੂੰ ਜਥੇਬੰਦ ਕਰਨ ਲਈ ਪਹਿਲਾਂ ਦੇ**

**ਮੁਕਾਬਲੇ ਬਿਹਤਰ ਢੰਗ ਤਰੀਕੇ ਸੋਚ ਲਏ ਹਨ ਤਾਂ ਫੇਰ ਰੱਬ ਜਾਂ ਧਰਮ ਵਿਚ ਵਿਸ਼ਵਾਸ ਕਿਉਂ ਅਜੇ ਵੀ ਏਨੀ ਸ਼ਿੱਦਤ ਨਾਲ ਕਾਇਮ ਹੈ?**

ਜਵਾਬ: ਇਨਸਾਨ ਵੱਲੋਂ ਕਿਸੇ ਵੇਲ਼ੇ ਲੋੜ ਲਈ ਘੜੇ ਗਏ ਇਸ ਖਿਆਲ ਦੇ ਕਾਇਮ ਰਹਿਣ ਦੇ ਬਹੁਤ ਸਾਰੇ ਕਾਰਨ ਹਨ ਪਰ ਮੁੱਖ ਕਾਰਨ ਸ਼ਾਇਦ ਵੱਡੀ ਗਿਣਤੀ ਲੋਕਾਂ ਵਿਚ ਵਿਗਿਆਨਕ ਸੂਝ ਦੀ ਅਤੇ ਜੀਵਨ ਵਿਚ ਵਿਗਿਆਨਕ ਪਹੁੰਚ ਦੀ ਘਾਟ ਹੈ ਅਤੇ ਜਿਸ ਨੂੰ ਅੱਜੋਕੇ ਨਾਬਰਾਬਰੀ ਵਾਲ਼ੇ ਆਰਥਿਕ ਢਾਂਚੇ ਵੱਲੋਂ ਕੋਸ਼ਿਸ਼ ਨਾਲ ਕਾਇਮ ਰੱਖਿਆ ਜਾ ਰਿਹਾ ਹੈ। ਬਹੁਤ ਲੋਕ ਆਪਣੇ ਮਾਪਿਆਂ ਵੱਲੋਂ ਬਚਪਨ ਵਿਚ ਮਿਲ਼ੀ ਸਿੱਖਿਆ ਉਪਰ ਮਾਪਿਆਂ ਅਤੇ ਭਾਈਚਾਰੇ ਦੇ ਸਤਿਕਾਰ ਕਾਰਨ ਕਿੰਤੂ ਨਹੀਂ ਕਰਦੇ, ਭਾਵੇਂ ਉਨ੍ਹਾਂ ਅੰਦਰ ਇਸ ਵਿਸ਼ਵਾਸ ਉੱਤੇ ਸਵਾਲ ਪੈਦਾ ਹੋ ਰਹੇ ਹੋਣ। ਹੌਲ਼ੀ ਹੌਲ਼ੀ ਇਹ ਵਿਸ਼ਵਾਸ ਅਤੇ ਇਸ ਤੋਂ ਮਿਲਦੀ ਤਸੱਲੀ ਤੇ ਸ਼ਾਂਤੀ ਉਨ੍ਹਾਂ ਦੇ ਜੀਵਨ ਦਾ ਇਕ ਅਟੁੱਟ ਹਿੱਸਾ ਬਣ ਜਾਂਦੇ ਹਨ। ਨਾਲ ਹੀ ਇਹ ਵਿਅਕਤੀ ਉਸ ਭਾਈਚਾਰੇ ਦਾ ਹਿੱਸਾ ਬਣ ਜਾਂਦੇ ਹਨ ਜੋ ਇਨ੍ਹਾਂ ਵਾਂਗ ਹੀ ਉਨ੍ਹਾਂ ਸ਼ਕਤੀਆਂ ਜਾਂ ਗੁਰੂਆਂ ਪੀਰਾਂ ਵਿਚ ਯਕੀਨ ਕਰਨ ਵਾਲ਼ੇ ਹੁੰਦੇ ਹਨ। ਅਜਿਹੀ ਸਥਿਤੀ ਵਿਚ ਆਪਣੇ ਵਿਸ਼ਵਾਸ ਨੂੰ ਛੱਡਣਾ ਜਾਂ ਉਸ ਉੱਤੇ ਕਿੰਤੂ ਪਰੰਤੂ ਕਰਨਾ ਉਨ੍ਹਾਂ ਲਈ ਅਸੰਭਵ ਹੋ ਜਾਂਦਾ ਹੈ। ਭਾਵੇਂ ਅੱਜੋਕੇ ਵਿਦਿਅਕ ਢਾਂਚੇ ਵਿਚ ਵਿਗਿਆਨ ਬਾਰੇ ਪੜ੍ਹਾਇਆ ਤਾਂ ਜਾਂਦਾ ਹੈ ਪਰ ਅਕਸਰ ਧਾਰਮਿਕ ਵਿਸ਼ਵਾਸ ਅਤੇ ਕਦਰਾਂ ਕੀਮਤਾਂ ਉੱਤੇ ਕਿੰਤੂ ਕੀਤਿਆਂ ਬਿਨਾਂ। ਨਤੀਜੇ ਵਜੋਂ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਭਾਵੇਂ ਵਿਗਿਆਨਕ ਜਾਣਕਾਰੀ ਰੱਖਦੇ ਹੋਣ ਪਰ ਵੱਖਰੇ ਵੱਖਰੇ ਕਾਰਨਾਂ ਵੱਸ ਉਹ ਆਪਣੇ ਬਚਪਨ ਦੀ ਸਿੱਖਿਆ ਉੱਤੇ ਕਾਇਮ ਰਹਿੰਦੇ ਹਨ। ਇਨ੍ਹਾਂ ਪੜ੍ਹੇ ਲਿਖੇ ਲੋਕਾਂ ਵਿਚ ਡਾਕਟਰ ਤੇ ਵਿਗਿਆਨੀ ਵੀ ਸ਼ਾਮਲ ਹੁੰਦੇ ਹਨ।

ਵਿਸ਼ਵਾਸ ਦੇ ਕਾਇਮ ਰਹਿਣ ਦਾ ਦੂਜਾ ਵੱਡਾ ਕਾਰਨ ਹੈ ਕਿ ਇਸ ਨਾਲ ਕੁਝ ਲੋਕਾਂ ਨੂੰ ਬੇਹੱਦ ਫਾਇਦਾ ਹੁੰਦਾ ਹੈ। ਅੱਜੋਕੇ ਪੂੰਜੀਵਾਦੀ ਆਰਥਿਕ ਢਾਂਚੇ (ਜਿਸ ਅਨੁਸਾਰ ਮੁਨਾਫਾ ਹੀ ਇਕੋ ਇਕ ਮਕਸਦ ਹੈ) ਵਿਚ ਉਸ ਕੰਮ ਵੱਲ ਹੀ ਧਿਆਨ ਦਿੱਤਾ ਜਾਂਦਾ ਹੈ ਜਿਸ ਵਿਚ ਖਰਚਾ ਘੱਟ ਹੋਵੇ ਤੇ ਮੁਨਾਫਾ ਬਹੁਤਾ। ਚਾਤਰ ਲੋਕ ਜਾਣਦੇ ਹਨ ਕਿ ਹੋਰ ਕਈ ਧੰਦਿਆਂ ਵਾਂਗ ਧਰਮ ਦਾ ਧੰਦਾ ਵੀ ਬੇਹੱਦ ਫਾਇਦੇ ਵਾਲ਼ਾ ਹੈ। ਇਹ ਫਾਇਦਾ ਸਿਰਫ ਧਾਰਮਿਕ ਸੰਸਥਾਵਾਂ ਨੂੰ (ਅਸਲ ਵਿਚ ਉਨ੍ਹਾਂ ਨੂੰ ਚਲਾਉਣ ਵਾਲ਼ੇ ਵਿਅਕਤੀਆਂ ਨੂੰ) ਹੀ ਨਹੀਂ ਸਗੋਂ ਇਸ ਦਾ ਫਾਇਦਾ ਹਰ ਖੇਤਰ ਵਿਚ ਹੁੰਦਾ ਹੈ, ਖਾਸ ਕਰਕੇ ਸਿਆਸਤ ਵਿਚ। ਇਸ ਮਕਸਦ ਲਈ ਇਸ ਝੂਠ (ਰੱਬ ਦੀ ਹੋਂਦ) ਦਾ ਜ਼ੋਰ ਸ਼ੋਰ ਨਾਲ ਲਗਾਤਾਰ ਪਰਚਾਰ ਕੀਤਾ ਜਾ ਰਿਹਾ ਹੈ ਤੇ ਹਰ ਕੋਸ਼ਸ਼ ਕੀਤੀ ਜਾ ਰਹੀ ਹੈ ਕਿ ਆਮ ਲੋਕਾਂ ਨੂੰ ਅਸਲੀਅਤ ਤੋਂ ਦੂਰ ਰੱਖਿਆ ਜਾਵੇ। ਜਿੰਨਾ ਚਿਰ ਲੋਕ ਇਸ ਖਿਆਲੀ ਰੱਬ ਵਿਚ ਵਿਸ਼ਵਾਸ ਕਰਦੇ ਰਹਿਣਗੇ, ਉਸ ਦੇ ਪਿਆਰ ਦੀ ਆਸ ਵਿਚ ਹੱਥ ਜੋੜੀ ਖੜ੍ਹੇ ਰਹਿਣਗੇ, ਉਸ ਦੀ ਕਰੋਪੀ ਤੋਂ ਕੰਬਦੇ ਰਹਿਣਗੇ, ਉਨਾਂ ਚਿਰ ਉਨ੍ਹਾਂ ਨੂੰ ਦੂਜੇ ਝੂਠਾਂ ਲਈ ਮੰਨਾਉਣਾ ਔਖਾ ਨਹੀਂ। ਬਚਪਨ ਵਿਚ ਸਿਖਾਇਆ ਜਾਂਦਾ ਇਹ ਵਿਸ਼ਵਾਸ ਹੀ ਅਸਲ ਵਿਚ ਅੰਧਵਿਸ਼ਵਾਸ ਦੀ ਜੜ੍ਹ ਹੈ ਤੇ ਜਿੰਨਾ ਚਿਰ ਇਸ ਕਿਸਮ ਦੇ ਵਿਸ਼ਵਾਸ ਦਾ ਖਾਤਮਾ ਨਹੀਂ ਹੁੰਦਾ, ਅੰਧਵਿਸ਼ਵਾਸ ਵੀ ਖਤਮ ਨਹੀਂ ਹੋਵੇਗਾ। ਅੱਜੋਕੇ ਸਮੇਂ ਖਿਆਲੀ ਰੱਬ ਨੂੰ ਅੱਗੇ ਰੱਖ ਕੇ ਹਰ ਧਰਮ ਦਾ ਕਾਰੋਬਾਰ ਇਸ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ ਕਿ ਇਹ ਸਿਰਫ ਉਸ ਧਰਮ ਨੂੰ ਮੰਨਣ ਵਾਲ਼ਿਆਂ ਦੇ ਜੀਵਨ ਉਪਰ ਹੀ ਅਸਰ ਨਹੀਂ ਪਾਉਂਦਾ, ਨਾ ਮੰਨਣ ਵਾਲ਼ਿਆਂ ਦੇ ਜੀਵਨ ਉਪਰ ਵੀ ਅਣਚਾਹਿਆ ਅਸਰ ਪਾਉਂਦਾ ਹੈ। ਇਹ ਹਰ ਜਗ੍ਹਾ ਇਨਸਾਨ ਨੂੰ ਦੂਜੇ ਇਨਸਾਨਾਂ ਤੋਂ ਪਾੜਦਾ ਹੈ। ਧਾਰਮਿਕ ਬੰਦਾ ਆਪਣੇ ਰੱਬ ਤੇ ਧਰਮ ਨੂੰ ਸਹੀ ਸਾਬਤ ਕਰਨ ਲਈ ਦੂਜਿਆਂ ਖਿਲਾਫ ਹਰ ਕਿਸਮ ਦੀ ਹਿੰਸਾ ਕਰਨ ਤਕ ਜਾਂਦਾ ਹੈ (ਧਰਮ ਦੇ ਇਨ੍ਹਾਂ ਨੁਕਸਾਨਾਂ ਦੀ ਸੂਚੀ ਬਹੁਤ ਲੰਬੀ ਹੈ, ਜੋ ਫਾਇਦਿਆਂ ਨਾਲੋਂ ਕਿਤੇ ਵੱਧ ਹਨ)। ਹਾਂ ਜੇ ਕੋਈ ਚੁੱਪ ਚਾਪ ਆਪਣੇ ਮਨ ਵਿਚ, ਆਪਣੇ ਘਰ ਵਿਚ ਕਿਸੇ ਰੱਬ ਜਾਂ ਸ਼ਕਤੀ ਨੂੰ ਮੰਨਦਾ

ਹੈ ਤੇ ਉਸ ਤੋਂ ਲੋੜੀਂਦੀ ਸ਼ਾਂਤੀ ਤੇ ਸ਼ਕਤੀ ਪ੍ਰਾਪਤ ਕਰਦਾ ਹੈ ਤਾਂ ਉਸ ਨਾਲ ਕਿਸੇ ਨੂੰ ਵੀ ਕੋਈ ਵਾਸਤਾ ਨਹੀਂ। ਹਰ ਕਿਸੇ ਨੂੰ ਅਜਿਹਾ ਕਰਨ ਦੀ ਪੂਰੀ ਆਜ਼ਾਦੀ ਹੈ ਤੇ ਹੋਣੀ ਚਾਹੀਦੀ ਹੈ। ਪਰ ਜੇ ਕਿਸੇ ਦਾ ਵਿਸ਼ਵਾਸ ਦੂਜਿਆਂ ਦੇ ਜੀਵਨ ਵਿਚ ਰਤਾ ਜਿੰਨਾ ਵੀ ਵਿਘਨ ਪਾਉਂਦਾ ਹੈ, ਜਿਸ ਤਰ੍ਹਾਂ ਕਿ ਜਥੇਬੰਦ ਧਰਮ ਹਰ ਵੇਲ਼ੇ ਕਰਦਾ ਹੈ, ਤਾਂ ਉਹ ਸਹੀ ਨਹੀਂ। ਚਾਹੀਦਾ ਇਹ ਹੈ ਕਿ ਲੋਕਾਂ ਨੂੰ ਵਿਗਿਆਨ ਆਧਾਰਿਤ ਵਿੱਦਿਆ ਰਾਹੀਂ ਹੁਣ ਤਕ ਪ੍ਰਾਪਤ ਸੂਝ ਬਾਰੇ ਪੜ੍ਹਾਇਆ ਜਾਵੇ। ਉਨ੍ਹਾਂ ਨੂੰ ਬਾਕੀ ਵਿਸ਼ਿਆਂ ਵਾਂਗ ਹੀ ਧਰਮਾਂ ਬਾਰੇ ਵੀ ਪੂਰੀ ਤਰ੍ਹਾਂ ਸੂਚਿਤ ਕੀਤਾ ਜਾਵੇ ਅਤੇ ਇਸ ਸੂਝ ਦੇ ਆਧਾਰ 'ਤੇ ਜੇ ਕੋਈ ਕਿਸੇ ਧਰਮ ਨੂੰ ਅਪਨਾਉਣਾ ਚਾਹੁੰਦਾ ਹੋਵੇ ਤਾਂ ਉਹਨੂੰ ਇਹ ਹੱਕ ਦਿੱਤਾ ਜਾਵੇ। ਇਸ ਕਿਸਮ ਦੀ ਵਿੱਦਿਆ ਦੀ ਸਹਾਇਤਾ ਨਾਲ ਲੋਕ ਆਪੇ ਸਿਰਜੇ ਇਸ ਝੂਠ ਤੋਂ ਜਾਣੂ ਹੋਣ ਤੇ ਸਵਰਗ, ਨਰਕ, ਕਰਮਾਂ ਦੇ ਫ਼ਲ, ਅਰਦਾਸਾਂ, ਮੰਨਤਾਂ, ਪੂਜਾ-ਪਾਠਾਂ ਆਦਿ ਵਰਗੇ ਬੇਹੂਦਾ ਤੇ ਬੇਲੋੜੇ ਵਿਚਾਰਾਂ ਤੋਂ ਪਿੱਛਾ ਛੁਡਾਉਣਗੇ। ਜਿੰਨਾ ਚਿਰ ਉਹ ਇਸ ਧਰਤੀ 'ਤੇ ਜੀਉਂਦੇ ਹਨ, ਇਸ ਜੀਵਨ ਨੂੰ ਏਥੇ ਹੀ ਸੋਹਣਾ ਬਣਾਉਣ, ਮਾਨਣ ਤੇ ਦੂਜਿਆਂ ਨੂੰ ਵਧੀਆ ਜੀਵਨ ਜੀਉਣ ਵਿਚ ਸਹਾਈ ਹੋਣਗੇ।

ਸਵਾਲ: **ਤੁਸੀਂ ਕਿਉਂ ਏਨੀ ਤੀਬਰਤਾ ਨਾਲ ਮਹਿਸੂਸ ਕਰਦੇ ਹੋ ਕਿ ਇਸ ਵੇਲੇ ਨਾਸਤਿਕਤਾ ਬਾਰੇ ਗੱਲ ਕਰਨ ਦੀ ਲੋੜ ਹੈ?**

ਜਵਾਬ: ਇਸ ਸਵਾਲ ਦਾ ਇਕ ਸੰਖੇਪ ਜਵਾਬ ਤਾਂ ਇਹ ਹੋ ਸਕਦਾ ਹੈ ਕਿ ਅਸੀਂ ਇਤਿਹਾਸ ਵੱਲ ਹੋਰ ਧਿਆਨ ਨਾਲ ਦੇਖੀਏ ਤੇ ਧਰਮਾਂ ਵੱਲੋਂ ਹੁਣ ਤਕ ਨਿਭਾਏ ਰੋਲ (ਕਿਰਦਾਰ) ਦੀ ਅਸਲੀਅਤ ਨੂੰ ਹੋਰ ਗੰਭੀਰਤਾ ਨਾਲ ਜਾਣੀਏ। ਇਹ ਸਹੀ ਹੈ ਕਿ ਧਰਮ ਨੇ ਇਨਸਾਨ ਨੂੰ ਇਕ ਸਮੇਂ ਜਾਤੀ ਪੱਧਰ 'ਤੇ ਵੀ ਅਤੇ ਸਮਾਜਕ ਪੱਧਰ 'ਤੇ ਵੀ ਆਪਣੇ ਆਲ਼ੇ ਦੁਆਲ਼ੇ ਦੀਆਂ ਕੁਦਰਤੀ ਹਾਲਤਾਂ ਨਾਲ ਵਿਚਰਨ ਵਿਚ ਸਹਾਇਤਾ ਕੀਤੀ। ਪਰ ਨਾਲ਼ ਹੀ ਧਰਮਾਂ ਨੇ ਇਨਸਾਨ ਨੂੰ ਇਕ ਅਜਿਹੀ ਮਾਨਸਿਕ ਸਥਿਤੀ ਵਿਚ ਜਕੜ ਲਿਆ ਜਿਸ ਤੋਂ ਉਹ ਅਜੇ ਤਕ ਵੀ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਸਕਿਆ। ਧਰਮਾਂ ਵੱਲੋਂ ਕਿਸੇ ਕਿਸਮ ਦੀ ਵੀ ਹੁਕਮ ਅਦੂਲੀ ਨੂੰ ਸਹਿਣ ਨਹੀਂ ਸੀ ਕੀਤਾ ਜਾਂਦਾ, ਜੋ ਕਈ ਹਾਲਤਾਂ ਵਿਚ ਅਜੇ ਵੀ ਜਾਰੀ ਹੈ। ਆਪੇ ਸਿਰਜੇ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਇਨਸਾਨਾਂ ਦੀ ਬਲ਼ੀ ਵਰਗੇ ਵਰਤਾਰੇ ਬਹੁਤ ਸਾਰੇ ਧਰਮਾਂ ਦਾ ਹਿੱਸਾ ਰਹੇ ਹਨ। ਯੂਰਪ ਵਿਚ ਔਰਤਾਂ ਨੂੰ ਭੂਤਨੀਆਂ (witches) ਕਹਿ ਕੇ ਲੂਹ ਦੇਣ ਵਰਗੇ ਵਰਤਾਰੇ ਜਾਂ ਭਾਰਤ ਵਿਚ ਸਤੀ ਦੀ ਰਸਮ ਵਰਗੇ ਰਿਵਾਜਾਂ ਨੂੰ ਖਤਮ ਹੋਣ ਲਈ ਲੰਮਾ ਸਮਾਂ ਲੱਗਾ। ਧਰਮਾਂ ਵੱਲੋਂ ਵਿਗਿਆਨ ਦੀ ਹਰ ਕੋਸ਼ਸ਼ ਨੂੰ ਆਪਣੀ ਪੂਰੀ ਵਾਹ ਲਾ ਕੇ ਰੋਕਣ ਦੀ ਕੋਸ਼ਸ਼ ਕੀਤੀ ਗਈ। ਧਰਮ ਜਦੋਂ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਰਹੇ ਹਨ ਤਾਂ ਇਨ੍ਹਾਂ ਦੀ ਹਮੇਸ਼ਾ ਕੋਸ਼ਸ਼ ਰਹੀ ਹੈ ਕਿ ਦੂਜੇ ਧਰਮ ਨੂੰ ਬਰਾਬਰ 'ਤੇ ਵਿਚਰਨ ਨਾ ਦਿੱਤਾ ਜਾਵੇ। ਯੂਰਪੀਅਨ ਬਸਤੀਵਾਦੀਆਂ ਵੱਲੋਂ ਆਪਣੇ ਇਸਾਈ ਧਰਮ ਨੂੰ ਫੈਲਾਉਣ ਲਈ ਜੋ ਢੰਗ ਤਰੀਕੇ ਵਰਤੇ ਗਏ, ਉਹ ਕਿਸੇ ਤਰ੍ਹਾਂ ਵੀ ਮਨੁੱਖਤਾ ਲਈ ਚੰਗੀਆਂ ਉਦਾਹਰਨਾਂ ਨਹੀਂ ਮੰਨੇ ਜਾ ਸਕਦੇ। ਇਸਾਈ ਧਰਮ ਦੇ ਸਭ ਤੋਂ ਤਾਕਤਵਰ ਫਿਰਕੇ ਕੈਥੋਲਿਕ ਵੱਲੋਂ ਜਿਸ ਤਰ੍ਹਾਂ ਕਨੇਡਾ ਅਮਰੀਕਾ ਦੇ ਆਦਿਵਾਸੀਆਂ ਨੂੰ ਆਪਣੇ ਧਰਮ ਅਨੁਸਾਰ ਜੀਣ ਲਈ ਮਜਬੂਰ ਕੀਤਾ ਗਿਆ, ਉਨ੍ਹਾਂ ਅਣਮਨੁੱਖੀ ਵਰਤਾਰਿਆਂ ਲਈ ਪੋਪ ਹੁਣ (ਜੁਲਾਈ, 2022) ਮੁਆਫੀਆਂ ਮੰਗ ਰਿਹਾ ਹੈ।

ਇਸ ਵੇਲ਼ੇ ਬਹੁਤ ਸਾਰੇ ਮੁਲਕਾਂ ਵਿਚ ਖਾਸ ਕਰ ਭਾਰਤ ਵਿਚ, ਜੋ ਕੁਝ ਧਰਮ ਦੇ ਨਾਂ 'ਤੇ ਵਾਪਰ ਰਿਹਾ ਹੈ, ਉਹ ਬਹੁਤ ਖਤਰਨਾਕ ਹੈ। ਜਿਸ ਤਰੀਕੇ ਨਾਲ ਅੱਜੋਕੇ ਸਮੇਂ ਸਰਕਾਰ 'ਤੇ ਕਾਬਜ਼ ਹਿੰਦੂ ਧਰਮ ਦੇ ਲੋਕਾਂ ਵੱਲੋਂ ਆਪਣੀ ਕੁਰਸੀ ਕਾਇਮ ਰੱਖਣ ਲਈ ਧਰਮ ਦੀ ਵਰਤੋਂ ਕੀਤੀ ਜਾ ਰਹੀ ਹੈ; ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤ ਕੇ ਵੰਡੀਆਂ ਪਾਈਆਂ ਜਾ ਰਹੀਆਂ ਹਨ,

ਉਸ ਦੇ ਬਹੁਤ ਭਿਆਨਕ ਸਿੱਟੇ ਨਿਕਲ ਸਕਦੇ ਹਨ। ਭਾਰਤ ਵਿਚ ਘੱਟ ਗਿਣਤੀ ਧਰਮ ਦੇ ਲੋਕਾਂ, ਇਸ ਵੇਲੇ ਖਾਸ ਕਰ ਮੁਸਲਮਾਨਾਂ ਨਾਲ, ਜਿਸ ਕਿਸਮ ਦਾ ਅਣਮਨੁੱਖੀ ਵਿਹਾਰ ਕੀਤਾ ਜਾ ਰਿਹਾ ਹੈ, ਉਸ ਨੂੰ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਇੱਕੀਵੀਂ ਸਦੀ ਦੌਰਾਨ ਜਿਸ ਤਰ੍ਹਾਂ ਭਾਰਤ ਵਿਚ ਧਰਮ ਦੇ ਨਾਂ 'ਤੇ ਲੋਕਾਂ ਦੀ ਸੋਚ ਨੂੰ ਸਦੀਆਂ ਪਿੱਛੇ ਵੱਲ ਨੂੰ ਧੱਕਿਆ ਜਾ ਰਿਹਾ ਹੈ, ਸੂਝ ਵਾਲੇ ਲੋਕਾਂ ਨੂੰ ਉਸ ਬਾਰੇ ਵੀ ਚਿੰਤਾ ਜਾਹਿਰ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਕੁਝ ਲੋਕ ਕਰਦੇ ਵੀ ਹਨ। ਉਦਾਹਰਣ ਵਜੋਂ, ਇਸ ਵੇਲੇ ਗਾਂ ਨੂੰ ਮੱਲੋ ਮੱਲੀ ਹਰ ਕਿਸੇ ਦੀ ਮਾਂ ਗਰਦਾਨਿਆ ਜਾ ਰਿਹਾ ਹੈ ਤੇ ਉਸ ਦੇ ਮੂਤ ਨੂੰ ਬੋਤਲਾਂ ਵਿਚ ਪਾ ਕੇ ਵੇਚਿਆ ਜਾ ਰਿਹਾ ਹੈ। ਇਹੋ ਜਿਹੇ ਪਾਗਲਪਨ ਦਾ ਚੇਤਨ ਲੋਕਾਂ ਵੱਲੋਂ ਹੋਰ ਸਰਗਰਮੀ ਨਾਲ ਵਿਰੋਧ ਹੋਣਾ ਚਾਹੀਦਾ ਹੈ। ਇਨ੍ਹਾਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਧਰਮ ਦੇ ਨੁਕਸਾਨਾਂ ਅਤੇ ਇਹ ਜਿਸ ਝੂਠੇ ਆਧਾਰ ਉਪਰ ਕਾਇਮ ਹੈ, ਸਿੱਧੇ ਸ਼ਬਦਾਂ ਵਿਚ, ਰੱਬ ਦੀ ਸਚਾਈ ਬਾਰੇ ਵੀ, ਚਰਚਾ ਚੱਲਣੀ ਚਾਹੀਦੀ ਹੈ।

ਨਾਸਤਿਕਤਾ ਬਾਰੇ ਗੱਲ ਕਰਨ ਦੀ ਇਸ ਕਰਕੇ ਵੀ ਲੋੜ ਹੈ ਕਿ ਧਰਮ ਦਾ ਬਹੁਤਾ ਜ਼ੋਰ ਬੰਦੇ ਨੂੰ ਇਹ ਦੱਸਣ ਉੱਤੇ ਲੱਗਦਾ ਹੈ ਕਿ ਉਹ ਇਸ ਜੀਵਨ ਦੌਰਾਨ ਉਹ ਕੰਮ ਕਰੇ ਜਿਸ ਨਾਲ ਉਸ ਦਾ ਅਗਲਾ ਜੀਵਨ ਸੁਧਰ ਸਕੇ। ਇਸ ਨਾਲ ਇਸ ਜੀਵਨ ਨੂੰ ਸੁਧਾਰਨ ਤੇ ਮਨੁੱਖਤਾ ਵੱਲ ਧਿਆਨ ਦੇਣ ਦੀ ਥਾਂ ਧਾਰਮਿਕ ਮਨੁੱਖ ਆਪਣੇ ਅਗਲੇ ਜੀਵਨ ਉੱਤੇ ਵੱਧ ਧਿਆਨ ਕੇਂਦਰਤ ਰੱਖਦਾ ਹੈ। ਉਹ ਏਥੇ ਜੋ ਵੀ ਕੰਮ ਕਰਦਾ ਹੈ, ਉਸ ਦਾ ਵੀ ਮੁੱਖ ਨਿਸ਼ਾਨਾ ਆਪਣਾ ਅੱਗਾ ਸੁਆਰਨਾ ਹੀ ਰਹਿੰਦਾ ਹੈ। ਜਦੋਂ ਕੋਈ ਵਿਅਕਤੀ ਨਾਸਤਿਕ ਬਣ ਜਾਂਦਾ ਹੈ, ਉਸ ਵਾਸਤੇ ਰੱਬ ਦੀ ਹੋਂਦ ਜਾਂ ਸਵਰਗ ਨਰਕ ਦੇ ਸਵਾਲ ਮਹੱਤਵਪੂਰਨ ਨਹੀਂ ਰਹਿੰਦੇ। ਉਸ ਵਾਸਤੇ ਇਹ ਗੱਲ ਮਹੱਤਵਪੂਰਨ ਹੋ ਜਾਂਦੀ ਹੈ ਕਿ ਜੀਵਨ ਨੂੰ ਕਿਸ ਤਰ੍ਹਾਂ ਵਧੀਆ ਤਰੀਕੇ ਨਾਲ ਗੁਜ਼ਾਰਨਾ ਹੈ। ਇਸ ਪਹੁੰਚ ਨਾਲ ਵਿਅਕਤੀ ਇਕ ਵਿਸ਼ੇਸ਼ ਕਿਸਮ ਦੀ ਆਜ਼ਾਦੀ ਵੀ ਮਹਿਸੂਸ ਕਰਦਾ ਹੈ ਤੇ ਕੁਦਰਤੀ ਤੇ ਸਮਾਜਕ ਆਲ਼ੇ ਦੁਆਲ਼ੇ ਬਾਰੇ ਵੀ ਇਕ ਵੱਖਰੀ ਨਜ਼ਰ ਅਪਣਾਉਂਦਾ ਹੈ।

ਮੈਨੂੰ ਇਹ ਗੱਲ ਹਮੇਸ਼ਾ ਹੈਰਾਨ ਕਰਦੀ ਹੈ ਕਿ ਅੱਜੋਕੇ ਸਮੇਂ ਇਨਸਾਨ ਦਾ ਸਮੁੱਚਾ ਜੀਵਨ ਵਿਗਿਆਨ ਦੀਆਂ ਕਾਢਾਂ ਅਨੁਸਾਰ ਚੱਲਦਾ ਹੈ। ਧਾਰਮਿਕ ਅਦਾਰੇ ਵੀ ਕੋਈ ਨਿੱਕੀ ਜਿਹੀ ਗੱਲ ਵੀ ਵਿਗਿਆਨ ਦੀ ਵਰਤੋਂ ਬਿਨਾਂ ਨਹੀਂ ਕਰ ਸਕਦੇ। ਉਦਾਹਰਨ ਵਜੋਂ, ਵਕਤ ਦਾ ਹਿਸਾਬ ਕਿਤਾਬ ਰੱਖਣ ਲਈ ਵੀ ਵਿਗਿਆਨੀਆਂ ਵੱਲੋਂ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਇਜਾਦ ਕੀਤੀ ਘੜੀ ਦੀ ਵਰਤੋਂ ਜ਼ਰੂਰੀ ਹੈ, ਜੋ ਪੀਟਰ ਹੈਨਲਿਨ ਨਾਂ ਦੇ ਜਰਮਨ ਵਿਅਕਤੀ ਦੀ ਕਾਢ ਸੀ। ਪੂਰੀ ਤਰ੍ਹਾਂ ਵਿਗਿਆਨ ਉੱਪਰ ਟੇਕ ਰੱਖਣ ਦੇ ਬਾਵਜੂਦ ਧਰਮਾਂ ਵੱਲੋਂ ਵਿਗਿਆਨ ਨੂੰ ਨਜ਼ਰ ਅੰਦਾਜ਼ ਹੀ ਨਹੀਂ ਕੀਤਾ ਜਾਂਦਾ ਸਗੋਂ ਇਕ ਵਿਰੋਧੀ ਧਿਰ ਵਾਂਗ ਦੇਖਿਆ ਜਾਂਦਾ ਹੈ, ਖਾਸ ਕਰ ਜੇ ਕਿਸੇ ਵੱਲੋਂ ਆਲ਼ੇ ਦੁਆਲ਼ੇ ਨੂੰ ਦੇਖਣ ਸਮਝਣ ਲਈ ਵਿਗਿਆਨਕ ਪਹੁੰਚ ਵਰਤਣ ਦੀ ਕੋਸ਼ਿਸ਼ ਕੀਤੀ ਜਾਵੇ।

ਇਸ ਵੇਲ਼ੇ ਜੇ ਅਸੀਂ ਦੁਨੀਆਂ ਦੇ ਵੱਖ ਵੱਖ ਮੁਲਕਾਂ ਤੇ ਸਮਾਜਾਂ ਦਾ ਮੁਕਾਬਲਾ ਕਰੀਏ ਤਾਂ ਦੇਖਦੇ ਹਾਂ ਕਿ ਉਹ ਸਮਾਜ ਲੋਕਾਂ ਦੇ ਰਹਿਣ ਲਈ ਬੇਹੱਦ ਵਧੀਆ ਹਨ ਜਿੱਥੇ ਲੋਕਾਂ ਨੇ ਧਰਮ ਨੂੰ ਸਿਆਸਤ, ਵਿੱਦਿਆ, ਸਿਹਤ ਅਤੇ ਹੋਰ ਅਜਿਹੇ ਮਹੱਤਵਪੂਰਨ ਅਦਾਰਿਆਂ ਤੋਂ ਦੂਰ ਰੱਖਿਆ ਹੈ। ਅਤੇ ਜਿਨ੍ਹਾਂ ਥਾਵਾਂ 'ਤੇ ਧਰਮ ਅਤੇ ਸਮਾਜ ਦੇ ਦੂਜੇ ਅਦਾਰਿਆਂ ਵਿਚ ਦੂਰੀ ਨਹੀਂ ਹੈ, ਉੱਥੇ ਜੀਵਨ ਏਨਾ ਸੋਹਣਾ ਤੇ ਸੁਖਾਵਾਂ ਨਹੀਂ। ਕਨੇਡਾ ਵੀ ਇਸ ਦੀ ਇਕ ਚੰਗੀ ਉਦਾਹਰਨ ਹੈ। ਜੇ ਏਥੇ ਕਿਸੇ ਵੀ ਧਰਮ ਦਾ ਉਸ ਕਿਸਮ ਦਾ ਸਥਾਨ ਹੁੰਦਾ ਜਿਸ ਕਿਸਮ ਦਾ ਉਦਾਹਰਨ ਵਜੋਂ ਪਾਕਿਸਤਾਨ ਜਾਂ ਕੁਝ ਹੋਰ ਮੁਲਕਾਂ ਵਿਚ ਹੈ ਜਾਂ ਜਿਸ ਦਿਸ਼ਾ ਵਿਚ ਇਸ ਵੇਲੇ ਭਾਰਤ ਤੇਜ਼ੀ ਨਾਲ ਚੱਲ ਰਿਹਾ ਹੈ, ਤਾਂ ਦੂਜੇ ਲੋਕ ਕਦੇ ਵੀ ਏਥੇ ਆ ਕੇ ਏਨਾ ਸੋਹਣਾ ਜੀਵਨ ਨਹੀਂ ਸੀ ਜੀਅ ਸਕਦੇ। ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਸਮਾਜ ਨੂੰ ਹੋਰ ਵੀ ਸੋਹਣਾ ਬਣਾਉਣ ਵਾਸਤੇ ਧਰਮਾਂ ਨੂੰ ਸਿਆਸਤ ਤੇ

ਹੋਰ ਅਦਾਰਿਆਂ ਤੋਂ ਦੂਰ ਰੱਖੀਏ। ਪਰ ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਸਾਡਾ ਆਪਣਾ ਭਾਈਚਾਰਾ ਇਸ ਤੋਂ ਉਲਟ ਚੱਲਣ ਦੀ ਕੋਸ਼ਸ਼ ਵਿਚ ਹੈ। ਇਹ ਰੁਝਾਨ ਨਾ ਸਾਡੇ ਲਈ ਤੇ ਨਾ ਹੀ ਇਸ ਸੋਹਣੇ ਮੁਲਕ ਲਈ ਚੰਗਾ ਹੈ।

ਮੁੱਖ ਧਾਰਾ ਤੋਂ ਪਾਸੇ ਹੋ ਕੇ ਸੋਚਣ ਵਾਲੇ ਲੋਕ ਮਹਿਸੂਸ ਕਰਦੇ ਹਨ ਕਿ ਸਾਡੇ ਭਾਈਚਾਰੇ ਵਿਚ ਇਸ ਸਮੇਂ ਸੰਤੁਲਨ ਨਹੀਂ ਹੈ। ਇਹ ਗੱਲ ਕੋਈ ਛੁਪੀ ਨਹੀਂ ਕਿ ਅਸਲ ਵਿਚ ਬਹੁਤ ਥੋੜ੍ਹੇ ਲੋਕ ਹਨ ਜੋ ਸਹੀ ਅਰਥਾਂ ਵਿਚ ਆਪਣੇ ਧਰਮ ਮੁਤਾਬਕ ਜੀਵਨ ਜੀਉਂਦੇ ਹਨ ਜਾਂ ਅੱਜੋਕੀਆਂ ਸਥਿਤੀਆਂ ਵਿਚ ਜੀਅ ਸਕਦੇ ਹਨ। ਪਰ ਫੇਰ ਵੀ ਸਾਡੇ ਲੋਕਾਂ ਦਾ ਬਹੁਤਾ ਸਮਾਂ ਧਾਰਮਿਕ ਗਤੀਵਿਧੀਆਂ ਵਿਚ ਲੰਘਦਾ ਹੈ। ਇਸ ਦੇ ਨੁਕਸਾਨਾਂ ਵਿਚ ਇਕ ਨੁਕਸਾਨ ਇਹ ਹੈ ਕਿ ਜਿੱਥੇ ਸਾਡਾ ਭਾਈਚਾਰਾ ਬਾਕੀ ਦੇ ਖੇਤਰਾਂ ਵਿਚ ਕਿਸੇ ਨਾਲੋਂ ਘੱਟ ਨਹੀਂ, ਉੱਥੇ ਬੌਧਿਕ ਪੱਧਰ ’ਤੇ ਸ਼ਾਇਦ ਬਹੁਤਿਆਂ ਨਾਲੋਂ ਪਛੜਿਆ ਹੋਇਆ ਹੈ। ਅਸੀਂ ਇੱਕੀਵੀਂ ਸਦੀ ਵਿਚ ਵੀ ਚੌਵੀ ਘੰਟੇ ਆਪਣੇ ਜੱਟ ਹੋਣ ਬਾਰੇ ਹੀ ਗੀਤ ਗਾਈ ਤੇ ਬਜਾਈ ਜਾਂਦੇ ਹਾਂ। ਉਹ ਵੀ ਉਸ ਧਰਮ ਦੇ ਲੋਕ ਜਿਹੜਾ ਧਰਮ ਸ਼ੁਰੂ ਹੀ ਸਮਾਜ ਵਿਚੋਂ ਜਾਤ-ਪਾਤ ਖਤਮ ਕਰਨ ਵਾਸਤੇ ਹੋਇਆ ਸੀ। ਜੱਟਪੁਣੇ ਤੇ ਧਾਰਮਿਕ ਚੱਕਰ ਵਿਚ ਫਸੇ ਜਾਂ ਫਸਾਏ ਸਾਡੇ ਬੱਚੇ ਨਾ ਚੰਗਾ ਸਾਹਿਤ ਪੜ੍ਹ ਜਾਂ ਲਿਖ ਰਹੇ ਹਨ ਤੇ ਨਾ ਹੀ ਉਨ੍ਹਾਂ ਵਿਚੋਂ ਕੋਈ ਸਮਾਜਕ ਵਿਗਿਆਨ ਵਰਗੇ ਵਿਸ਼ਿਆ ਵੱਲ ਜਾ ਰਹੇ ਹਨ ਤਾਂ ਕਿ ਸਮਾਜ ਦੇ ਬਦਲਦੇ ਵਰਤਾਰਿਆਂ ਨੂੰ ਦੇਖਿਆ ਸਮਝਿਆ ਜਾ ਸਕੇ। ਨਤੀਜੇ ਵਜੋਂ ਉਨ੍ਹਾਂ ਵਿਚ ਕੋਈ ਨਵੀਂ ਜਾਂ ਸਮਾਜ ਬਾਰੇ ਚਿੰਤਾ ਵਾਲੀ ਸੋਚ ਪੈਦਾ ਨਹੀਂ ਹੋ ਰਹੀ ਦਿਸਦੀ। ਇਸ ਦੀ ਉਦਾਹਰਨ ਵਜੋਂ ਅਸੀਂ ਹਾਲ ਹੀ ਵਿਚ ਵਾਪਰੀ ਘਟਨਾ ਦੇਖ ਸਕਦੇ ਹਾਂ। ਪੰਜਾਬੀ ਭਾਈਚਾਰੇ ਨਾਲ ਸੰਬੰਧਤ ਇਕ ਨੌਜਵਾਨ ਗਾਇਕ ਸਿੱਧੂ ਮੂਸੇਵਾਲ਼ਾ ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਭਰ ਜਵਾਨੀ ਵਿਚ ਕਲਾਤਮਿਕ ਗੁਣਾਂ ਵਾਲ਼ੇ ਨੌਜਵਾਨ ਦਾ ਕਤਲ ਸਿਰਫ ਉਹਦੇ ਮਾਪਿਆਂ ਲਈ ਹੀ ਨਹੀਂ ਹਰ ਕਿਸੇ ਲਈ ਇਕ ਸੋਗਮਈ ਤੇ ਫਿਕਰ ਵਾਲੀ ਗੱਲ ਹੈ। ਪਰ ਨਾਲ ਹੀ ਅਤੇ ਇਸ ਤੋਂ ਵੀ ਵੱਧ ਫਿਕਰ ਵਾਲੀ ਗੱਲ ਇਹ ਹੈ ਜਾਂ ਹੋਣੀ ਚਾਹੀਦੀ ਹੈ ਕਿ ਉਸ ਦੇ ਜੱਟਵਾਦ ਤੇ ਹਥਿਆਰਾਂ ਦੇ ਸੋਹਲੇ ਗਾਉਂਦੇ ਗੀਤਾਂ ਨੂੰ ਪਸੰਦ ਕਰਨ ਵਾਲ਼ੇ ਨੌਜਵਾਨਾਂ ਦੀ ਗਿਣਤੀ ਲੱਖਾਂ ਵਿਚ ਹੈ। ਜੇ ਇਨ੍ਹਾਂ, ਖਾਸ ਕਰ ਪੰਜਾਬੀ/ਸਿੱਖ, ਨੌਜਵਾਨਾਂ ਬਾਰੇ ਸੋਚਿਆ ਵਿਚਾਰਿਆ ਜਾਵੇ ਕਿ ਇਨ੍ਹਾਂ ਦੀ ਇਸ ਸੋਚ ਦਾ ਆਧਾਰ ਕੀ ਹੈ ਤਾਂ ਸ਼ਾਇਦ ਧਰਮ ਉੱਪਰ ਟੇਕ ਤੋਂ ਬਿਨਾਂ ਹੋਰ ਕੋਈ ਆਧਾਰ ਸਾਹਮਣੇ ਨਾ ਆਵੇ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਸਾਰੇ ਲੋਕ ਧਾਰਮਿਕ ਹਨ ਜਾਂ ਧਰਮ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ, ਪਰ ਉਹ ਆਪਣੇ ਜੀਵਨ ਦੇ ਇਸ ਪੱਖ ਬਾਰੇ ਗੰਭੀਰਤਾ ਨਾਲ ਕਦੇ ਸੋਚਦੇ ਨਹੀਂ ਤੇ ਨਾ ਹੀ ਇਸਦੀ ਲੋੜ ਮਹਿਸੂਸ ਕਰਦੇ ਹਨ। ਮੇਰੀ ਸਮਝ ਵਿਚ ਇਸ ਦਾ ਕਾਰਨ ਇਹ ਆਉਂਦਾ ਹੈ ਕਿ ਕਿਉਂਕਿ ਉਹ ਕਦੇ ਕਦਾਈਂ ਗੁਰਦਵਾਰੇ ਚਲੇ ਜਾਂਦੇ ਹਨ ਤੇ ਸ਼ਰਧਾ ਅਨੁਸਾਰ ਮੱਥਾ ਟੇਕਦੇ ਹਨ, ਕਦੇ ਕਿਸੇ ਧਾਰਮਿਕ ਵਿਅਕਤੀ ਨਾਲ ਬੁਰਾ ਸਲੂਕ ਨਹੀਂ ਕਰਦੇ ਅਤੇ ਸਾਲ ਵਿਚ ਇਕ ਅੱਧ ਵਾਰ ਵਿਸਾਖੀ ਦੇ ਮੇਲੇ ’ਤੇ ਸਿਰ ’ਤੇ ਪੱਗੜੀ ਸਜਾ ਲੈਂਦੇ ਹਨ, ਇਸ ਨਾਲ ਉਹ ਮਹਿਸੂਸ ਕਰਦੇ ਹਨ ਕਿ ਜੀਵਨ ਦੇ ਇਸ ਪੱਖ ਬਾਰੇ (ਉਦਾਹਰਨ ਵਜੋਂ ਨੈਤਿਕਤਾ ਬਾਰੇ) ਉਨ੍ਹਾਂ ਨੂੰ ਹੋਰ ਸੋਚਣ ਜਾਂ ਕੁਝ ਕਰਨ ਦੀ ਲੋੜ ਨਹੀਂ।

ਦੂਜੇ ਭਾਈਚਾਰਿਆਂ ਨਾਲ ਮੁਕਾਬਲਾ ਕਰਨ ’ਤੇ ਅਸੀਂ ਦੇਖਦੇ ਹਾਂ ਕਿ ਜਿੱਥੇ ਦੂਜੇ ਲੋਕ ਸਮਾਜ ਦੇ ਕੰਮ ਸਮਾਜ ਜਾਂ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਕਰਦੇ ਹਨ, ਜਿਵੇਂ ਕਿ ਵਾਤਾਵਰਨ ਦੀ ਰੱਖਿਆ, ਜੰਗ ਦਾ ਵਿਰੋਧ, ਮਨੁੱਖਤਾ ਲਈ ਘਾਤਕ ਆਰਥਿਕ ਢਾਂਚੇ ਪੂੰਜੀਵਾਦ ਦਾ ਵਿਰੋਧ, ਦੱਬੇ ਕੁਚਲੇ ਤੇ ਗ਼ਰੀਬ ਲੋਕਾਂ ਦੇ ਹੱਕਾਂ ਲਈ ਘੋਲ਼ ਆਦਿ, ਉੱਥੇ ਸਾਡੇ ਲੋਕ ਅਜਿਹੇ ਕੰਮਾਂ ਵਿਚ ਜਾਂ ਤਾਂ ਹਿੱਸਾ ਹੀ ਨਹੀਂ ਲੈਂਦੇ ਤੇ ਜੇ ਹਿੱਸਾ ਲੈਂਦੇ ਵੀ ਹਨ ਤਾਂ ਸਿਰਫ ਆਪਣੇ ਧਰਮ ਨੂੰ ਅੱਗੇ ਰੱਖ ਕੇ।

ਭਾਵੇਂ ਇਹ ਕੋਈ ਏਡੀ ਬੁਰੀ ਗੱਲ ਨਹੀਂ ਪਰ ਧਿਆਨ ਨਾਲ ਦੇਖਿਆਂ ਇਸ ਵਰਤਾਰੇ ਪਿੱਛੇ ਕਿਤੇ ਨਾ ਕਿਤੇ ਦੋ ਗੱਲਾਂ ਛੁਪੀਆਂ ਹੁੰਦੀਆਂ ਹਨ। ਇਕ ਤਾਂ ਵਿਅਕਤੀਗਤ ਪੱਧਰ 'ਤੇ ਪਰਮਾਤਮਾ ਨੂੰ ਖੁਸ਼ ਕਰਨ ਦੀ ਖਾਹਿਸ਼ ਤੇ ਦੂਜਾ ਆਪਣੇ ਧਰਮ ਨੂੰ ਅੱਗੇ ਵਧਾਉਣ ਦੀ ਖਾਹਿਸ਼। ਮੇਰੇ ਵਿਚਾਰ ਵਿਚ ਇਹ ਦੋਵੇਂ ਕਾਰਨ ਖੁਦਗ਼ਰਜ਼ੀ ਵਾਲ਼ੇ (selfish) ਹਨ। ਸਮਾਜ ਦੇ ਕੰਮ ਸਮਾਜ ਦੀ ਭਲਾਈ ਨੂੰ ਅੱਗੇ ਰੱਖ ਕੇ ਕਰਨੇ ਚਾਹੀਦੇ ਹਨ, ਨਾ ਕਿ ਜਾਤੀ ਫਾਇਦਿਆਂ ਨੂੰ ਅੱਗੇ ਰੱਖ ਕੇ। ਇਸ ਦਾ ਨਤੀਜਾ ਇਹ ਹੈ ਕਿ ਜਿੱਥੇ ਨਗਰ ਕੀਰਤਨਾਂ ਸਮੇਂ ਲੱਖਾਂ ਲੋਕ ਇਕੱਠੇ ਹੋ ਜਾਂਦੇ ਹਨ, ਉੱਥੇ ਲੋਕਾਂ ਵੱਲੋਂ ਚਲਾਏ ਜਾਂਦੇ ਘੋਲ਼ਾਂ, ਭਾਵੇਂ ਉਹ ਨਸਲਵਾਦ ਤੇ ਜੰਗ ਦਾ ਵਿਰੋਧ ਹੋਵੇ ਤੇ ਭਾਵੇਂ ਵਾਤਾਵਰਨ ਦੀ ਰੱਖਿਆ, ਉੱਥੇ ਸਾਡੇ ਲੋਕਾਂ ਵਿਚੋਂ 'ਕੱਲਾ ਕਹਿਰਾ ਬੰਦਾ ਹੀ ਪਹੁੰਚਦਾ ਹੈ।

ਸਵਾਲ: **ਆਸਤਿਕ ਜਾਂ ਨਾਸਤਿਕ ਹੋਣਾ ਹਰ ਕਿਸੇ ਦਾ ਇਕ ਜਾਤੀ ਮਾਮਲਾ ਹੈ. ਤੁਸੀਂ ਇਸ ਨੂੰ ਸ਼ਰ੍ਹੇਆਮ ਕਿਉਂ ਲੋਕਾਂ ਵਿਚ ਵਿਚਾਰਨਾ ਚਾਹੁੰਦੇ ਹੋ?**

ਜਵਾਬ: ਵਿਅਕਤੀ ਦੀ ਪੱਧਰ 'ਤੇ ਇਹ ਸੰਭਵ ਹੈ ਕਿ ਰੱਬ ਵਿਚ ਯਕੀਨ ਵਿਅਕਤੀ ਨੂੰ ਔਖੀਆਂ ਘੜੀਆਂ ਦੌਰਾਨ ਰਾਹਤ ਦਾ ਅਹਿਸਾਸ ਕਰਵਾਉਂਦਾ ਹੋਵੇ। ਕੋਈ ਵੀ ਵਿਅਕਤੀ ਆਪਣੇ ਜੀਵਨ ਵਾਸਤੇ ਸੇਧ ਤੇ ਸ਼ਕਤੀ ਕਿਸੇ ਥਾਂ ਤੋਂ ਵੀ ਲਵੇ, ਇਹ ਉਸਦੀ ਵਿਅਕਤੀਗਤ ਚੋਣ ਹੈ। ਸੋ ਮੈਂ ਉਨ੍ਹਾਂ ਦੇ ਇਸ ਹੱਕ ਦੀ ਕਦਰ ਕਰਦਾ ਹਾਂ ਪਰ ਆਸ ਕਰਦਾ ਹਾਂ ਕਿ ਉਹ ਮੇਰੇ ਵੱਖਰੇ ਵਿਚਾਰ ਰੱਖਣ ਦੇ ਹੱਕ ਦੀ ਵੀ ਕਦਰ ਕਰਨ। ਨਾਲ ਹੀ ਮੈਂ ਨਾਸਤਿਕਤਾ ਬਾਰੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ ਜੋ ਮੈਂ ਜਾਂ ਦੂਜੇ ਨਾਸਤਿਕ ਲੋਕ ਮਹਿਸੂਸ ਕਰਦੇ ਹਨ ਕਿ ਨਾਸਤਿਕ ਹੋਣ ਨਾਲ ਉਨ੍ਹਾਂ ਦੇ ਜੀਵਨ ਵਿਚ ਕੀ ਫਰਕ ਪਿਆ ਹੈ ਤੇ ਉਹ ਕਿਸ ਤਰ੍ਹਾਂ ਜੀਵਨ ਨੂੰ ਦੇਖਦੇ ਮਾਣਦੇ ਹਨ। ਨਾਸਤਿਕ ਹੋਣਾ ਸੱਚਮੁੱਚ ਆਜ਼ਾਦ ਹੋਣਾ ਹੈ। ਇਹ ਆਜ਼ਾਦੀ ਤੁਸੀਂ ਸਿਰਫ ਨਾਸਤਿਕ ਸੋਚ ਅਪਣਾ ਕੇ ਹੀ ਮਹਿਸੂਸ ਕਰ ਸਕਦੇ ਹੋ। ਆਲ਼ੇ ਦੁਆਲ਼ੇ ਦੀ ਕੁਦਰਤ, ਧਰਤੀ, ਅਸਮਾਨ, ਸਿਤਾਰੇ, ਦੁਨੀਆਂ ਦੇ ਲੋਕ, ਗੱਲ ਕੀ ਹਰ ਸ਼ੈਅ ਵੱਲ ਹੀ ਤੁਹਾਡਾ ਨਜ਼ਰੀਆ ਬਦਲ ਜਾਂਦਾ ਹੈ ਤੇ ਤੁਸੀਂ ਇਕ ਬਿਲਕੁਲ ਵੱਖਰੇ ਤਰੀਕੇ ਸਾਰੀ ਕਾਇਨਾਤ ਨਾਲ ਜੁੜੇ ਮਹਿਸੂਸ ਕਰਦੇ ਹੋ। ਨਾ ਤੁਹਾਨੂੰ ਕਿਸੇ ਪਿਛਲੇ ਜਨਮ 'ਚ ਕੀਤੇ ਮਾੜੇ ਕੰਮਾਂ ਦਾ ਡਰ ਰਹਿੰਦਾ ਹੈ ਤੇ ਨਾ ਸਵਰਗ ਨਰਕ ਦਾ ਡਰ। ਤੁਸੀਂ ਸੱਚਮੁੱਚ ਇਸ ਧਰਤੀ 'ਤੇ ਇਸ ਧਰਤੀ ਦੇ ਹੋ ਕੇ ਜੀਉਂਦੇ ਮਹਿਸੂਸ ਕਰਦੇ ਹੋ। ਮਨੁੱਖਤਾ ਬਾਰੇ ਚੰਗੀ ਸੋਚ ਰੱਖਣ ਵਾਲੇ ਆਸਤਿਕ ਲੋਕਾਂ ਲਈ ਵੀ ਉਨ੍ਹਾਂ ਦੇ ਧਰਮ ਤੇ ਦੂਜੇ ਧਰਮਾਂ ਦੇ ਲੋਕਾਂ ਦਰਮਿਆਨ ਇਕ ਹੱਦ ਹੁੰਦੀ ਹੈ, ਨਾਸਤਿਕ ਲੋਕਾਂ ਦੀ ਨਜ਼ਰ ਵਿਚ ਇਹੋ ਜਿਹੀ ਕੋਈ ਹੱਦ ਨਹੀਂ ਹੁੰਦੀ। ਉਹ ਸਮੁੱਚੀ ਮਨੁੱਖਤਾ ਨੂੰ ਹੀ ਸਹੀ ਅਰਥਾਂ ਵਿਚ ਕਲਾਵੇ ਵਿਚ ਲੈਣ ਯੋਗ ਹੁੰਦੇ ਹਨ।

ਹਾਂ, ਮੈਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਰੱਬ ਜਾਂ ਧਰਮ ਵਿਚ ਵਿਸ਼ਵਾਸ ਹਰ ਕਿਸੇ ਦਾ ਜਾਤੀ ਮਾਮਲਾ ਹੈ ਅਤੇ ਕਿਸੇ ਨੂੰ ਉਸ ਵਿਚ ਦਖਲਅੰਦਾਜ਼ੀ ਦਾ ਕੋਈ ਅਧਿਕਾਰ ਨਹੀਂ। ਹਰ ਸਮਾਜ ਅੰਦਰ ਕੁਝ ਲੋਕ ਹੁੰਦੇ ਹਨ ਜੋ ਆਪਣੇ ਵਿਸ਼ਵਾਸ ਨੂੰ ਆਪਣੇ ਤਕ ਸੀਮਤ ਰੱਖਦੇ ਹਨ ਜਾਂ ਰੱਖ ਸਕਦੇ ਹਨ, ਅਤੇ ਜੇ ਇਸ ਮਾਮਲੇ ਨੂੰ ਸੱਚਮੁੱਚ ਜਾਤੀ ਪੱਧਰ ਉੱਤੇ ਰਹਿਣ ਦਿੱਤਾ ਜਾਵੇ ਤਾਂ ਮੈਨੂੰ ਵੀ ਇਸ ਨਾਲ ਕੋਈ ਸਮੱਸਿਆ ਨਹੀਂ, ਸਗੋਂ ਖੁਸ਼ੀ ਹੋਵੇਗੀ। ਪਰ ਅਸਲੀਅਤ ਇਹ ਹੈ ਕਿ ਇਸ ਨੂੰ ਕਦੇ ਵੀ ਜਾਤੀ ਪੱਧਰ ਤਕ ਸੀਮਤ ਰਹਿਣ ਨਹੀਂ ਦਿੱਤਾ ਜਾਂਦਾ ਅਤੇ ਵੱਡੀ ਗਿਣਤੀ ਲੋਕਾਂ ਦਾ ਵਿਸ਼ਵਾਸ ਇਕ ਸਮੂਹ ਦਾ ਹਿੱਸਾ ਹੁੰਦਾ ਹੈ। ਤੇ ਉਸ ਵਿਸ਼ਵਾਸੀ ਸਮੂਹ ਨੂੰ ਚਲਾਉਣ ਵਾਲ਼ੇ ਕੁਝ ਲੋਕ ਜਾਂ ਸੰਸਥਾਵਾਂ ਹੁੰਦੀਆਂ ਹਨ ਅਤੇ ਨਤੀਜੇ ਵਜੋਂ ਕੇਂਦਰ ਵਿਚ ਵਿਅਕਤੀ ਨਹੀਂ ਸਗੋਂ ਸਮੂਹ ਆ ਜਾਂਦਾ ਹੈ। ਤੇ ਉਸ ਸਮੂਹ ਨੂੰ ਚਲਦਾ ਰੱਖਣ ਲਈ ਅਤੇ ਉਸ ਕਿਸਮ ਦੇ ਦੂਜੇ ਸਮੂਹਾਂ ਦੇ ਮੁਕਾਬਲੇ ਵਧੀਆ ਬਣਾਉਣ ਲਈ ਇਕ ਵੱਖਰੀ ਕਿਸਮ ਦੇ ਢਾਂਚੇ ਦੀ ਲੋੜ ਹੁੰਦੀ ਹੈ, ਜਿਸ ਵਿਚ ਵਿਅਕਤੀ ਦੀਆਂ ਨਹੀਂ ਸਗੋਂ ਉਸ ਸਮੂਹ ਦੀਆਂ ਲੋੜਾਂ ਮੁੱਖ ਹੁੰਦੀਆਂ ਹਨ। ਅਤੇ ਅਸੀਂ ਦੇਖਦੇ ਹਾਂ

ਕਿ ਥੋੜ੍ਹੇ ਬਹੁਤੇ ਫਰਕ ਨਾਲ ਤਕਰੀਬਨ ਹਰ ਜਗ੍ਹਾ ਵਿਸ਼ਵਾਸ ਵਾਲ਼ੇ ਲੋਕ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਧਾਰਮਿਕ ਸਮੂਹ ਨੂੰ ਵਧਾਉਣ ਦੇ ਯਤਨਾਂ ਵਜੋਂ ਆਪਣੇ ਧਰਮ ਦਾ ਸੁਨੇਹਾ ਹਰ ਵੇਲ਼ੇ ਤੁਹਾਡੇ ਤਕ ਪਹੁੰਚਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਉਦਾਹਰਨ ਵਜੋਂ, ਪੰਜਾਬ ਦੇ ਛੋਟੇ ਛੋਟੇ ਪਿੰਡਾਂ ਵਿਚ ਵੀ, ਦਿਨ ਚੜ੍ਹਨ ਤੋਂ ਪਹਿਲਾਂ ਹੀ, ਇਕ ਤੋਂ ਵੱਧ ਗੁਰਦਵਾਰਿਆਂ ਉਪਰ ਲੱਗੇ ਸਪੀਕਰ ਤੁਹਾਨੂੰ ਪਰਮਾਤਮਾ ਨਾਲ ਜੋੜਨਾ ਸ਼ੁਰੂ ਕਰ ਦਿੰਦੇ ਹਨ। ਸਾਡੇ ਏਥੇ ਵੈਨਕੂਵਰ ਦੇ ਆਸ ਪਾਸ ਸਵੇਰੇ ਸਵੇਰੇ ਕੋਈ ਪੰਜਾਬੀ ਰੇਡੀਓ ਜਾਂ ਟੀ ਵੀ ਲਾ ਕੇ ਸੁਣੋ/ਦੇਖੋ, ਉਸ ਉਪਰ ਕਿਸੇ ਨਾ ਕਿਸੇ ਤਰੀਕੇ ਪਰਮਾਤਮਾ ਦਾ ਹੀ ਗੁਣਗਾਣ ਹੋ ਰਿਹਾ ਹੋਵੇਗਾ। ਏਥੋਂ ਦੀ ਕੋਈ ਪੰਜਾਬੀ ਅਖਬਾਰ ਚੁੱਕ ਲਵੋ, ਉਸ ਵਿਚ ਬਹੁਤ ਕੁਝ ਧਰਮ ਬਾਰੇ ਦੇਖਣ ਪੜ੍ਹਨ ਨੂੰ ਮਿਲੇਗਾ, ਜੋ ਸਮਾਜ ਦੇ ਦੂਜੇ ਮਸਲਿਆਂ ਨਾਲੋਂ ਕਿਤੇ ਵੱਧ ਅਨੁਪਾਤ ਵਿਚ ਹੋਵੇਗਾ।

ਜੀਵਨ ਨੂੰ ਚੱਲਦਾ ਰੱਖਣ ਲਈ ਅਤੇ ਆਪਣੀ ਸੁਰੱਖਿਆ ਵਜੋਂ ਹਰ ਇਨਸਾਨ ਵਾਸਤੇ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਜੀਵਨ ਦੇ ਮੁੱਢਲੇ ਸਮੇਂ ਉਹਨੂੰ ਜਨਮ ਦੇਣ ਤੇ ਪਾਲਣ ਵਾਲ਼ਿਆਂ ਦੀਆਂ ਗੱਲਾਂ ਉੱਤੇ ਬਿਨਾਂ ਕੋਈ ਕਿੰਤੂ ਕੀਤਿਆਂ ਵਿਸ਼ਵਾਸ ਕਰੇ। ਇਸ ਤਰ੍ਹਾਂ ਜਿਸ ਵੀ ਸਭਿਆਚਾਰ ਵਿਚ ਉਹ ਪੈਦਾ ਹੁੰਦਾ ਜਾਂ ਹੁੰਦੀ ਹੈ ਉਹ ਉੱਥੋਂ ਦੀ ਬੋਲੀ, ਰਸਮੋ ਰਿਵਾਜ ਸਿੱਖਦਾ ਹੈ ਜਿਸ ਵਿਚ ਧਾਰਮਿਕ ਸਿੱਖਿਆ ਵੀ ਸ਼ਾਮਲ ਹੁੰਦੀ ਹੈ। ਭਾਵੇਂ ਅਸਲੀਅਤ ਇਹ ਹੈ ਕਿ ਹਰ ਇਨਸਾਨ ਜੰਮਣ ਵੇਲ਼ੇ ਕਿਸੇ ਕਿਸਮ ਦੀ ਵੀ ਸੂਝ, ਸਣੇ ਧਾਰਮਿਕ ਸੂਝ ਦੇ, ਲੈ ਕੇ ਪੈਦਾ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿਚ ਇਸ ਪੱਖੋਂ ਉਹ ਨਾਸਤਿਕ ਹੁੰਦਾ ਹੈ, ਪਰ ਬਚਪਨ ਵਿਚ ਮਿਲ਼ੀ ਸਿੱਖਿਆ ਦੇ ਨਤੀਜੇ ਵਜੋਂ ਹਰ ਕਿਸੇ ਨੂੰ ਅਚੇਤਨ ਹੀ ਇਹ ਮਹਿਸੂਸ ਹੋਣ ਲੱਗਦਾ ਹੈ ਕਿ ਹਰ ਵਿਅਕਤੀ ਧਾਰਮਿਕ ਹੀ ਪੈਦਾ ਹੁੰਦਾ ਹੈ ਤੇ ਧਰਮ ਨੂੰ ਮੰਨਣਾ ਇਨਸਾਨ ਹੋਣ ਦਾ ਮੁੱਢਲਾ ਕੁਦਰਤੀ ਵਰਤਾਰਾ ਹੈ। ਨਤੀਜੇ ਵਜੋਂ ਇਹ ਮਾਹੌਲ ਆਸਤਿਕ ਨੂੰ (ਸ਼ਰਧਾ ਵੱਸ) ਬਿਲਕੁਲ 'ਕੁਦਰਤੀ' ਜਾਪਦਾ ਹੈ ਜਦ ਕਿ ਨਾਸਤਿਕ ਵਿਅਕਤੀ (ਜਿਸ ਨੇ ਆਪਣੇ ਜੀਵਨ ਦੇ ਤਜਰਬੇ ਦੇ ਆਧਾਰ ਉੱਤੇ ਸ਼ਰਧਾ ਤੋਂ ਪਾਸਾ ਵੱਟ ਲਿਆ ਹੁੰਦਾ ਹੈ ਤੇ ਵਿਸ਼ਵਾਸ ਉੱਤੇ ਕਿੰਤੂ ਕਰਦਾ ਹੈ) ਲਈ ਇਹ ਵਰਤਾਰਾ ਕੁਦਰਤੀ ਨਹੀਂ ਸਗੋਂ ਆਸਤਿਕਾਂ ਵੱਲੋਂ ਹਰ ਸੰਭਵ ਕੋਸ਼ਿਸ਼ ਨਾਲ ਕਾਇਮ ਕੀਤਾ ਤੇ ਕਾਇਮ ਰੱਖਿਆ ਜਾ ਰਿਹਾ ਵਰਤਾਰਾ ਹੈ। ਇਹ ਗੱਲ ਠੀਕ ਹੈ ਕਿ ਧਾਰਮਿਕ ਵਿਸ਼ਵਾਸ ਵਿਅਕਤੀ ਦੀ ਪੱਧਰ ਉੱਤੇ ਵਿਸ਼ਵਾਸੀ ਲਈ ਸ਼ਾਂਤੀ ਦਾ ਸੋਮਾ ਹੁੰਦਾ ਹੈ ਤੇ ਸਮਾਜਕ ਪੱਧਰ ਉੱਤੇ ਵੀ ਉਹਦੇ ਲਈ ਉਹਦੇ ਵਿਸ਼ਵਾਸ ਵਾਲ਼ੇ ਦੂਜੇ ਲੋਕਾਂ ਨਾਲ ਮਿਲਣ ਜੁਲਣ ਦੇ ਹਾਲਾਤ ਤੇ ਮੌਕੇ ਪੈਦਾ ਕਰਦਾ ਹੈ ਅਤੇ ਉਹਨੂੰ ਮਾਨਸਿਕ ਤਸੱਲੀ ਅਤੇ ਸ਼ਕਤੀ ਦਿੰਦਾ ਹੈ। ਪਰ ਇਹ ਇਕ ਵਿਸ਼ਵਾਸ ਵਾਲ਼ੇ ਲੋਕਾਂ ਵਿਚ ਤਾਂ ਕੁਝ ਹੱਦ ਤਕ ਨੇੜਤਾ ਪੈਦਾ ਕਰਦਾ ਹੈ ਜਦ ਕਿ ਦੁਨੀਆ ਦੇ ਬਾਕੀ ਇਨਸਾਨਾਂ ਤੋਂ ਉਸ ਨੂੰ ਤੋੜ ਦਿੰਦਾ ਹੈ, ਜੋ ਕਿ ਗ਼ੈਰ-ਕੁਦਰਤੀ ਹੈ ਤੇ ਇਨਸਾਨੀਅਤ ਲਈ ਨੁਕਸਾਨਦੇਹ ਵੀ। ਹਰ ਧਰਮ ਦੀ ਹੁਣ ਤਕ ਦੀ ਕਾਰਗੁਜ਼ਾਰੀ ਵੱਲ ਨਿਗਾਹ ਮਾਰਿਆਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਧਰਮ ਸਮਾਜਾਂ ਲਈ ਇਕ ਨੁਕਸਾਨਦੇਹ ਵਤੀਰਾ ਰਿਹਾ ਹੈ। ਸੋ ਇਕ ਨਾਸਤਿਕ ਵਿਅਕਤੀ ਵਾਸਤੇ ਇਸ ਗ਼ੈਰ-ਕੁਦਰਤੀ ਵਰਤਾਰੇ ਨੂੰ ਘਟਾਉਣ ਜਾਂ ਹਟਾਉਣ ਦੀ ਖਾਹਿਸ਼ ਵਿਚੋਂ ਪੈਦਾ ਹੁੰਦੀ ਹੈ ਇਸ ਬਾਰੇ ਗੱਲਬਾਤ ਚਲਾਉਣ ਦੀ ਲੋੜ। ਮੈਂ ਕਾਫੀ ਕੁਝ ਪੜ੍ਹ ਵਿਚਾਰ ਕੇ ਹੌਲ਼ੀ ਹੌਲ਼ੀ ਬਣਿਆਂ ਨਾਸਤਿਕ ਹਾਂ ਤੇ ਸਮੇਂ ਤੇ ਉਮਰ ਦੇ ਨਾਲ ਨਾਲ ਮੇਰੇ ਇਹ ਵਿਚਾਰ ਪੱਕੇ ਹੁੰਦੇ ਗਏ ਹਨ। ਮੇਰੀ ਖਾਹਿਸ਼ ਹੈ ਕਿ ਮੇਰੇ ਭਾਈਚਾਰੇ ਦੇ ਹੋਰ ਲੋਕ ਵੀ ਸਮਾਂ ਵਿਹਾ ਚੁੱਕੇ ਇਨ੍ਹਾਂ ਵਿਸ਼ਵਾਸਾਂ ਨੂੰ ਛੱਡਣ ਤੇ ਸਾਫ ਸੁਥਰੀ ਸੋਚ ਅਪਨਾਉਣ ਅਤੇ ਸਮਾਜ ਨੂੰ ਪਿਛਲੀਆਂ ਸਦੀਆਂ ਵਿਚੋਂ ਕੱਢ ਕੇ ਅੱਜੋਕੇ ਸਮੇਂ ਦੇ ਹਾਣ ਦਾ ਬਣਾਉਣ।

ਸਵਾਲ: **ਕੀ ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਬਹਿਸ ਕਰਨ ਦਾ ਕੋਈ ਫਾਇਦਾ ਵੀ ਹੈ, ਜਾਂ ਇਸ ਵਿਚ ਕੋਈ ਸਾਰਥਿਕਤਾ ਵੀ ਹੈ?**

ਜਵਾਬ: ਹਾਂ ਮੇਰੇ ਖਿਆਲ ਵਿਚ ਹੈ। ਦੁਨੀਆ ਭਰ ਵਿਚ ਹਰ ਇਨਸਾਨ ਦਾ ਕਿਸੇ ਨਾ ਕਿਸੇ ਅਦਿੱਖ ਸ਼ਕਤੀ ਵਿਚ ਵਿਸ਼ਵਾਸ ਦਾ ਮੁੱਖ ਕਾਰਨ ਉਸ ਨੂੰ ਉਸ ਦੇ ਬਚਪਨ ਵਿਚ ਉਸ ਦੇ ਮਾਪਿਆਂ ਅਤੇ ਉਸ ਦੇ ਚੌਗਿਰਦੇ ਤੋਂ ਮਿਲੀ ਜਾਣਕਾਰੀ ਤੇ ਸਿੱਖਿਆ ਹੀ ਹੁੰਦਾ ਹੈ। ਇਹੀ ਕਾਰਨ ਹੈ ਕਿ ਹਰ ਵਿਅਕਤੀ ਉਸ ਹੀ ਧਰਮ ਜਾਂ ਵਿਸ਼ਵਾਸ ਦਾ ਧਾਰਨੀ ਹੁੰਦਾ ਹੈ ਜਿਸ ਦੇ ਧਾਰਨੀ ਉਸ ਦੇ ਮਾਪੇ ਹੁੰਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਜਿਹੜੇ ਲੋਕ ਅੱਜੋਕੇ ਸਮੇਂ ਵਿਚ ਨਾਸਤਿਕ ਹਨ ਜਾਂ ਕਿਸੇ ਕਿਸਮ ਦੀ ਅਣਦਿਸਦੀ ਸ਼ਕਤੀ ਵਿਚ ਯਕੀਨ ਨਹੀਂ ਕਰਦੇ, ਉਹ ਜੀਵਨ ਵਿਚ ਕਿਸੇ ਨਾ ਕਿਸੇ ਪੜਾਅ 'ਤੇ ਕਿਸੇ ਹੋਰ ਦੀਆਂ ਗੱਲਾਂ ਜਾਂ ਲਿਖਤਾਂ ਤੋਂ ਪ੍ਰਭਾਵਤ ਹੋਏ ਹੋਣਗੇ ਤੇ ਆਪਣੇ ਬਚਪਨ ਵਿਚ ਸਿੱਖੇ ਵਿਸ਼ਵਾਸ ਕਰਨ ਦੇ ਰਾਹ ਤੋਂ ਪਾਸੇ ਹੋ ਕੇ ਖੁਦ ਸਵਾਲ ਕਰਨ ਤੇ ਜਾਨਣ ਦੇ ਰਾਹ ਪਏ ਹੋਣਗੇ। ਜੇ ਉਨ੍ਹਾਂ ਦੇ ਆਸੇ ਪਾਸੇ ਇਸ ਕਿਸਮ ਦੀ ਗੱਲਬਾਤ ਨਾ ਚੱਲਦੀ ਹੁੰਦੀ ਤਾਂ ਸੰਭਵ ਹੈ ਕਿ ਉਹ ਅਜੇ ਵੀ ਜੋ ਕੁਝ ਉਨ੍ਹਾਂ ਨੇ ਸਿੱਖਿਆ ਸੀ ਉਸੇ 'ਤੇ ਹੀ ਵਿਸ਼ਵਾਸ ਕਰਦੇ ਰਹਿੰਦੇ। ਇਹ ਗੱਲ ਵੀ ਉਨੀ ਹੀ ਸਹੀ ਹੈ ਕਿ ਆਸੇ ਪਾਸੇ ਦੇ ਨਵੇਂ ਵਿਚਾਰਾਂ ਦਾ ਅਸਰ ਹਰ ਕਿਸੇ 'ਤੇ ਨਹੀਂ ਹੁੰਦਾ ਜਾਂ ਇਕੋ ਜਿਹਾ ਨਹੀਂ ਹੁੰਦਾ ਤੇ ਹੁੰਦਾ ਵੀ ਬਹੁਤ ਘੱਟ ਲੋਕਾਂ 'ਤੇ ਹੈ। ਪਰ ਮੇਰਾ ਮੰਨਣਾ ਹੈ ਕਿ ਜੇ ਇਸ ਕਿਸਮ ਦੇ ਵਿਚਾਰ ਵਟਾਂਦਰੇ ਨਾਲ ਕਿਸੇ ਵੀ ਵਿਸ਼ਵਾਸੀ ਦਾ ਮਨ ਨਾ ਵੀ ਬਦਲਿਆ ਜਾ ਸਕਦਾ ਹੋਵੇ, ਫੇਰ ਵੀ ਇਸ ਦਾ ਅਸਲੀ ਫਾਇਦਾ ਇਹ ਵਿਚਾਰ ਕਰਨ ਵਾਲ਼ੇ ਨੂੰ ਹੋਵੇਗਾ ਕਿ ਉਹ ਆਪਣੇ ਖਿਆਲਾਂ ਨੂੰ ਹੋਰ ਸਫਾਈ ਤੇ ਪੱਕਿਆਈ ਨਾਲ ਕਹਿਣ ਤੇ ਦਰਸਾਉਣ ਵਿਚ ਮੁਹਾਰਤ ਹਾਸਿਲ ਕਰੇਗਾ। ਨਾਲ ਹੀ ਇਹ ਵੀ ਸੰਭਵ ਹੈ ਕਿ ਤੁਹਾਡੀ ਗੱਲਬਾਤ ਸੁਣਨ ਵਾਲ਼ਿਆਂ ਵਿਚ ਕੁਝ ਉਹ ਲੋਕ ਵੀ ਹੋਣ, ਜੋ ਖੁਦ ਵੀ ਇਸ ਕਿਸਮ ਦੇ ਸਵਾਲਾਂ ਨਾਲ ਅੰਦਰੋਂ ਦੋ ਚਾਰ ਹੋ ਰਹੇ ਹੋਣ ਪਰ ਉਨ੍ਹਾਂ ਨੂੰ ਕੋਈ ਜਾਤੀ ਤਜਰਬਾ ਨਾ ਹੋਣ ਕਾਰਨ ਉਹ ਆਪਣੇ ਸਵਾਲਾਂ ਦੇ ਸਹੀ ਜਵਾਬ ਨਾ ਭਾਲ਼ ਸਕਦੇ ਹੋਣ ਜਾਂ ਉਨ੍ਹਾਂ ਅੰਦਰ ਅਜੇ ਏਨਾ ਹੌਸਲਾ ਨਾ ਪੈਦਾ ਹੋਇਆ ਹੋਵੇ। ਅਕਸਰ ਨੂੰ ਆਪਣੇ ਜੀਵਨ ਦੇ ਕਿਸੇ ਵੀ ਪੜਾਅ 'ਤੇ ਬੰਦੇ ਲਈ ਆਪਣੇ ਪਹਿਲਾਂ ਅਪਣਾਏ ਤੌਰ ਤਰੀਕੇ ਤੇ ਸੋਚਣ ਦਾ ਢੰਗ ਛੱਡ ਕੇ ਕੋਈ ਨਵਾਂ ਰਾਹ ਅਪਨਾਉਣਾ ਕਦੇ ਵੀ ਸੁਖਾਲ਼ੀ ਗੱਲ ਨਹੀਂ ਹੋ ਸਕਦੀ। ਇਸ ਸੰਬੰਧ ਵਿਚ ਇਕ ਹੋਰ ਗੱਲ ਵੀ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਭਾਈਚਾਰੇ ਵਿਚ ਨਾਸਤਿਕਤਾ ਬਾਰੇ ਬਹੁਤੀ ਗੱਲਬਾਤ ਆਸਤਿਕ ਲੋਕਾਂ ਵੱਲੋਂ ਚਲਾਈ ਜਾਂਦੀ ਹੈ। ਇਕ ਤਾਂ ਉਹ ਗੱਲਬਾਤ ਹੁੰਦੀ ਹੀ ਨਾਂਹਪੱਖੀ ਹੈ ਤੇ ਦੂਜੀ ਇਸ ਬਾਰੇ ਵਿਚਾਰ ਵਟਾਂਦਰਾ ਕਰਨ ਵਾਲ਼ੇ ਨੂੰ ਨਾਸਤਿਕਤਾ ਬਾਰੇ ਸਹੀ ਗਿਆਨ ਵੀ ਨਹੀਂ ਹੁੰਦਾ। ਇਸ ਲਈ ਇਹ ਜ਼ਰੂਰੀ ਹੈ ਕਿ ਨਾਸਤਿਕਤਾ ਬਾਰੇ ਸਹੀ, ਹਾਂਪੱਖੀ ਵਿਚਾਰ ਪੂਰੀ ਗੰਭੀਰਤਾ ਨਾਲ ਸਾਹਮਣੇ ਲਿਆਂਦੇ ਜਾਣ। ਇਸ ਤੱਤ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਪੰਜਾਬੀਆਂ ਦਰਮਿਆਨ ਬਹੁਤੀ ਵਾਰੀ ਆਮ ਗੱਲਬਾਤ ਅਕਸਰ ਫਜ਼ੂਲ ਗੱਲਾਂ ਬਾਰੇ ਜ਼ਿਆਦਾ ਹੁੰਦੀ ਰਹਿੰਦੀ ਹੈ। ਬਹੁਤੀ ਵਾਰੀ ਤਾਂ ਗੱਲਬਾਤ ਦਾ ਅਸਲੀ ਮਕਸਦ ਹੀ ਵਕਤ ਲੰਘਾਉਣਾ ਹੁੰਦਾ ਹੈ। ਜੇ ਅਜਿਹੇ ਲੋਕਾਂ ਵਿਚ ਇਸ ਕਿਸਮ ਦੀ ਸਾਰਥਿਕ ਗੱਲਬਾਤ ਚਲਾਈ ਜਾਵੇ ਤਾਂ ਇਸ ਦਾ ਨੁਕਸਾਨ ਨਹੀਂ ਸਗੋਂ ਫਾਇਦਾ ਹੋਣ ਦੀ ਸੰਭਾਵਨਾ ਜ਼ਿਆਦਾ ਹੋਵੇਗੀ। ਹਾਂ, ਇਹ ਗੱਲ ਯਾਦ ਰੱਖਣੀ ਨਿਹਾਇਤ ਜ਼ਰੂਰੀ ਹੈ ਕਿ ਇਨ੍ਹਾਂ ਬਹਿਸਾਂ ਦੌਰਾਨ ਕਿਸੇ ਨੂੰ ਬੇਲੋੜਾ ਦੁੱਖ ਨਾ ਪਹੁੰਚਾਇਆ ਜਾਵੇ ਤੇ ਹਮੇਸ਼ਾ ਸਤਿਕਾਰ ਕਾਇਮ ਰੱਖਿਆ ਜਾਵੇ।

ਸਵਾਲ: **ਤੁਸੀਂ ਮਾਰਕਸਵਾਦੀ ਵਿਚਾਰਧਾਰਾ ਨਾਲ ਵੀ ਨੇੜਤਾ ਰੱਖਦੇ ਹੋ, ਕੀ ਤੁਹਾਡੇ ਨਾਸਤਿਕ ਬਣਨ ਵਿਚ ਇਸ ਵਿਚਾਰਧਾਰਾ ਦਾ ਵੀ ਹੱਥ ਹੈ?**

ਜਵਾਬ: ਹਾਂ, ਇਹ ਸਹੀ ਹੈ ਕਿ ਮੇਰੇ ਵਿਚਾਰਾਂ ਨੂੰ ਸੇਧ ਦੇਣ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਸਿੱਧਾ ਅਸਰ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅੱਜੋਕੇ ਸਮੇਂ ਸਮਾਜ ਨੂੰ ਸਹੀ ਤਰੀਕੇ ਨਾਲ ਸਮਝਣ ਲਈ ਅਤੇ ਖਾਸ ਕਰ ਜੇ ਸਮਝਣ ਪਿੱਛੇ ਮਕਸਦ ਸਮਾਜ ਨੂੰ ਹਰ ਕਿਸੇ ਲਈ

ਬਰਾਬਰੀ ਵਾਲ਼ਾ ਅਤੇ ਬਿਹਤਰ ਬਣਾਉਣ ਦਾ ਹੋਵੇ ਤਾਂ ਮਾਰਕਸਵਾਦੀ ਨਜ਼ਰੀਆ ਸਭ ਤੋਂ ਵੱਧ ਸਹਾਈ ਹੁੰਦਾ ਹੈ। ਪਰ ਜਿੱਥੋਂ ਤਕ ਮੇਰੀ ਨਾਸਤਿਕਤਾ ਦਾ ਸੰਬੰਧ ਹੈ, ਇਹ ਮਾਰਕਸਵਾਦ ਤੋਂ ਵੀ ਪ੍ਰਭਾਵਤ ਹੈ ਤੇ ਨਾਲ ਹੀ ਪਿਛਲੇ ਡੇੜ੍ਹ ਦੋ ਦਹਾਕਿਆਂ ਦੌਰਾਨ ਪੱਛਮ ਵਿਚ ਚੱਲੀ ਨਵ-ਨਾਸਤਿਕ ਲਹਿਰ ਦਾ ਵੀ ਮੇਰੇ ਉੱਤੇ ਅਸਰ ਹੈ। ਨਾਸਤਿਕ ਨਜ਼ਰੀਏ ਦੀ ਸਾਂਝ ਦੇ ਬਾਵਜੂਦ ਇਨ੍ਹਾਂ ਦੋਵਾਂ ਪਹੁੰਚਾਂ ਵਿਚ ਬਹੁਤ ਫਰਕ ਹੈ ਅਤੇ ਨਾਸਤਿਕਤਾ ਦੀ ਇਸ ਨਵੀਂ ਲਹਿਰ ਦੀ ਮਾਰਕਸਵਾਦੀਆਂ ਵੱਲੋਂ ਕਾਫੀ ਆਲੋਚਨਾ ਵੀ ਹੋਈ ਹੈ। ਇਸ ਨਾਲ ਮੇਰੇ ਲਈ ਵੀ ਇਕ ਸਮੱਸਿਆ ਪੈਦਾ ਹੋਈ ਹੈ। ਉਹ ਹੈ ਕਿ ਮੈਂ ਮਾਰਕਸ ਦੀ ਇਸ ਧਾਰਨਾ ਨਾਲ ਪੂਰੀ ਤਰ੍ਹਾਂ ਸਹਿਮਤੀ ਰੱਖਦਾ ਹਾਂ ਕਿ ਹਰ ਵਿਅਕਤੀ ਦਾ ਜੀਵਨ ਉਸ ਦੇ ਸਮਾਜ ਦੀਆਂ ਹਾਲਤਾਂ ਉੱਤੇ ਨਿਰਭਰ ਕਰਦਾ ਹੈ। ਗ਼ਰੀਬ ਵਿਅਕਤੀ ਜੋ ਇਕ ਨਾਬਰਾਬਰੀ ਵਾਲ਼ੇ ਸਮਾਜ ਵਿਚ ਹਰ ਕਿਸਮ ਦੀਆਂ ਤੰਗੀਆਂ ਤੁਰਸ਼ੀਆਂ ਵਿਚ ਜੀਅ ਰਿਹਾ ਹੋਵੇ, ਜਿਸ ਕੋਲ਼ ਜੀਵਨ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੀ ਵੀ ਯੋਗਤਾ ਨਾ ਹੋਵੇ, ਉਸ ਲਈ ਉਸ ਦਾ ਵਿਸ਼ਵਾਸ ਔਖੇ ਸਮੇਂ ਸਹਾਈ ਹੁੰਦਾ ਹੈ। ਤੇ ਮਾਰਕਸ ਦਾ ਕਹਿਣਾ ਹੈ ਕਿ ਉਸ ਗ਼ਰੀਬ ਤੇ ਬੇਬੱਸ ਵਿਅਕਤੀ ਕੋਲ਼ੋਂ ਉਸ ਦਾ ਇਹ ਵਿਸ਼ਵਾਸ ਨਾ ਖੋਹਿਆ ਜਾਵੇ, ਸਗੋਂ ਉਨ੍ਹਾਂ ਹਾਲਤਾਂ ਨੂੰ ਬਦਲਿਆ ਜਾਵੇ ਜੋ ਉਸ ਦੇ ਇਸ ਵਿਸ਼ਵਾਸ ਲਈ ਜ਼ੁੰਮੇਵਾਰ ਹਨ। ਸੋ ਇਸ ਨਜ਼ਰੀਏ ਨਾਲ ਦੇਖਿਆਂ ਸਾਨੂੰ ਬਿਨਾਂ ਲੋਕਾਂ ਦੇ ਵਿਸ਼ਵਾਸ ਬਾਰੇ ਸਵਾਲ ਉਠਾਏ ਉਨ੍ਹਾਂ ਸਥਿਤੀਆਂ ਨੂੰ ਬਦਲਣ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਉਸ ਸਮੇਂ ਦੀ ਉਡੀਕ ਕਰਨੀ ਚਾਹੀਦੀ ਹੈ ਜਦੋਂ ਬਦਲੀਆਂ ਸਥਿਤੀਆਂ ਵਿਚ ਲੋਕਾਂ ਨੂੰ ਇਸ ਆਸਰੇ ਦੀ ਲੋੜ ਨਾ ਰਹੇ। ਆਪਣੀਆਂ ਵੱਖਰੀਆਂ ਵੱਖਰੀਆਂ ਸਰਗਰਮੀਆਂ ਨਾਲ ਲੋਕਾਂ ਦੀਆਂ ਹਾਲਤਾਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਲੋਕ ਅਕਸਰ ਇਹ ਲੋੜੀਂਦੀ ਤੇ ਸਹੀ ਪਹੁੰਚ – ਲੋਕਾਂ ਦੇ ਵਿਸ਼ਵਾਸ ਉੱਤੇ ਕਿੰਤੂ ਨਾ ਕਰਨਾ – ਅਪਣਾਉਂਦੇ ਹਨ ਤੇ ਉਨ੍ਹਾਂ ਦੀ ਇਸ ਪਹੁੰਚ ਉੱਤੇ ਸਵਾਲ ਕਰਨ ਦਾ ਮੇਰਾ ਮਕਸਦ ਜਾਂ ਇਰਾਦਾ ਨਹੀਂ।

ਪਰ ਮੌਜੂਦਾ ਸਮਿਆਂ ਦੌਰਾਨ ਜਿਸ ਹੱਦ ਤਕ ਅਤੇ ਜਿਸ ਖੁੱਲ੍ਹ-ਮ-ਖੁੱਲ੍ਹੇ ਤਰੀਕੇ ਨਾਲ ਖਾਸ ਕਰ ਭਾਰਤ ਵਿਚ ਸਿਆਸੀ ਤਾਕਤ ਹਥਿਆਉਣ ਦੇ ਇਰਾਦੇ ਨਾਲ ਲੋਕਾਂ ਨੂੰ ਧਰਮਾਂ ਦੇ ਨਾਂ ਉੱਤੇ ਪਾੜਨ ਲਈ ਅਤੇ ਉਨ੍ਹਾਂ ਨੂੰ ਕੁਦਰਤ ਅਤੇ ਸਮਾਜ ਬਾਰੇ ਵਿਗਿਆਨਕ ਜਾਣਕਾਰੀ ਤੋਂ ਦੂਰ ਰੱਖਣ ਲਈ ਵਿਸ਼ਵਾਸ ਦੀ ਵਰਤੋਂ ਕੀਤੀ ਜਾ ਰਹੀ ਹੈ, ਉਸ ਨੂੰ ਸਾਹਮਣੇ ਰੱਖਦਿਆਂ ਰੱਬ ਤੇ ਧਰਮ ਦੇ ਭੁਲੇਖਿਆਂ ਤੋਂ ਪੜਦਾ ਹਟਾਉਣ ਲਈ ਇਸ ਮਸਲੇ ਬਾਰੇ ਜਾਂ ਨਾਸਤਿਕਤਾ ਬਾਰੇ ਗੰਭੀਰ ਵਿਚਾਰ ਵਟਾਂਦਰਾ ਸਮੇਂ ਦੀ ਲੋੜ ਜਾਪਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਜੋ ਚੇਤਨ ਵਿਅਕਤੀ ਵੱਖਰੀਆਂ ਵੱਖਰੀਆਂ ਸਰਗਰਮੀਆਂ ਰਾਹੀਂ ਲੋਕਾਂ ਦੇ ਫੌਰੀ ਮਸਲੇ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਾਂ ਸਮਾਜ ਵਿਚ ਤਬਦੀਲੀ ਲਈ ਜੂਝ ਰਹੇ ਹਨ, ਉਹ ਆਪਣਾ ਕੰਮ ਛੱਡ ਕੇ ਰੱਬ ਤੇ ਧਰਮ ਬਾਰੇ ਵਿਚਾਰ ਵਟਾਂਦਰਾ ਸ਼ੁਰੂ ਕਰ ਦੇਣ। ਪਰ ਜੋ ਲੋਕ ਸਮਾਜ ਨੂੰ ਸਮਝਣ ਦੇ ਇਰਾਦੇ ਨਾਲ ਸੋਚਦੇ, ਲਿਖਦੇ, ਪੜ੍ਹਦੇ ਤੇ ਪੜ੍ਹਾਉਂਦੇ ਹਨ ਅਤੇ ਖਾਸ ਕਰ ਉਹ ਜੋ ਸਮਾਜ ਨੂੰ ਬਿਹਤਰ ਬਣਾਉਣ ਦੀ ਖਾਹਿਸ਼ ਵੀ ਰੱਖਦੇ ਹਨ, ਉਨ੍ਹਾਂ ਦੀ ਇਹ ਜ਼ੁੰਮੇਵਾਰੀ ਹੈ ਜਾਂ ਹੋਣੀ ਚਾਹੀਦੀ ਹੈ ਕਿ ਉਹ ਖੁਦ ਵੀ ਇਨ੍ਹਾਂ ਮਸਲਿਆਂ ਬਾਰੇ ਵਿਗਿਆਨਕ ਸੂਝ ਅਪਨਾਉਣ ਅਤੇ ਵੱਧ ਤੋਂ ਵੱਧ ਲੋਕਾਂ ਵਿਚ ਇਹ ਚੇਤਨਾ ਜਗਾਉਣ ਦੀ ਕੋਸ਼ਿਸ਼ ਕਰਨ। ਇਹ ਤਸੱਲੀ ਵਾਲੀ ਗੱਲ ਹੈ ਕਿ ਬਹੁਤ ਸਾਰੇ ਲੋਕ ਤਰਕਸ਼ੀਲ ਵਰਗੀਆਂ ਲਹਿਰਾਂ ਰਾਹੀਂ ਵੀ ਤੇ ਸੋਸ਼ਲ ਮੀਡੀਏ ਰਾਹੀਂ ਵੀ ਆਪੋ ਆਪਣੇ ਤਰੀਕੇ ਨਾਲ ਇਸ ਪਾਸੇ ਬਣਦਾ ਯੋਗਦਾਨ ਪਾ ਰਹੇ ਹਨ। ਪਰ ਨਾਲ ਹੀ ਬਹੁਤ ਵੱਡੀ ਗਿਣਤੀ ਅਜਿਹੇ ਪੰਜਾਬੀ ਬੁੱਧੀਜੀਵੀ, ਲੇਖਕ ਤੇ ਵੱਖਰੇ ਵੱਖਰੇ ਖੇਤਰਾਂ ਵਿਚ ਸਰਗਰਮ ਕਲਾਕਾਰਾਂ ਦੀ ਹੈ ਜੋ ਖੁਦ ਭਾਵੇਂ ਵਿਸ਼ਵਾਸੀ ਨਾ ਹੋਣ ਪਰ ਆਪਣੀ ਗੱਲਬਾਤ ਵਿਚ ਸਮਾਜ ਦੇ ਆਮ ਲੋਕਾਂ ਵਾਂਗ ਹੀ ਰੱਬ ਤੇ ਧਰਮ ਵਿਚ ਵਿਸ਼ਵਾਸੀ ਹੋਣ ਦੇ ਚੇਤਨ/ਅਚੇਤਨ ਇਸ਼ਾਰੇ ਦਿੰਦੇ ਰਹਿੰਦੇ ਹਨ। ਉਨ੍ਹਾਂ ਦੇ ਇਸ ਤਰ੍ਹਾਂ ਕਰਨ

ਦੇ ਕੁਝ ਜਾਇਜ਼ ਕਾਰਨ ਵੀ ਹੋ ਸਕਦੇ ਹਨ ਪਰ ਕਿਉਂਕਿ ਉਹ ਸਮਾਜ ਦੇ ਬਾਕੀ ਲੋਕਾਂ ਨਾਲੋਂ ਵੱਖਰਾ ਕਰਦੇ ਜਾਂ ਕਰਨ ਦੀ ਕੋਸ਼ਿਸ਼ ਵਿਚ ਹਨ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਦੀ ਜੀਵਨ ਜਾਚ ਤੋਂ ਪ੍ਰਭਾਵਤ ਵੀ ਹੁੰਦੇ ਹਨ, ਇਸ ਲਈ ਉਨ੍ਹਾਂ ਤੋਂ ਧਰਮ ਜਾਂ ਵਿਸ਼ਵਾਸ ਦੇ ਮਾਮਲੇ ਵਿਚ ਵੱਖਰੀ ਆਸ ਰੱਖਣਾ ਗ਼ਲਤ ਨਹੀਂ।

ਸਵਾਲ: **ਵਿਗਿਆਨ ਵੱਲੋਂ ਕੁਦਰਤ ਦੇ ਬਹੁਤ ਸਾਰੇ ਭੇਦਾਂ ਨੂੰ ਜਾਣ ਲੈਣ ਬਾਅਦ ਵੀ ਦੁਨੀਆ ਦੇ ਵੱਡੇ ਹਿੱਸਿਆਂ ਵਿਚ ਲੋਕਾਂ ਦੇ ਮਨਾਂ ਵਿਚੋਂ ਰੱਬ ਜਾਂ ਇਸ ਨਾਲ ਸੰਬੰਧਤ ਚੀਜ਼ਾਂ ਵਿਚ ਵਿਸ਼ਵਾਸ ਘਟਣ ਦੀ ਥਾਂ ਸਗੋਂ ਵਧ ਰਿਹਾ ਨਜ਼ਰ ਆਉਂਦਾ ਹੈ। ਇਸ ਦੇ ਕੀ ਕਾਰਨ ਹਨ?**

ਜਵਾਬ: ਪਿਛਲੇ ਸਮਿਆਂ ਦੌਰਾਨ ਕੁਝ ਲੋਕ ਤਲਵਾਰ ਦੇ ਜ਼ੋਰ ਲੋਕਾਂ ਉੱਤੇ ਰਾਜ ਕਰਦੇ ਸਨ। ਹਕੂਮਤ ਕਰਨ ਵਾਲ਼ੇ ਇਹ ਤਾਕਤਵਰ ਵਿਅਕਤੀ ਬਹੁਤੀ ਵਾਰੀ ਆਪਣੀ ਸਥਿਤੀ ਲਈ ਕਿਸੇ ਬਾਹਰੀ ਸ਼ਕਤੀ (ਵੱਖਰੇ ਵੱਖਰੇ ਦੇਵਤੇ, ਰੱਬ, ਭਗਵਾਨ, ਅੱਲਾ ਜਾਂ ਜਿਸ ਵੀ ਨਾਮ ਵਾਲ਼ੇ ਧਾਰਮਿਕ ਸਮਾਜ ਵਿਚ ਉਹ ਪੈਦਾ ਹੋਏ ਹੋਣ) ਦੀ ਉਨ੍ਹਾਂ ਉਪਰ ਹੋਈ ਮਿਹਰ ਨੂੰ ਜ਼ੁੰਮੇਵਾਰ ਸਮਝਦੇ ਸਨ ਤੇ ਆਪਣੀ ਵੱਲੋਂ ਉਸ ਦੇ ਸ਼ੁਕਰਾਨੇ ਲਈ ਜੋ ਵੀ ਉਹ ਕਰ ਸਕਦੇ ਹੋਣ ਕਰਦੇ ਸਨ, ਸਣੇ ਉਸ ਧਰਮ ਦੀ ਰਾਖੀ, ਦੇਖਭਾਲ਼ ਅਤੇ ਉਸ ਨੂੰ ਲੋਕਾਂ ਵਿਚ ਪ੍ਰਚਾਰਣ ਦੀਆਂ ਕੋਸ਼ਿਸ਼ਾਂ ਦੇ। ਇਸ ਦੇ ਬਦਲੇ ਵਿਚ ਧਾਰਮਿਕ ਆਗੂ ਉਸ ਤਾਕਤਵਰ ਵਿਅਕਤੀ ਨੂੰ ਰੱਬ ਵੱਲੋਂ ਲੋਕਾਂ ਉੱਤੇ ਰਾਜ ਕਰਨ ਵਾਲ਼ਾ ਗਰਦਾਨ ਕੇ ਉਸ ਦੀ ਤਾਕਤ ਨੂੰ ਲੋਕਾਂ ਦੇ ਮਨਾਂ ਵਿਚ ਰੱਬੀ ਹੁਕਮ ਵਜੋਂ ਸਥਾਪਤ ਕਰ ਦਿੰਦੇ ਸਨ। ਕਈ ਵਾਰੀ ਇਹ ਵਿਅਕਤੀ ਹੀ ਉਸ ਸਮਾਜ ਵਿਚਲੇ ਧਰਮ ਦੇ ਮੋਢੀ ਹੁੰਦੇ ਸਨ ਜਾਂ ਸਿੱਧੇ ਤੌਰ ਉੱਤੇ ਧਰਮ ਦੀ ਵਰਤੋਂ ਨਾਲ ਰਾਜ ਕਰਦੇ ਸਨ।

ਯੂਰਪ ਵਿਚ ਜਾਗ੍ਰਤੀ ਲਹਿਰ (renaissance) ਨੇ ਵਿਗਿਆਨਕ ਯੁਗ ਦੀ ਸ਼ੁਰੂਆਤ ਕੀਤੀ ਅਤੇ ਸਨਅਤੀ ਇਨਕਲਾਬ ਲਿਆਂਦਾ ਜਿਸ ਨਾਲ ਸਮਾਜ ਦੀ ਬਣਤਰ ਉੱਤੇ ਵੀ ਸਿੱਧਾ ਅਸਰ ਪਿਆ। ਸਮਾਜ ਦਾ ਇਕ ਵੱਡਾ ਹਿੱਸਾ ਪਹਿਲਾਂ ਵਾਲ਼ੇ ਮੁੱਖ ਕਿੱਤੇ ਖੇਤੀਬਾੜੀ ਤੋਂ ਲਾਂਭੇ ਹੋ ਕੇ ਮਜ਼ਦੂਰ ਜਮਾਤ ਵਿਚ ਬਦਲ ਗਿਆ ਅਤੇ ਨਵੇਂ ਪੈਦਾਵਾਰੀ ਸਾਧਨਾਂ ਉੱਤੇ ਕਾਬਜ਼ ਜਮਾਤ ਹੋਂਦ ਵਿਚ ਆਈ। ਸਮਾਜ ਦੀ ਬਣਤਰ ਵਿਚ ਜਿੱਥੇ ਪਹਿਲਾਂ ਰਜਵਾੜਾ ਸ਼ਾਹੀ ਦੇ ਹੱਥ ਤਾਕਤ ਹੁੰਦੀ ਸੀ ਹੁਣ ਇਸ ਨਵੇਂ ਢਾਂਚੇ ਵਿਚ ਇਹ ਤਾਕਤ ਪੂੰਜੀਵਾਦੀ ਜਮਾਤ ਦੇ ਹੱਥਾਂ ਵਿਚ ਆ ਗਈ, ਭਾਵੇਂ ਨਾਲ ਨਾਲ ਰਜਵਾੜਾ ਸ਼ਾਹੀ ਵੀ ਕਾਇਮ ਰਹੀ। ਇਸ ਨਵੀਂ ਜਮਾਤ ਨੇ ਆਪਣਾ ਮੁਨਾਫਾ ਤੇ ਅਸਰ ਵਧਾਉਣ ਲਈ ਮਜ਼ਦੂਰ ਜਮਾਤ ਦਾ ਹਰ ਸਿੱਧੇ ਅਸਿੱਧੇ ਢੰਗ ਨਾਲ ਸ਼ੋਸ਼ਣ ਕੀਤਾ। ਕੁਝ ਥਾਵਾਂ ਉੱਤੇ ਮਜ਼ਦੂਰ ਜਮਾਤ ਨੇ ਇਸ ਸ਼ੋਸ਼ਣ ਵਿਰੁੱਧ ਕਾਮਯਾਬੀ ਨਾਲ ਵਿਦਰੋਹ ਕੀਤਾ ਤੇ ਵੱਖਰਾ ਢਾਂਚਾ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੀ ਵੱਡੀ ਉਦਾਹਰਣ ਸੋਵੀਅਤ ਰੂਸ ਸੀ। ਪਰ ਬਹੁਤੇ ਸਨਅਤੀ ਸਮਾਜਾਂ ਵਿਚ ਹਾਕਮ ਜਮਾਤ ਨੇ ਮਜ਼ਦੂਰ ਜਮਾਤ ਨੂੰ ਸਿੱਧੇ ਵਿਦਰੋਹ ਕਰਨ ਤੋਂ ਰੋਕੀ ਰੱਖਣ ਲਈ ਉਨ੍ਹਾਂ ਦੀਆਂ ਹਾਲਤਾਂ ਵਿਚ ਕੁਝ ਸੁਧਾਰ ਕੀਤੇ ਅਤੇ ਬਰਾਬਰ ਦੇ ਹੱਕ ਦੇਣ ਦੇ ਦਿਖਾਵੇ ਵਾਲ਼ੇ ਜਮਹੂਰੀਅਤ ਵਰਗੇ ਢਾਂਚੇ ਦੀ ਸਥਾਪਨਾ ਕੀਤੀ। ਪਰ ਇਸ ਢਾਂਚੇ ਵਿਚ ਅਸਲੀ ਤਾਕਤ ਪੂੰਜੀਵਾਦੀ ਜਮਾਤ ਦੇ ਹੱਥ ਵਿਚ ਹੀ ਰਹੀ। ਇਸ ਜਮਾਤ ਵੱਲੋਂ ਮਜ਼ਦੂਰ ਜਮਾਤ ਨੂੰ ਕਾਬੂ ਵਿਚ ਰੱਖਣ ਲਈ ਅਨੇਕਾਂ ਬੜੇ ਸਿਰਜਣਾਤਮਕ ਤਰੀਕੇ ਅਪਣਾਏ ਜਾਂਦੇ ਰਹੇ ਹਨ ਜਿਸ ਰਾਹੀਂ ਪੈਸਾ ਵੀ ਕਮਾਇਆ ਜਾਂਦਾ ਹੈ ਤੇ ਲੋਕਾਂ ਨੂੰ ਦਿਮਾਗ਼ੀ ਤੌਰ ਉੱਤੇ ਕਾਬੂ ਵਿਚ ਵੀ ਰੱਖਿਆ ਜਾਂਦਾ ਹੈ। ਫਿਲਮਾਂ, ਸੰਗੀਤ, ਖੇਡਾਂ, ਨਸ਼ੇ ਤੇ ਪੋਰਨੋਗਰਾਫੀ ਆਦਿ ਜਿਸ ਦੀਆਂ ਮੁੱਖ ਉਦਾਹਰਨਾਂ ਹਨ। ਪਰ ਲੋਕਾਂ ਨੂੰ ਕਿਸੇ ਇਨਕਲਾਬੀ ਤਬਦੀਲੀ ਦਾ ਰਾਹ ਅਪਨਾਉਣ ਤੋਂ ਰੋਕਣ ਲਈ ਸਦੀਆਂ ਤੋਂ ਵਰਤੇ ਗਏ ਤਰੀਕੇ ਦੀ ਵਰਤੋਂ ਅਜੇ ਵੀ ਬਹੁਤ ਹੁੰਦੀ ਹੈ ਤੇ ਉਹ ਹੈ ਧਰਮ। ਵਿਕਸਤ ਹੋ ਚੁੱਕੇ ਪੂੰਜੀਵਾਦੀ

ਮੁਲਕਾਂ ਵਿਚ, ਉਦਾਹਰਨ ਵਜੋਂ, ਸੰਯੁਕਤ ਰਾਜ ਅਮਰੀਕਾ (ਯੂ ਐੱਸ ਏ) ਨੂੰ ਸਥਾਪਤ ਕਰਨ ਵਾਲ਼ੇ ਮੋਢੀਆਂ ਵੱਲੋਂ ਭਾਵੇਂ ਚੇਤਨ ਤੌਰ ਉੱਤੇ ਧਰਮ ਨੂੰ ਰਾਜ ਨਾਲੋਂ ਵੱਖ ਰੱਖਿਆ ਗਿਆ, ਪਰ ਸਰਕਾਰਾਂ ਵੀ ਤੇ ਸਮਾਜ ਵਿਚਲੇ ਪੈਸੇ ਵਾਲ਼ੇ ਲੋਕ ਵੀ ਧਰਮ ਨੂੰ ਲੋਕਾਂ ਵਿਚ ਜਿਉਂ ਦਾ ਤਿਉਂ ਕਾਇਮ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਨਤੀਜੇ ਵਜੋਂ ਅੱਜੋਕੀਆਂ ਵੱਖਰੀਆਂ ਸਥਿਤੀਆਂ ਵਿਚ ਸਮਾਜ ਵਿਚਲੇ ਤਾਕਤਵਰ ਲੋਕਾਂ ਅਤੇ ਧਰਮ ਦਾ ਲਗਪਗ ਪਹਿਲਾਂ ਵਰਗਾ ਹੀ ਆਪਸੀ ਰਿਸ਼ਤਾ ਕੰਮ ਕਰਦਾ ਨਜ਼ਰ ਆਉਂਦਾ ਹੈ।

ਪੂਰੀ ਦੁਨੀਆ ਇਸ ਸਮੇਂ ਥੋੜ੍ਹੇ ਬਹੁਤੇ ਫਰਕ ਨਾਲ ਪੂੰਜੀਵਾਦੀ ਆਰਥਿਕ ਢਾਂਚੇ ਦਾ ਹਿੱਸਾ ਹੈ। ਇਹ ਹੁਣ ਕਿਸੇ ਬਹਿਸ ਦਾ ਵਿਸ਼ਾ ਨਹੀਂ ਕਿ ਇਸ ਆਰਥਿਕ ਢਾਂਚੇ ਅਨੁਸਾਰ ਇਕੋ ਇਕ ਮੁੱਖ ਨਿਸ਼ਾਨਾ ਸਿਰਫ ਤੇ ਸਿਰਫ ਮੁਨਾਫਾ ਕਮਾਉਣਾ ਹੈ ਤੇ ਇਸ ਲਈ ਜੇ ਇਨਸਾਨ ਜਾਂ ਕੁਦਰਤ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਹ ਇਸ ਸਿਸਟਮ ਦੀ ਸਿਰਦਰਦੀ ਨਹੀਂ। ਨਤੀਜੇ ਵਜੋਂ, ਵਿਅਕਤੀ ਦੀ ਪੱਧਰ ਉੱਤੇ ਵੀ ਤੇ ਸਮਾਜਾਂ ਦੀ ਪੱਧਰ ਉੱਤੇ ਵੀ, ਨਿੱਤ ਨਾਬਰਾਬੀ ਵਧ ਰਹੀ ਹੈ ਅਤੇ ਵਾਤਾਵਰਨ ਨੂੰ ਪਹੁੰਚ ਰਹੇ ਨੁਕਸਾਨ ਦੇ ਹਰ ਪਾਸੇ ਸਬੂਤ ਮਿਲਣੇ ਚਿਰੋਕੇ ਸ਼ੁਰੂ ਹੋ ਚੁੱਕੇ ਹਨ। ਇਹ ਪੱਕ ਕਰਨ ਲਈ ਕਿ ਲੋਕ ਨਾ ਤਾਂ ਸਮਾਜ ਵਿਚਲੀ ਨਾਬਰਾਬਰੀ ਉੱਤੇ ਅਤੇ ਨਾ ਹੀ ਇਸ ਢਾਂਚੇ ਰਾਹੀਂ ਹੋ ਰਹੀ ਕੁਦਰਤੀ ਤਬਾਹੀ ਉੱਤੇ ਕਿੰਤੂ ਪਰੰਤੂ ਕਰਨ, ਕਾਬਜ਼ ਜਮਾਤ ਆਪਣੀ ਪੂਰੀ ਕੋਸ਼ਿਸ਼ ਕਰਦੀ ਹੈ ਕਿ ਉਹ ਲੋਕਾਂ ਨੂੰ ਵਿਗਿਆਨਕ ਸੂਝ ਤੋਂ ਦੂਰ ਰੱਖੇ ਅਤੇ ਸਦੀਆਂ ਤੋਂ ਪ੍ਰਚਲਤ ਧਾਰਮਿਕ ਵਿਸ਼ਵਾਸਾਂ ਵਿਚ ਫਸਾਈ ਰੱਖੇ। ਅੱਜੋਕੇ ਸਮੇਂ ਦੌਰਾਨ ਭਾਰਤ ਇਸ ਦੀ ਸਭ ਤੋਂ ਵੱਡੀ ਉਦਾਹਰਨ ਹੈ।

ਸਵਾਲ: **ਅਕਸਰ ਇਹ ਮੰਨਿਆਂ ਜਾਂਦਾ ਹੈ ਕਿ ਰੱਬ ਵਿਚ ਵਿਸ਼ਵਾਸ ਉੱਤੇ ਆਧਾਰਤ ਧਰਮ ਬੰਦੇ ਨੂੰ ਨੈਤਿਕ ਬਣਾਉਂਦਾ ਹੈ। ਦੂਜੇ ਸ਼ਬਦਾਂ ਵਿਚ ਚੰਗਾ ਬਣਨ ਲਈ ਧਾਰਮਿਕ ਹੋਣਾ ਜ਼ਰੂਰੀ ਹੈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ?**

ਜਵਾਬ: ਨਹੀਂ ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ। ਹੋਰ ਕਈ ਸਭਿਆਚਾਰਾਂ ਵਾਂਗ ਹੀ ਪੰਜਾਬੀ ਸਭਿਆਚਾਰ ਵਿਚ ਵੀ ਇਹ ਗਲ ਮੰਨੀ ਜਾਂਦੀ ਰਹੀ ਹੈ ਕਿ ਕੋਈ ਵੀ ਵਿਅਕਤੀ ਧਰਮ ਬਿਨਾਂ ਜਾਂ ਰੱਬ ਦੇ ਡਰ ਬਿਨਾਂ ਚੰਗਾ ਨਹੀਂ ਹੋ ਸਕਦਾ। ਇਹ ਆਮ ਮੰਨਿਆ ਜਾਂਦਾ ਹੈ ਕਿ ਜਿਸ ਬੰਦੇ ਦੇ ਮਨ ਵਿਚ ਰੱਬ ਦਾ ਡਰ ਨਹੀਂ ਉਹ ਕੁਝ ਵੀ ਕਰ ਸਕਦਾ ਹੈ। ਪਰ ਇਸ ਵਿਚਾਰ ਜਾਂ ਵਿਸ਼ਵਾਸ ਦਾ ਸਚਾਈ ਨਾਲ ਕੋਈ ਸੰਬੰਧ ਨਹੀਂ। ਜੇ ਅਸੀਂ ਪੰਜਾਬੀ ਸਮਾਜ ਵੱਲ ਸਰਸਰੀ ਨਜ਼ਰ ਵੀ ਮਾਰੀਏ ਤਾਂ ਇਕ ਪਾਸੇ ਅਸੀਂ ਦੇਖਦੇ ਹਾਂ ਕਿ ਪੰਜਾਬੀਆਂ ਦੀ ਵੱਡੀ ਗਿਣਤੀ ਰੱਬ ਵਿਚ ਵਿਸ਼ਵਾਸ ਰੱਖਦੀ ਹੈ ਤੇ ਕਾਫੀ ਹੱਦ ਤਕ ਧਾਰਮਿਕ ਹੈ ਪਰ ਦੂਜੇ ਪਾਸੇ ਦੀ ਸਚਾਈ ਇਹ ਹੈ ਕਿ ਜੀਵਨ ਦੇ ਕੰਮਕਾਰ, ਆਮ ਲੈਣ ਦੇਣ ਜਾਂ ਸਿਆਸਤ ਵਰਗੇ ਜੀਵਨ ਨਾਲ ਸੰਬੰਧ ਰੱਖਣ ਵਾਲ਼ੇ ਬਹੁਤੇ ਪੱਖਾਂ ਵਿਚ ਇਮਾਨਦਾਰੀ ਜਾਂ ਚੰਗਿਆਈ ਅਕਸਰ ਗ਼ਾਇਬ ਹੁੰਦੀ ਹੈ। ਇਸ ਵਿਸ਼ੇ ਸੰਬੰਧੀ ਹੋਰ ਵਿਸਥਾਰ ਵਿਚ ਜਾਨਣ ਲਈ 'ਸਿਰਜਣਾ' ਵਿਚ ਛਪਿਆ ਮੇਰਾ ਲੇਖ 'ਨੈਤਿਕਤਾ ਅਤੇ ਧਰਮ' ਦੇਖਿਆ ਜਾ ਸਕਦਾ ਹੈ *(ਸਿਰਜਣਾ-198, ਅਕਤੂਬਰ-ਦਸੰਬਰ 2020)।*

ਸਵਾਲ: **ਉਹ ਕਿਹੜੇ ਵਿਸ਼ੇਸ਼ ਕਾਰਨ ਹਨ ਜਿਨ੍ਹਾਂ ਕਰਕੇ ਤੁਸੀਂ, ਖਾਸ ਕਰ ਪੰਜਾਬੀਆਂ ਦੇ ਜੀਵਨ ਵਿਚੋਂ, ਧਰਮ ਦੀ ਮਹੱਤਤਾ ਨੂੰ ਘੱਟ ਕਰਨ ਲਈ ਏਨੇ ਉਤਾਵਲੇ ਹੋ?**

ਜਵਾਬ: ਕਈ ਕਾਰਨ ਹਨ ਜਿਵੇਂ ਜਾਤ-ਪਾਤ ਹੈ, ਅੰਧਵਿਸ਼ਵਾਸ ਹੈ, ਪੰਜਾਬੀ ਭਾਸ਼ਾ ਦਾ ਮਸਲਾ ਹੈ, ਆਦਿ। ਮੈਨੂੰ ਲੱਗਦਾ ਹੈ ਕਿ ਇਹ ਮਸਲੇ ਹਰ ਪੰਜਾਬੀ ਨੂੰ ਦਿਸਣੇ ਅਤੇ ਮਹਿਸੂਸ ਹੋਣੇ ਚਾਹੀਦੇ ਹਨ। ਮੈਂ ਆਪਣੇ ਜੀਵਨ ਤਜਰਬੇ ਵਿਚੋਂ ਮਹਿਸੂਸ ਕੀਤੇ ਦੋ ਮੁੱਖ ਕਾਰਨਾਂ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰਦਾ ਹਾਂ:

1) ਜਾਤ-ਪਾਤ - ਭਾਰਤੀ ਸਮਾਜ ਦਾ ਸਭ ਤੋਂ ਕੋਹਜਾ ਤੇ ਨਫਰਤਯੋਗ ਪੱਖ ਜਾਤ-ਪਾਤ ਹੈ। ਸਾਰੇ ਸਮਾਜਾਂ ਵਿਚ ਵੱਖਰੇ ਵੱਖਰੇ ਤਰੀਕੇ ਨਾਲ ਦਰਜਾਬੰਦੀ ਸਥਾਪਤ ਹੋਈ ਹੁੰਦੀ ਹੈ। ਉਦਾਹਰਨ ਵਜੋਂ, ਅਸੀਂ ਦੇਖਦੇ ਹਾਂ ਕਿ ਦੱਖਣੀ ਅਮਰੀਕਾ ਦੇ ਬਹੁਤੇ ਦੇਸਾਂ ਵਿਚ ਇਹ ਦਰਜਾਬੰਦੀ ਯੂਰਪ ਵਿਚੋਂ ਆਏ ਲੋਕਾਂ ਵੱਲੋਂ ਆਪਣੀ ਤਾਕਤ ਨਾਲ ਸਥਾਪਤ ਕੀਤੀ ਗਈ। ਸਮਾਜ ਦੀ ਸਭ ਤੋਂ ਉਪਰਲੀ ਤਹਿ ਉੱਤੇ ਸਪੇਨ ਜਾਂ ਯੂਰਪ ਦੇ ਹੋਰ ਦੇਸਾਂ ਤੋਂ ਆਉਣ ਵਾਲ਼ੇ ਲੋਕ ਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਆਉਂਦੇ ਹਨ। ਉਸ ਤੋਂ ਥੱਲੇ ਯੂਰਪੀਅਨ ਤੇ ਆਦਿਵਾਸੀ ਲੋਕਾਂ ਦੇ ਮਿਲਾਪ ਤੋਂ ਪੈਦਾ ਹੋਈ ਸੰਤਾਨ। ਉਸ ਤੋਂ ਥੱਲੇ ਯੂਰਪੀਅਨ ਤੇ ਅਫਰੀਕਨਾਂ ਤੋਂ ਪੈਦਾ ਹੋਏ ਲੋਕ। ਉਸ ਤੋਂ ਥੱਲੇ ਆਦਿਵਾਸੀਆਂ ਅਤੇ ਅਫਰੀਕਨਾਂ ਦੀ ਸੰਤਾਨ। ਉਸ ਤੋਂ ਥੱਲੇ ਆਦਿਵਾਸੀ ਲੋਕ ਅਤੇ ਸਭ ਤੋਂ ਥੱਲੇ ਅਫਰੀਕਨ ਪਿਛੋਕੜ ਦੇ ਲੋਕ। ਸਮਾਜ ਦੇ ਹਰ ਪਹਿਲੂ ਉਪਰ ਇਸ ਦਰਜਾਬੰਦੀ ਦਾ ਅਸਰ ਦੇਖਿਆ ਜਾ ਸਕਦਾ ਹੈ। ਆਰਥਿਕ ਨਾਬਰਾਬਰੀ ਕਾਰਨ ਥੱਲੇ ਵਾਲੀਆਂ ਪਰਤਾਂ ਕੋਲ਼ ਉਪਰਲੀਆਂ ਪਰਤਾਂ ਵਰਗਾ ਮੁਕਾਬਲਤਨ ਸੁਖਾਲ਼ਾ ਜੀਵਨ ਜਾਂ ਸਨਮਾਨ ਨਹੀਂ। ਭਾਰਤ ਵਿਚ ਵੀ ਆਰੀਆ ਲੋਕਾਂ ਦੇ ਬਾਹਰੋਂ ਆਉਣ ਨਾਲ ਮੌਜੂਦਾ ਸਮਾਜ ਦੀ ਦਰਜਾਬੰਦੀ ਸਥਾਪਤ ਹੋਈ। ਆਰੀਅਨਾਂ ਨੇ ਆਪਣੀ ਤਾਕਤ ਨਾਲ ਏਥੋਂ ਦੇ ਮੁੱਢਲੇ ਵਸਨੀਕਾਂ ਨੂੰ ਜੀਵਨ ਨਾਲ ਸੰਬੰਧਤ ਹਰ ਗੱਲ ਵਿਚ ਆਪਣੇ ਤੋਂ ਥੱਲੇ ਸਥਾਨ ਉੱਤੇ ਰੱਖਿਆ। ਪਰ ਜਿਹੜੀ ਚੀਜ਼ ਭਾਰਤ ਦੀ ਸਮਾਜਕ ਵੰਡ ਨੂੰ ਦੁਨੀਆਂ ਦੇ ਕਿਸੇ ਵੀ ਹੋਰ ਸਮਾਜ ਨਾਲੋਂ ਵੱਖਰਾ, ਘਟੀਆ ਤੇ ਹੱਦ ਦਰਜੇ ਦਾ ਨਫਰਤਯੋਗ ਬਣਾਉਂਦੀ ਹੈ, ਉਹ ਹੈ ਇਸ ਸਮਾਜਕ ਵੰਡ ਨੂੰ ਧਰਮ ਨਾਲ ਜੋੜ ਕੇ ਪੇਸ਼ ਕਰਨ ਦੀ ਵਿਧੀ।

ਇਸ ਵਿਵਸਥਾ ਨੂੰ ਪੱਕੇ ਤੌਰ ਉੱਤੇ ਕਾਇਮ ਕਰਨ ਲਈ ਮੰਨੂ ਸਿਮ੍ਰਤੀ ਨਾਂ ਦੀ ਮਿੱਥ ਘੜੀ ਗਈ ਜਿਸ ਅਨੁਸਾਰ ਸਮਾਜ ਨੂੰ ਚਾਰ ਮੁੱਖ ਭਾਗਾਂ ਜਾਂ ਜਾਤਾਂ ਵਿਚ ਵੰਡਿਆ ਗਿਆ। ਇਸ ਜਾਤੀ ਵੰਡ ਦੀ ਮਿੱਥ ਘੜਨ ਵਾਲ਼ੇ ਆਰੀਅਨਾਂ ਨੇ ਖੁਦ ਨੂੰ ਉਪਰ ਰੱਖਿਆ ਅਤੇ ਏਥੋਂ ਦੇ ਪਹਿਲੇ ਵਾਸੀਆਂ ਜਾਂ ਅਨਆਰੀਅਨਾਂ ਨੂੰ ਸਭ ਤੋਂ ਥੱਲੇ। ਥੱਲੇ ਵਾਲ਼ਿਆਂ ਨੂੰ ਬ੍ਰਹਮਾ ਦੇ ਪੈਰਾਂ ਵਿਚੋਂ ਪੈਦਾ ਹੋਣ ਵਾਲ਼ੇ ਅਛੂਤ ਦੱਸਿਆ ਅਤੇ ਇਹ ਸੋਚ ਸਥਾਪਤ ਕੀਤੀ ਕਿ ਅਛੂਤ ਦੀ ਜਿਸਮਾਨੀ ਛੋਹ ਹੀ ਨਹੀਂ ਸਗੋਂ ਉਨ੍ਹਾਂ ਦਾ ਪਰਛਾਵਾਂ ਵੀ ਉਪਰਲੀ ਜਾਤ ਵਾਲ਼ਿਆਂ ਨੂੰ ਗੰਦਾ ਕਰ ਦਿੰਦਾ ਹੈ ਤੇ ਉਨ੍ਹਾਂ ਲਈ ਆਪਣੇ ਆਪ ਨੂੰ ਸ਼ੁੱਧ ਕਰਨਾ ਜ਼ਰੂਰੀ ਹੋ ਜਾਂਦਾ ਹੈ। ਉਪਰਲੇ ਸਮਾਜਕ ਪ੍ਰਬੰਧ ਨੂੰ ਚਲਾਉਣ ਵਾਲ਼ੇ ਸਾਫ ਸੁਥਰੇ ਕੰਮ ਕਰਨਗੇ ਤੇ ਥੱਲੇ ਵਾਲ਼ੇ ਸਮਾਜ ਦਾ ਹਰ ਗੰਦਾ ਕੰਮ। ਇਨਸਾਨੀ ਜਨਮ ਨੂੰ 'ਕਰਮ' ਨਾਲ ਜੋੜ ਕੇ ਚੁਰਾਸੀ ਲੱਖ ਜੂਨਾਂ ਦੀ ਕਹਾਣੀ ਬਣਾਈ ਗਈ ਕਿ ਉਪਰਲੀਆਂ ਜਾਤਾਂ ਵਿਚ ਪੈਦਾ ਹੋਣ ਵਾਲ਼ਿਆਂ ਨੇ ਆਪਣੇ ਪਿਛਲੇ ਜਨਮਾਂ ਵਿਚ ਚੰਗੇ ਕਰਮ ਕੀਤੇ ਹੁੰਦੇ ਹਨ ਤੇ ਥੱਲੇ ਵਾਲੀਆਂ ਜਾਤਾਂ ਵਿਚ ਜੰਮਣ ਵਾਲ਼ਿਆਂ ਨੇ ਮਾੜੇ ਕਰਮ ਕੀਤੇ ਹੁੰਦੇ ਹਨ। ਤੇ ਇਸ ਨੂੰ ਧਰਮ ਦਾ ਹਿੱਸਾ ਬਣਾ ਕੇ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਇਹ ਸਭ ਕੁਝ ਕਿਸੇ ਬਾਹਰੀ ਸ਼ਕਤੀ ਨੇ ਨਿਰਧਾਰਤ ਕੀਤਾ ਹੈ ਤੇ ਇਸ ਨੂੰ ਬਦਲਣਾ ਬੰਦੇ ਦੇ ਹੱਥ ਵਿਚ ਨਹੀਂ। ਭਾਰਤ ਵਿਚ ਜੰਮਣ ਵਾਲ਼ਾ ਹਰ ਇਨਸਾਨ ਜਾਤ-ਪਾਤ ਦੀ ਅਸਲੀਅਤ ਤੋਂ ਵਾਕਿਫ ਹੈ ਅਤੇ ਇਹ ਵੀ ਜਾਣਦਾ ਹੈ ਕਿ ਇਸ ਸਮਾਜਕ ਢਾਂਚੇ ਨੂੰ ਬਦਲਣ ਲਈ ਹੁਣ ਤਕ ਹੋਈ ਹਰ ਕੋਸ਼ਿਸ਼ ਨਾਕਾਮਯਾਬ ਹੋਈ ਹੈ। ਇਨ੍ਹਾਂ ਕੋਸ਼ਿਸ਼ਾਂ ਵਿਚ ਹਿੰਦੂ ਧਰਮ ਅੰਦਰ ਚੱਲੀ ਭਗਤੀ ਲਹਿਰ ਵੀ ਸ਼ਾਮਲ ਹੈ ਅਤੇ ਇਸ ਦੀ ਅਗਲੀ ਲੜੀ ਵਜੋਂ ਅਤੇ ਨਾਲ ਹੀ ਇਸਲਾਮ ਵਿਚਲੀ ਸੂਫੀ ਲਹਿਰ ਦੇ ਮਿਲਵੇਂ ਅਸਰ ਨਾਲ ਪੰਜਾਬ ਵਿਚ ਉੱਠੀ ਸਿੱਖ ਲਹਿਰ ਵੀ ਅਸਲ ਵਿਚ ਜਾਤ-ਪਾਤ ਨੂੰ ਸਮਾਜ ਵਿਚੋਂ ਖਤਮ ਕਰਨ ਦਾ ਯਤਨ ਸੀ। ਪਰ ਗੁਰੂ ਨਾਨਕ ਦੇ ਸੱਜਰੇ ਅਤੇ ਸਮੇਂ ਅਨੁਸਾਰ ਇਨਕਲਾਬੀ ਵਿਚਾਰਾਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਵੱਲੋਂ ਸਾਜੇ ਖਾਲਸੇ ਦੇ ਪਿੱਛੇ ਵੀ ਕੰਮ ਕਰਦੀ ਸੋਚ ਜਾਤ-ਪਾਤ ਦਾ ਖਾਤਮਾ ਕਹੀ ਜਾ ਸਕਦੀ ਹੈ। ਪਰ ਸਿੱਖ ਲਹਿਰ ਵਿਚ ਵੀ ਜਾਤ-ਪਾਤ ਉਨਾ ਚਿਰ ਲੁਪਤ ਰਹੀ, ਜਿੰਨਾ ਚਿਰ ਸਿੱਖ ਆਪਣੀ ਹੋਂਦ

ਲਈ ਸਮਾਜ ਤੋਂ ਬਾਹਰ ਰਹਿ ਕੇ ਲੜਦੇ ਰਹੇ। ਪਰ ਜਦ ਉਹ ਸਮਾਜ ਵਿਚ ਸਥਾਪਤ ਹੋ ਗਏ ਤਾਂ ਉਨ੍ਹਾਂ ਵਿਚ ਵੀ ਜਾਤ-ਪਾਤ ਬਾਕੀ ਭਾਰਤੀ ਸਮਾਜ ਵਾਂਗ ਹੀ ਮੁੜ ਕੇ ਸਥਾਪਤ ਹੋ ਗਈ। ਇਸੇ ਤਰ੍ਹਾਂ ਆਜ਼ਾਦ ਭਾਰਤ ਦੇ ਸੰਵਿਧਾਨ ਵਿਚ ਵੀ ਸਾਰੇ ਦੇਸ਼ਵਾਸੀਆਂ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਅਤੇ ਕਈ ਕਿਸਮ ਦੇ ਕਾਨੂੰਨ ਬਣਾ ਕੇ ਜਾਤ-ਪਾਤ ਦੇ ਅਸਰ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਜੋ ਕੁਝ ਸੀਮਤ ਹੱਦ ਤਕ ਹੀ ਫਰਕ ਪਾ ਸਕੀਆਂ ਹਨ। ਭਾਰਤੀ ਸੰਵਿਧਾਨ ਦੇ ਰਚੇਤਾ ਡਾਕਟਰ ਅੰਬੇਦਕਰ ਨੇ ਜਾਤ-ਪਾਤ ਦੇ ਖਾਤਮੇ ਲਈ ਤੇ ਲੋਕਾਂ ਨੂੰ ਇਸ ਬਾਰੇ ਚੇਤਨ ਕਰਨ ਲਈ ਸ਼ਾਇਦ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਕਾਨੂੰਨੀ ਕੋਸ਼ਿਸ਼ਾਂ ਦੇ ਨਾਲ ਨਾਲ ਅਖੌਤੀ ਛੋਟੀਆਂ ਜਾਤਾਂ ਦੇ ਲੋਕਾਂ ਦੇ ਧਰਮ ਪਰਵਿਰਤਨ ਨਾਲ ਵੀ ਇਸ ਦਾ ਅਸਰ ਘਟਾਉਣ ਦੀ ਕੋਸ਼ਿਸ਼ ਕੀਤੀ ਪਰ ਸੀਮਤ ਹੱਦ ਤਕ ਹੀ ਕਾਮਯਾਬੀ ਹਾਸਲ ਹੋ ਸਕੀ।

ਜਿਸ ਤਰ੍ਹਾਂ ਹਰ ਕਿਸੇ ਨੂੰ ਬਚਪਨ ਤੋਂ ਹੀ ਧਾਰਮਿਕ ਸਿੱਖਿਆ ਮਿਲਣ ਕਾਰਨ ਰੱਬ ਵਿਚ ਵਿਸ਼ਵਾਸ ਕੁਦਰਤੀ ਵਰਤਾਰਾ ਲੱਗਦਾ ਹੈ, ਇਸੇ ਤਰ੍ਹਾਂ ਹੀ ਇਸ ਸਮਾਜ ਵਿਚ ਪੈਦਾ ਹੋਣ ਵਾਲ਼ਿਆਂ ਨੂੰ ਸਮਾਜ ਵਿਚਲੀਆਂ ਜਾਤ-ਪਾਤ ਦੀਆਂ ਇਹ ਵੰਡੀਆਂ ਵੀ ਕੁਦਰਤੀ ਜਾਪਦੀਆਂ ਹਨ ਅਤੇ ਜਿੰਨਾ ਚਿਰ ਲੋਕਾਂ ਉਪਰ ਧਰਮ ਦਾ ਅਸਰ ਕਾਇਮ ਹੈ ਉਨਾ ਚਿਰ ਜਾਤ-ਪਾਤ ਕਾਇਮ ਰਹੇਗੀ। ਇਹ ਸਮੱਸਿਆ ਧਰਮ ਵੱਲੋਂ ਪੈਦਾ ਕੀਤੀ ਤੇ ਸਮਾਜ ਉਪਰ ਠੋਸੀ ਹੋਈ ਹੈ ਤੇ ਜਿੰਨਾ ਚਿਰ ਧਰਮ ਦੀ ਪਕੜ ਸਮਾਜ ਉਪਰ ਕਾਇਮ ਹੈ ਉਨਾਂ ਚਿਰ ਇਸ ਕੋਹੜ ਦਾ ਖਾਤਮਾ ਸੰਭਵ ਨਹੀਂ ਜਾਪਦਾ।

2) ਅੰਧਵਿਸ਼ਵਾਸ - ਅੱਜੋਕੇ ਪੰਜਾਬੀ ਸਮਾਜ ਵਿਚ ਅੰਧਵਿਸ਼ਵਾਸ ਵੀ ਇਕ ਵੱਡੀ ਸਮੱਸਿਆ ਵਜੋਂ ਹਾਜ਼ਰ ਹੈ। ਇਕ ਅੰਦਾਜ਼ੇ ਅਨੁਸਾਰ ਪੰਜਾਬ ਦੇ ਬਾਰਾਂ ਹਜ਼ਾਰ ਪਿੰਡਾਂ ਵਿਚ ਅਠਾਰਾਂ ਹਜ਼ਾਰ ਡੇਰੇ ਜਾਂ ਜੀਂਦੇ ਗੁਰੂਆਂ ਦੇ ਅੱਡੇ ਹਨ। ਇਨ੍ਹਾਂ ਗੁਰੂਆਂ ਤੇ ਬਾਬਿਆਂ ਵੱਲੋਂ ਪੰਜਾਬ ਦੇ ਗ਼ਰੀਬ ਤੇ ਵਿਗਿਆਨਕ ਸੂਝ ਤੋਂ ਕੋਰੇ ਲੋਕਾਂ ਨੂੰ ਪੁਰਾਣੇ ਵਹਿਮਾਂ ਭਰਮਾਂ ਦੇ ਡਰਾਵੇ ਨਾਲ ਆਪਣੀ ਰੋਟੀ ਕਮਾਈ ਜਾਂਦੀ ਹੈ। ਇਨ੍ਹਾਂ ਡੇਰਿਆਂ ਦੇ ਸਾਰੇ ਬਾਬੇ ਜਾਂ ਗੁਰੂ ਚਲਾਕ ਜਾਂ ਧੋਖਾ ਕਰਨ ਵਾਲ਼ੇ ਨਹੀਂ ਹਨ, ਸਗੋਂ ਅਸਲੀਅਤ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਖੁਦ ਵੀ ਵਿਗਿਆਨਕ ਸੂਝ ਤੋਂ ਕੋਰੇ ਹਨ ਅਤੇ ਵਹਿਮਾਂ ਭਰਮਾਂ ਵਿਚ ਯਕੀਨ ਕਰਨ ਵਾਲ਼ੇ ਹਨ। ਇਸ ਸਥਿਤੀ ਲਈ ਅਸਲੀ ਕਸੂਰਵਾਰ ਤਾਂ ਪੰਜਾਬ ਦੀ ਆਰਥਿਕਤਾ ਅਤੇ ਸਿਆਸਤ ਹੈ। ਆਜ਼ਾਦੀ ਦੀ ਪੌਣੀ ਸਦੀ ਦੌਰਾਨ ਪੰਜਾਬ ਵਿਚ ਉਸ ਕਿਸਮ ਦਾ ਵਿਕਾਸ ਨਹੀਂ ਹੋ ਸਕਿਆ ਜੋ ਹਰ ਕਿਸੇ ਦੇ ਰੋਟੀ ਰੋਜ਼ੀ ਦੇ ਮਸਲੇ ਨੂੰ ਹੱਲ ਕਰ ਸਕੇ, ਲੋਕਾਂ ਨੂੰ ਵਿਗਿਆਨਕ ਪਹੁੰਚ ਵਾਲੀ ਸਿੱਖਿਆ ਪ੍ਰਦਾਨ ਕਰ ਸਕੇ ਅਤੇ ਲੋਕਾਂ ਦੇ ਸਿਹਤ ਆਦਿ ਨਾਲ ਸੰਬੰਧਤ ਮਸਲੇ ਸੁਲਝਾ ਸਕੇ। ਪੰਜਾਬ ਦੇ ਸਿਆਸਤਦਾਨ ਅਨੇਕਾਂ ਕਾਰਨਾਂ ਕਰਕੇ ਇਸ ਸਥਿਤੀ ਨੂੰ ਸਿੱਧੇ ਤੌਰ ਉੱਤੇ ਹੱਲ ਕਰਨ ਤੋਂ ਅਸਮਰੱਥ ਰਹੇ ਹਨ ਅਤੇ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਉਹ ਵੀ ਧਰਮ ਅਤੇ ਲੋਕਾਂ ਦੇ ਅੰਧ-ਵਿਸ਼ਵਾਸ ਨੂੰ ਆਪਣੇ ਮਕਸਦ ਲਈ ਵਰਤਦੇ ਹਨ। ਪੰਜਾਬ ਵਿਚ ਤਰਕਸ਼ੀਲ ਲਹਿਰ ਨੇ ਅੰਧਵਿਸ਼ਵਾਸ ਨੂੰ ਖਤਮ ਕਰਨ ਲਈ ਕਾਫੀ ਕੰਮ ਕੀਤਾ ਹੈ ਤੇ ਕਰ ਰਹੀ ਹੈ। ਸਿੱਖ ਧਰਮ ਨਾਲ ਸੰਬੰਧਤ ਵੀ ਬਹੁਤ ਸਾਰੇ ਚਿੰਤਕ ਹਨ ਜੋ ਅੰਧਵਿਸ਼ਵਾਸ ਨੂੰ ਖਤਮ ਕਰਨ ਲਈ ਯਤਨਸ਼ੀਲ ਹਨ। ਪਰ ਮੇਰੇ ਵਿਚਾਰ ਵਿਚ ਅਸਲ ਸਮੱਸਿਆ ਅੰਧਵਿਸ਼ਵਾਸ ਨਹੀਂ ਸਗੋਂ ਵਿਸ਼ਵਾਸ ਹੈ। ਜਿੰਨਾ ਚਿਰ ਸਿੱਧਾ ਲੋਕਾਂ ਦੇ ਵਿਸ਼ਵਾਸ ਵੱਲ ਉਂਗਲੀ ਨਹੀਂ ਕੀਤੀ ਜਾਂਦੀ, ਉਨਾ ਚਿਰ ਇਹ ਸਮੱਸਿਆ ਹੱਲ ਹੋਣੀ ਮੁਸ਼ਕਿਲ ਹੈ। 000

*(sadhu.binning@gmail.com)*

## ਦਾਗ਼: ਕਹਾਣੀ: ਨਵਚੇਤਨ

ਨਾਂ ਤਾਂ ਉਹਦਾ ਸ਼ਮੀਰ ਸੀ ਪਰ ਉਹ ਆਪਣੇ ਆਪ ਨੂੰ ਮੀਰ ਹੀ ਸੱਦਦਾ ਸੀ... ਉਹ ਕੀ ਅਸੀਂ ਵੀ ਉਹਨੂੰ ਮੀਰ ਹੀ ਸੱਦਦੇ ਸਾਂ...ਸਿਵਾਏ ਉਨ੍ਹਾਂ ਦੇ ਜਿਹੜੇ ਉਹਦੇ ਪੁਰਾਣੇ ਸਾਥੀ ਸਨ...ਉਹ ਕਦੇ ਕਦਾਈਂ ਉਹਨੂੰ ਸ਼ਮੀਰ ਕਹਿਕੇ ਵਾਜ਼ ਮਾਰ ਲੈਂਦੇ ਸਨ ...

ਅਸੀਂ ਜਦੋਂ ਉਹਨੂੰ ਕਦੇ ਕਦਾਈਂ ਤੰਗ ਕਰਨ ਦੇ ਮੂਡ 'ਚ ਹੁੰਦੇ ਤਾਂ ਕੋਈ ਚਿਚੜੀ ਛੇੜ ਦਿੰਦਾ..."ਅੱਛਾ ਯਾਰ ਆਪਣੇ ਸ਼ਮੀਰ ਤੋਂ ਮੀਰ ਹੋਣ ਦੀ ਕਥਾ ਤਾਂ ਬਿਆਨ ਕਰ?"

"ਤੁਸੀਂ ਰਿਸ਼ਤਾ ਕਰਨਾ ਏ ਮੈਨੂੰ? ਜਿਹੜੀ ਮੇਰੇ ਨਾਂ ਦੀ ਜਨਮ ਪੱਤਰੀ ਖੋਲ੍ਹ ਕੇ ਬੈਠੇ ਜੇ।"

"ਵੈਸੇ ਵੀ ਸ਼ਮੀਰ ਕਹਿ ਕੇ ਬੁਲਾਉਣ ਦਾ ਹੱਕ ਸਿਰਫ਼ ਇਕੋ ਨੂੰ ਸੀ...ਜਦੋਂ ਉਹ ਗਵਾਚ ਗਈ ਤਾਂ ਉਹਦੇ ਨਾਲ ਸ਼ਮੀਰ ਵੀ ਗਵਾਚ ਗਿਆ...ਸੋ ਹੁਣ ਸਿਰਫ਼ ਮੀਰ ਬਚਿਆ ਏ...ਮੀਰ ਦੀ ਸ਼ਾਇਰੀ ਸੁਣੋਗੇ?"

'ਇੰਸਟੈਂਟ ਸ਼ਾਇਰੀ' ਦਾ ਉਹ ਆਪਣੇ ਆਪ ਨੂੰ ਉਸਤਾਦ ਸਮਝਦਾ ਸੀ ਤੇ ਉਹ ਫਟਾਫਟ ਸਾਨੂੰ ਆਪਣੇ ਤੁਰੰਤ ਜੋੜੇ ਹੋਏ ਕਬਿੱਤ ਸੁਣਾਉਣ 'ਚ ਰੁੱਝ ਜਾਂਦਾ...

*ਆਪੇ ਚੇਲਾ ਆਪੇ ਪੀਰ, ਆਪੇ ਰਾਂਝਾ ਆਪੇ ਹੀਰ*
*ਨੱਚਦਾ ਗਾਉਂਦਾ ਇਕ ਫ਼ਕੀਰ, ਜੈ ਮੀਰ ਜੈ ਮੀਰ ...*

ਕੋਈ ਹੋਰ ਉਹਦੇ ਕਹੇ ਬੋਲਾਂ ਨੂੰ ਵਿਚੇ ਹੀ ਬੋਚ ਲੈਂਦਾ...

*ਬਣ ਗਿਆ ਦਲੀਆ ਧਰੀ ਸੀ ਖੀਰ*
*ਝੀਥਾਂ ਨੇ ਹੀ ਜਾਣੀ ਜੀਰ, ਆਜੋ ਰਲ਼ ਕੇ ਖਾਈਏ ਖੀਰ..*

ਕੋਈ ਹੋਰ ਹੋਸਟਲ ਮੈੱਸ ਦੀ ਬਣੀ ਖੀਰ ਦੀ ਕੌਲੀ ਮੂੰਹ ਨੂੰ ਲਾਉਂਦਾ...ਤੇ ਮੈੱਸ ਦੇ ਇੰਚਾਰਜ ਚਾਚੇ ਨੂੰ ਇਸ਼ਾਰਾ ਕਰਦਾ,"ਚਾਚਾ ਅੱਜ ਦੀਆਂ ਸਾਰੀਆਂ ਡਿਸ਼ਾਂ ਮੀਰ ਦੇ ਖਾਤੇ ਵਿਚ ਪਾ ਦੇਵੀਂ..."

ਬਹੁਤੀ ਵਾਰ ਇਹੋ ਜਿਹਾ ਇਸ਼ਾਰਾ ਸ਼ਾਮ ਦੀ 'ਮਹਿਫ਼ਿਲ-ਏ-ਆਮ' ਦੇ ਬਰਖਾਸਤ ਹੋਣ ਦੀ ਸੂਚਨਾ ਵੀ ਹੁੰਦਾ ਸੀ!

ਉਸ ਯੂਨੀਵਰਸਿਟੀ 'ਚ ਅਸੀਂ ਰਿਸਰਚ ਸਕਾਲਰਾਂ ਦੇ ਜਮਘਟੇ ਦਾ ਹਿੱਸਾ ਸਾਂ...ਕਈ ਵਾਰ ਸਾਡੇ ਸਾਰਿਆਂ ਦੇ ਰਿਸਰਚ ਗਾਈਡ ਸਾਨੂੰ ਸੱਦ ਕੇ ਗੱਲੀਂ ਬਾਤੀਂ ਤਾਕੀਦ ਵੀ ਕਰਦੇ..."ਗੱਲ ਸੁਣੋ ਮੁੰਡਿਓ, ਹੁਣ ਸਟੂਡੈਂਟੀ ਦਾ ਪੱਲਾ ਛੱਡ ਦਵੋ....ਯਾਦ ਰੱਖੋ ਤੁਸੀਂ ਹੁਣ ਸਟੂਡੈਂਟ ਨਹੀਂ ਹੋ...ਤੁਸੀਂ ਰਿਸਰਚ ਸਕਾਲਰ ਹੋ...ਤੁਹਾਨੂੰ ਇਕ ਲੈਕਚਰਾਰ ਦੀ ਬੇਸਿਕ ਪੇਅ ਦੇ ਬਰਾਬਰ ਦੀ ਤਨਖ਼ਾਹ ਮਿਲਦੀ ਹੈ।"

...ਇਸ ਤੋਂ ਪਹਿਲਾਂ ਕਿ ਉਹ ਟੀਚਰ ਹੋਰ ਕੋਈ ਗੱਲ ਕਰਦਾ...ਕੋਈ ਵਿਚੋਂ ਹੀ ਬੋਲ ਪੈਂਦਾ... "ਸਰ ਜੀ, ਨਾਲ 15 ਫ਼ੀਸਦੀ ਹਾਊਸ ਰੈਂਟ ਅਲਾਊਂਸ ਵੀ!!...ਉਹੀ ਤਾਂ ਸਾਡੀ ਬੱਚਤ ਹੈ, ਬਾਕੀ ਸਾਰਾ ਖ਼ਰਚ ਹੋ ਜਾਂਦਾ ਹੈ" ਤੇ ਅਸੀਂ ਸਾਰੇ ਹੀ ਹੱਸ ਪੈਂਦੇ...

ਸਾਡੇ 'ਚੋਂ ਬਹੁਤੇ ਪਿੰਡਾਂ ਵਿਚੋਂ ਪਲੱਸ ਟੂ ਕਰਕੇ ਯੂਨੀਵਰਸਿਟੀ ਵਿਚ ਆਏ ਸਨ...ਪਹਿਲੇ ਦੋ ਕੁ ਸਾਲ ਤਾਂ ਆਲ਼ੇ ਦੁਆਲ਼ੇ ਨੂੰ ਵੇਖ ਕੇ ਬੌਂਦਲੇ ਹੀ ਰਹੇ...ਤੀਜੇ ਸਾਲ 'ਚ ਪੈਰ ਧਰਤੀ 'ਤੇ ਲੱਗੇ ਤਾਂ ਚੰਗੇ ਨੰਬਰਾਂ ਨਾਲ ਡਿਗਰੀ ਕਰਨ ਦੀ ਤਲਵਾਰ ਸਿਰ 'ਤੇ ਲਟਕ ਰਹੀ ਸੀ...ਚੰਗੇ ਨੰਬਰ ਨਾ ਆਏ ਤਾਂ ਯੂਨੀਵਰਸਿਟੀ ਵਾਲਾ ਮੇਲਾ ਉਜੜਨ ਦਾ ਭੈਂਸਾ ਵੀ ਸਾਡੇ ਸਾਹਮਣੇ ਸੀ...ਐੱਮ ਏ 'ਚ ਦਾਖਲਾ ਲੈਣ ਲਈ ਫੀਸਾਂ ਦੇਂਦਿਆਂ ਘਰਦਿਆਂ ਦੀਆਂ ਅੱਖਾਂ ਕਈ ਸਵਾਲ ਪੁੱਛ ਰਹੀਆਂ ਸਨ... ਯੂਨੀਵਰਸਿਟੀ ਵਿਚ ਚਾਰ ਪੰਜ ਸਾਲ ਗੁਜ਼ਾਰ ਕੇ ਤੁਸੀਂ ਕੁਝ ਤਾਂ ਜ਼ਿੰਦਗੀ ਦੀਆਂ ਉਲਝਣਾਂ ਨੂੰ ਸਿੱਖ

ਲੈਂਦੇ ਹੋ...ਕੁਝ ਚੰਗਾ ਕਰਨ ਦੀ ਹਸਰਤ ਵੀ ਦਿਲ ਵਿਚ ਪੈਰ ਪਸਾਰ ਲੈਂਦੀ ਹੈ...'ਏ ਜਮ੍ਹਾਂ ਬੀ ਬਰਾਬਰ ਸੀ' ਦੀ ਇਕਵੇਸ਼ਨ ਵੀ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ। ਜਿਨ੍ਹਾਂ ਨੂੰ ਤਾਂ ਇਹ ਇਕਵੇਸ਼ਨ ਸੂਤ ਬੈਠਦੀ ਹੈ ਉਹ ਤਾਂ ਤਰ ਜਾਂਦੇ ਹਨ...ਤੇ ਜਿਨ੍ਹਾਂ ਨੂੰ ਇਹ ਇਕਵੇਸ਼ਨ ਸੂਤ ਨਹੀਂ ਬੈਠਦੀ...ਉਸ ਨੂੰ ਬਿਆਨ ਕਰਨਾ ਮੁਸ਼ਕਲ ਹੈ ..। ਕੁਝ ਨਾ ਕਰ ਸਕਣ ਨਾਲੋਂ 'ਕਾਸ਼ ਜੇ ਇਹ ਕੁਝ ਕੀਤਾ ਹੁੰਦਾ' ਦਾ ਵਿਗੋਚਾ ਜ਼ਿਆਦਾ ਤੰਗ ਕਰਦਾ ਹੈ।

000

ਮੀਰ ਸਾਡੀ ਢਾਣੀ ਦਾ ਸ਼ਿੰਗਾਰ ਸੀ...ਜਿਹੜਾ ਕੰਮ ਕਰਨਾ ਹੁੰਦਾ, ਉਹਦੇ ਵਿਚ ਧੂਹ ਕੇ ਜਾਨ ਪਾਉਂਦਾ ਸੀ...ਹਾਕੀ 'ਚ ਉਹ ਸਾਡੀ ਟੀਮ ਦਾ ਲੈਫਟ ਵਿੰਗਰ ਸੀ...ਖੱਬੇ ਪਾਸਿਓਂ ਆਉਂਦਿਆਂ ਕਲਾਈਆਂ ਦੇ ਜ਼ੋਰ 'ਤੇ ਫਲਿੱਕ ਮਾਰ ਕੇ ਗੋਲ ਕਰਨ ਤੋਂ ਬਾਅਦ 'ਦਿਸ ਇਜ਼ ਮਾਈ ਬੈੱਸਟ ਮੂਮੈਂਟ' ਕਹਿਣਾ ਇਕ ਮਿਥੀ ਜਿਹੀ ਗੱਲ ਸੀ...

ਜੇ ਮੈਚ ਜਿੱਤ ਜਾਂਦੇ ਤਾਂ ਉਹ ਕਹਿੰਦਾ, "ਲੈ ਵੀਰ ਤੇਰਾ ਤਾਂ ਛਾ ਗਿਆ ਫਿਰ"

"ਛਾ ਗਿਆ" ਉਸ ਦਾ ਤਕੀਆ ਕਲਾਮ ਸੀ...

ਜੇ ਕੋਈ ਉਹਨੂੰ ਉੱਚੀ ਬੋਲ ਰਿਹਾ ਹੁੰਦਾ ਤਾਂ ਅੱਗਿਓਂ ਆਖਦਾ, "ਛੱਡ ਯਾਰ ਐਵੇਂ ਹੀ ਨਾਜਾਇਜ਼ ਛਾਉਣ ਦੀ ਕੋਸ਼ਿਸ਼ ਕਰ ਰਿਹਾ ਹੈਂ।"

ਕਿਸੇ ਦੀ ਕਹੀ ਗੱਲ ਦੇ ਦੂਹਰੇ ਤਿਹਰੇ ਮਤਲਬ ਕੱਢ ਕੇ ਦੂਜਿਆਂ ਨੂੰ ਤੰਗ ਕਰਨਾ ਹੋਸਟਲ ਦੀ ਜ਼ਿੰਦਗੀ ਦਾ ਖਾਸਾ ਸੀ ।

ਜੇ ਕਿਤੇ ਉਹ ਟਾਇਲਟ ਵਿਚ ਵੀ ਥੋੜ੍ਹਾ ਵੱਧ ਸਮਾਂ ਲਾ ਆਉਂਦਾ ਤਾਂ ਅਸੀਂ ਬਾਹਰ ਆਏ ਨੂੰ ਚੂੰਢੀਆਂ ਵੱਢਦੇ, "ਅੱਜ ਵੀਰ ਨੇ ਛਾਉਂਦਿਆਂ ਕੁਝ ਜ਼ਿਆਦਾ ਹੀ ਟਾਈਮ ਨ੍ਹੀਂ ਲੈ ਲਿਆ..."

ਯੂਨੀਵਰਸਿਟੀ ਦੇ ਬਹੁਤੇ ਸਕਾਲਰ ਜਿੱਥੇ ਮਿਣ ਮਿਣ ਕੇ ਪੈਰ ਪੁੱਟਦੇ ਸਨ...ਮੀਰ ਸੁਭਾਅ ਵੱਲੋਂ ਖੁੱਲ੍ਹਾ ਸੀ...ਮੈੱਸ ਜਾਂ ਕੈਫ਼ੇ 'ਚ ਕੰਮ ਕਰਨ ਵਾਲੇ ਮੁੰਡਿਆਂ ਨਾਲ ਉਹਨੇ ਅਜੀਬ ਜਿਹੀਆਂ ਸਾਂਝਾਂ ਬੁਣੀਆਂ ਹੋਈਆਂ ਸਨ...ਟਿੱਪ ਦਿਲ ਖੋਲ੍ਹ ਕੇ ਦਿੰਦਾ...ਦਿਨ ਤਿਉਹਾਰ ਤੇ ਉਨ੍ਹਾਂ ਦੀ ਵੱਖਰੀ ਸੇਵਾ ਕਰਨਾ ਨਾ ਭੁੱਲਦਾ...ਕਿਸੇ ਦੀ ਪਾਈ ਵਗਾਰ ਵੀ ਪੂਰੀ ਕਰ ਦੇਂਦਾ...ਕਿਸੇ ਨੇ ਕਦੀ ਰੂੜੀ ਮਾਰਕਾ ਦੀ ਮੰਗ ਪਾਈ ਤਾਂ ਪਿੰਡੋਂ ਸਪੈਸ਼ਲ ਲਿਆ ਕੇ ਦੇ ਦਿੱਤੀ...

ਤੇ ਮੈੱਸ ਤੇ ਕੈਫ਼ਿਆਂ ਵਾਲੇ ਵੀ ਉਹਦਾ ਅਹਿਸਾਨ ਮੋੜਨਾ ਨਾ ਭੁੱਲਦੇ...ਉਹ ਕਿਸੇ ਨਾਲ ਵੀ ਜਾਵੇ ਉਹ ਆਪ ਉਹਦੇ ਲਈ ਕੁਰਸੀ ਲਿਆ ਕੇ ਦੇਂਦੇ...'ਹੋਸਟਲ ਦੇ ਕਮਰੇ 'ਚ ਖਾਣਾ ਨਹੀਂ ਮਿਲੇਗਾ' ਵਾਲੇ ਹੁਕਮ ਉਹਦੇ 'ਤੇ ਲਾਗੂ ਨਹੀਂ ਸਨ ਹੁੰਦੇ...ਉਹਦੀ ਸਬਜ਼ੀ 'ਚ ਘਿਉ ਕਈ ਵਾਰ ਵੱਖਰਾ ਤਰਦਾ ਹੁੰਦਾ...ਤੇ ਉਹਦੇ ਚਿਕਨ ਦੀ ਪਲੇਟ ਵਿਚ ਸਾਜ਼ੋ ਸਾਮਾਨ ਵੀ ਬਾਕੀਆਂ ਦੀਆਂ ਪਲੇਟਾਂ ਨਾਲੋਂ ਵੱਧ ਹੁੰਦਾ...

ਮੀਰ ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗੱਲਾਂ 'ਤੇ ਖ਼ੁਸ਼ ਹੁੰਦਾ ਤੇ ਬੜੇ ਫਖ਼ਰ ਨਾਲ ਆਖਦਾ... "ਓ ਬਈ ਆਹ ਕਰਿੰਦੇ ਨੇ ਵੀਰ ਤੇਰੇ ਦੇ ਸਾਰੇ।"

ਉਹ ਉਹਦੇ ਇਸ਼ਕ ਦੇ ਮੁੱਢਲੇ ਜਿਹੇ ਦਿਨ ਸਨ...ਅੰਜਲੀ ਸ਼ਰਮਾ ਉਸ ਯੂਨੀਵਰਸਿਟੀ 'ਚ ਐੱਮ ਬੀ ਏ ਕਰਨ ਆਈ ਸੀ...ਲਾਇਬਰੇਰੀ ਤਾਂ ਪਹਿਲਾਂ ਵੀ ਬੈਠਦਾ ਸੀ...ਪਰ ਜਦੋਂ ਲਾਇਬਰੇਰੀ ਦੀਆਂ ਬੈਠਕਾਂ ਕੁਝ ਜ਼ਿਆਦਾ ਹੀ ਲੰਬੀਆਂ ਹੋ ਗਈਆਂ, ਕੁਝ ਯਾਰਾਂ ਨੇ ਉਹਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ...ਕਈਆਂ ਨੇ ਆਪਣੇ ਦਿਲ ਨੂੰ ਫੜ ਕੇ ਇਹ ਖ਼ਬਰ 'ਬ੍ਰੇਕ' ਕੀਤੀ..."ਉਹ ਸਾਲਿਓ ਇਹ ਕੀ ਭਾਣਾ ਵਾਪਰ ਗਿਆ...ਮੀਰ ਤਾਂ ਐੱਮਬੀਏ ਵਾਲੀ ਕਬੂਤਰੀ ਲੈ ਉੱਡਿਆ...ਇਕ ਅੰਜਲੀ ਉੱਤੋਂ ਸ਼ਰਮਾ ਓਹੋ ਹੋਹੋ..."

'ਉਸ ਸਾਲ਼ੇ ਕੋਲ਼ੋਂ ਪਾਰਟੀ ਲੈਨੇ ਆਂ...'

ਦੋਸਤਾਂ ਦੀ ਮਹਿਫ਼ਲ 'ਚ ਬੈਠਿਆਂ, ਹਾੜਾ ਚੁੱਕਦਿਆਂ ਉਹਦੇ ਚਿਹਰੇ 'ਤੇ ਇਕ ਜੇਤੂ ਵਾਲੀ ਮੁਸਕਰਾਹਟ ਸੀ...

ਇਕ ਬੋਲਿਆ, "ਕੱਲ੍ਹ ਭਾਬੀ ਨੂੰ ਵੇਖਿਆ ਸੀ ਸ਼ਾਪਿੰਗ ਕਰਦਿਆਂ, ਪੂਰੀ ਟਵਿੰਕਲ ਖੰਨਾ ਲੱਗਦੀ ਏ..."

ਮੀਰ ਦੇ ਚਿਹਰੇ ਉਤਲੀ ਮੁਸਕਰਾਹਟ ਹੋਰ ਵੀ ਗੂੜ੍ਹੀ ਹੋ ਗਈ... "ਵੀਰ ਤੇਰਾ ਕਿਹੜਾ ਅਕਸ਼ੈ ਕੁਮਾਰ ਤੋਂ ਘੱਟ ਏ"...ਉਹ ਖੱਬੀ ਅੱਖ ਨੱਪਦਿਆਂ ਬੋਲਿਆ...

'ਤੇਜਾ ਦਾਤਰ' ਪਹਿਲਾਂ ਹੀ ਆਪਣੀ ਦਾਤਰੀ ਲੈ ਕੇ ਤਿਆਰ ਖੜ੍ਹਾ ਸੀ..."ਇਹ ਗੱਲ ਤਾਂ ਠੀਕ ਏ ਮੀਰ...ਜਦੋਂ ਤਕ ਤੂੰ ਮੂੰਹ ਨਹੀਂ ਖੋਲ੍ਹਦਾ, ਤੂੰ ਉਦੋਂ ਤਕ ਅਕਸ਼ੈ ਕੁਮਾਰ ਹੀ ਲਗਦਾ ਏਂ"

"ਤੇ ਜਦੋਂ ਮੂੰਹ ਖੋਲ੍ਹਦਾ ਏ?" ਕਿਸੇ ਦੂਸਰੇ ਨੇ ਪੁੱਛਿਆ ...

"ਤੇ ਫੇਰ ਗੁਰਚਰਨ ਪੋਹਲੀ..."

ਅਸੀਂ ਸਾਰੇ ਤਾੜੀਆਂ ਮਾਰ ਕੇ ਹੱਸ ਪਏ...ਤੇ ਮੀਰ ਵੀ ਆਪਣੀ ਜੇਤੂ ਮੁਸਕਰਾਹਟ ਅਤੇ ਆਪਣੇ ਕਬਿੱਤ ਸਮੇਤ ਸਾਡੇ ਹਾਸਿਆਂ ਵਿਚ ਸ਼ਾਮਲ ਹੋ ਗਿਆ...

*"ਬਾਹਮਣੀ ਬਲੌਰ ਵਰਗੀ*
*ਮੁੰਡੇ ਕੀਲ ਕੇ ਪਟਾਰੀ ਵਿਚ ਪਾਈ!"*

ਤੇਜੇ ਦਾ ਅਸਲ ਨਾਂ ਤਾਂ ਤੇਜਬੀਰ ਸੀ, ਪਰ ਚੁਭਵੀਂ ਗੱਲ ਕਿਸੇ ਦੇ ਮੂੰਹ 'ਤੇ ਆਖਣ ਦੀ ਆਦਤ ਕਾਰਨ ਸਾਰੇ ਉਸ ਨੂੰ 'ਤੇਜਾ ਦਾਤਰ' ਹੀ ਸੱਦਦੇ ਸਨ। ਪਰ ਸਿਰਫ਼ ਦਾਤਰ ਫੇਰਨਾ ਹੀ ਉਹਦੀ ਵਿਸ਼ੇਸ਼ਤਾ ਨਹੀਂ ਸੀ...ਸੋਸ਼ਿਓਲੋਜੀ ਡਿਪਾਰਟਮੈਂਟ ਵਿਚ ਰਿਸਰਚ ਕਰਦਾ ਉਹ ਸਮਾਜ ਦੇ ਦੰਭਾਂ ਉੱਤੇ ਵੀ ਦਾਤਰੀ ਫੇਰਨ ਵਿਚ ਮਾਹਿਰ ਸੀ...ਅਤੇ ਉਹਦੀਆਂ ਖੱਟੀਆਂ-ਮਿੱਠੀਆਂ ਤੇ ਬਹੁਤ ਕਾਟਵੀਆਂ ਟਕੋਰਾਂ ਤੋਂ ਕੋਈ ਵੀ ਨਹੀਂ ਸੀ ਬਚ ਸਕਦਾ, ਭਾਵੇਂ ਉਹ ਉਹਦੇ ਬਹੁਤ ਖ਼ਾਸਮ ਖ਼ਾਸ ਮਿੱਤਰ ਹੀ ਕਿਉਂ ਨਾ ਹੋਣ...ਅਸੀਂ ਸਾਰੇ ਹੀ ਗਾਹੇ ਬ ਗਾਹੇ ਉਸਦੇ ਦਾਤਰ ਦਾ ਸੇਕ ਝੱਲਦੇ ਰਹਿੰਦੇ ਸਾਂ...!

ਵਕਤ ਆਪਣੀ ਚਾਲੇ ਤੁਰ ਰਿਹਾ ਸੀ...ਹਰ ਬੰਦੇ ਦੇ ਮਨ 'ਚ ਭੁਲੇਖਾ ਹੁੰਦਾ ਹੈ ਕਿ ਉਹ ਤੁਰਦੇ ਵਕ਼ਤ ਨਾਲ ਬਰ ਮੇਚ ਕੇ ਤੁਰ ਸਕੇਗਾ...ਪਰ ਵਕਤ ਨੂੰ ਤਾਂ ਖੰਭ ਲੱਗੇ ਹੋਏ ਸਨ...ਯੂਨੀਵਰਸਿਟੀ ਦਾ ਉਹ ਮੇਲਾ ਛੱਡਣ ਨੂੰ ਦਿਲ ਨਹੀਂ ਸੀ ਕਰਦਾ...ਪਰ ਹੁਣ ਉਮਰ ਦੇ ਉਸ ਪੜਾਅ 'ਤੇ ਸਾਂ ਜਿੱਥੇ ਵਰਤਮਾਨ ਨਾਲੋਂ ਭਵਿੱਖ ਜ਼ਿਆਦਾ ਮਾਅਨੇ ਰੱਖਦਾ ਸੀ...ਮੈਨੂੰ ਗੁੜਗਾਉਂ ਕਿਸੇ ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀ ਮਿਲ ਗਈ ਤਾਂ ਮੈਂ ਭਰੇ ਮਨ ਨਾਲ ਯੂਨੀਵਰਸਿਟੀ ਦੇ ਉਸ ਮੇਲੇ ਨੂੰ ਅਲਵਿਦਾ ਆਖ ਦਿੱਤੀ...

ਭਰਿਆ ਮੇਲਾ ਛੱਡਣਾ ਕਿਹੜਾ ਸੌਖਾ ਕੰਮ ਹੈ?

ਯੂਨੀਵਰਸਿਟੀ ਦੀ ਜ਼ਿੰਦਗੀ ਵਿਚੋਂ ਮਹਾਂਨਗਰ ਵਿਚ ਜਾ ਕੇ ਵੀ ਗੁੜਗਾਉਂ ਵਿਚ ਮੇਰਾ ਬਹੁਤਾ ਦਿਲ ਨਹੀਂ ਸੀ ਲੱਗਦਾ...

ਘਰਦਿਆਂ ਨੂੰ ਵਰਕਲੋਡ ਦਾ ਬਹਾਨਾ ਮਾਰ ਕੇ...ਵੀਕਐਂਡ 'ਤੇ ਮੈਂ ਮੁੜ ਉਸੇ ਯੂਨੀਵਰਸਿਟੀ ਵਿਚ ਰਿਸਰਚ ਸਕਾਲਰਾਂ ਦੀ ਭੀੜ ਵਿਚ ਸ਼ਾਮਿਲ ਹੋ ਜਾਂਦਾ ਸਾਂ...

ਹੁਣ ਨਵੇਂ ਚੁਟਕਲੇ ਉਸ ਤਰ੍ਹਾਂ ਪੈਦਾ ਨਹੀਂ ਸਨ ਹੁੰਦੇ ਜਿੰਨੇ ਦੋ ਤਿੰਨ ਵਰ੍ਹੇ ਪਹਿਲਾਂ ਹੁੰਦੇ ਸਨ... ਸਾਨੂੰ ਜਦੋਂ ਹੱਸਣ ਦਾ ਕੋਈ ਹੋਰ ਜ਼ਰੀਆ ਨਾ ਲੱਭਦਾ ਤਾਂ ਅਸੀਂ ਪੁਰਾਣੀਆਂ ਗੱਲਾਂ ਨੂੰ ਯਾਦ ਕਰਨ ਲੱਗ ਪੈਂਦੇ...ਤੇ ਉਨ੍ਹਾਂ ਗੱਲਾਂ ਨੂੰ ਯਾਦ ਕਰਦਿਆਂ ਕਰਦਿਆਂ ਕਈ ਗਲਵੱਕੜੀਆਂ ਹੋਰ ਪੀਡੀਆਂ ਹੋ ਜਾਂਦੀਆਂ ਤੇ ਕਈ ਮੋਢੇ ਹੋਰ ਗਿੱਲੇ...!

ਮੀਰ, ਮੇਰੇ ਤੇ ਤੇਜੇ ਨਾਲ ਆਪਣੇ ਦਿਲ ਦੀਆਂ ਉਹ ਗੱਲਾਂ ਕਰ ਲੈਂਦਾ ਸੀ ਜਿਹੜੀਆਂ ਸਾਰਿਆਂ 'ਚ ਬਹਿ ਕੇ ਨਹੀਂ ਸੀ ਕੀਤੀਆਂ ਜਾ ਸਕਦੀਆਂ...ਇਸ ਵਾਰ ਯੂਨੀਵਰਸਿਟੀ ਗਿਆ ਤਾਂ ਉਹ ਕੁਝ ਉੱਡਿਆ ਉੱਡਿਆ ਜਿਹਾ ਲੱਗਾ...

"ਕੀ ਗੱਲ ਬਈ?"

"ਚੱਲ ਆ ਕਿਤੇ ਬਾਹਰ ਬੈਠਦੇ ਹਾਂ।"

"ਯਾਰ ਮੈਂ ਤਾਂ ਆਇਆ ਸਾਂ ਕਿ ਅੱਜ ਕੱਲ੍ਹ ਤੇਜੇ ਦਾ ਜਨਮਦਿਨ ਹੈ, ਉਹਦੀ ਪਾਰਟੀ ਕਰਦੇ ਹਾਂ..."

"ਕੋਈ ਨਾ ਤੂੰ ਚਿੰਤਾ ਨਾ ਕਰ, ਓਥੇ ਇਕੱਠੀ ਭੀੜ 'ਚ ਇਹ ਗੱਲਾਂ ਨਹੀਂ ਹੋਣੀਆਂ... ਅੱਜ ਸਿਰਫ ਮੈਂ, ਤੂੰ ਤੇ ਤੇਜਾ ਬੈਠਾਂਗੇ...

ਮੈਨੂੰ ਮੀਰ ਦੀਆਂ ਗੱਲਾਂ 'ਚ ਲੱਗਾ ਕਿ ਉਹ ਭਰਿਆ ਹੋਇਆ ਸੀ।

ਉਸ ਰੈਸਟੋਰੈਂਟ ਦੇ ਓਹਲੇ ਚ ਛੁਪੀ ਇਕ ਨੁੱਕਰ 'ਚ ਬੈਠਦਿਆਂ ਮੈਂ ਉਹਨੂੰ ਪੁੱਛਿਆ...

"ਕਿੱਦਾਂ ਬਈ ਮੀਰ ਸਭ ਠੀਕ ਤਾਂ ਹੈ...ਅੰਜਲੀ ਨਾਲ ਸਭ ਠੀਕ ਠਾਕ ਹੈ?"

"ਨਹੀਂ ਯਾਰ ਕੁਝ ਵੀ ਤਾਂ ਠੀਕ ਠਾਕ ਨਹੀਂ..."

ਕੀ ਗੱਲ?

ਵਹੀ ਪੁਰਾਣੀ ਕਹਾਣੀ...

"ਉਹਦਾ ਪਿਉ ਨਹੀਂ ਮੰਨ ਰਿਹਾ...ਉਹ ਵਾਰ ਵਾਰ ਕਹਿ ਰਿਹਾ ਹੈ ਕਿ ਅਸੀਂ ਸ਼ਰਮੇ ਹੁੰਦੇ ਹਾਂ, ਜਾਤ ਤੋਂ ਬਾਹਰ ਵਿਆਹ ਨਹੀਂ ਕਰਦੇ..."

"ਯਾਰ ਤੂੰ ਮੀਰ ਏਂ!! ਮੀਰ ਸੰਧੂ, ਨੌਕਰੀ ਤੇਰੇ ਕੋਲ਼ ਹੈ, ਚਾਰ ਸਿਆੜ ਵੀ ਹੈਗੇ ਨੇ!! ਜੇ ਉਹਦਾ ਪਿਉ ਨ੍ਹੀਂ ਮੰਨਦਾ ਤਾਂ ਲੈ ਕੇ ਕਬੂਤਰੀ ਉਡ ਜਾਹ..." ਮੈਂ ਉਹਦੀ ਜਾਤੀ ਹਉਮੈ ਨੂੰ ਪੱਠੇ ਪਾਉਣ ਦੀ ਕੋਸ਼ਿਸ਼ ਕੀਤੀ...

"ਮੈਨੂੰ ਪਤੈ ਯਾਰ, ਮੈਂ ਉਹ ਹੀਲਾ ਵੀ ਕਰਕੇ ਵੇਖ ਲਿਆ ਹੈ...ਤੇਜੇ ਦੇ ਬਾਪੂ ਨੂੰ ਭੇਜਿਆ ਸੀ ਉਹਦੇ ਪਿਉ ਕੋਲ਼...ਅੰਜਲੀ ਦਾ ਪਿਉ ਗੱਲਾਂ ਹੀ ਅਜੀਬੋ ਗ਼ਰੀਬ ਜਿਹੀਆਂ ਕਰਦਾ ਹੈ..."

"...ਅੰਜਲੀ ਨੂੰ ਆਪਣੇ ਪਿਉ ਦੀ ਜ਼ਿਦ ਦਾ ਪਤਾ ਹੈ...ਕਹਿੰਦੀ ਮੈਂ ਸਭ ਤੋਂ ਵੱਡੀ ਹਾਂ... ਆਪਣੇ ਭੈਣਾਂ ਭਰਾਵਾਂ ਦੇ ਰਾਹ 'ਚ ਕੰਡੇ ਨ੍ਹੀਂ ਬੀਜ ਸਕਦੀ..."

"ਤੇ ਫਿਰ ਇਸ ਦਾ ਹੱਲ ਕੀ ਹੈ...?"

"ਮੈਨੂੰ ਨਹੀਂ ਪਤਾ"! ਉਹ ਉਦਾਸੀਆਂ ਅੱਖਾਂ ਨਾਲ ਬੋਲਿਆ...।

"ਇੱਟ ਸੀਮਜ਼ ਲਾਈਕ ਨੈਵਰ ਦੀ ਟਵੇਨ ਸ਼ੈੱਲ ਮੀਟ...।"

ਇਹ ਉਸ ਉਮਰ ਦਾ ਪਹਿਲਾ ਇਸ਼ਕ ਨਹੀਂ ਸੀ ਜਿਹੜਾ ਮੈਂ ਟੁੱਟਦਿਆਂ ਤੱਕਿਆ ਸੀ...ਮੈਂ ਪਹਿਲਾਂ ਵੀ ਕਈ ਕੌਲ ਕਰਾਰ ਟੁੱਟਦੇ ਵੇਖੇ ਸਨ...ਕਿਤੇ ਮਜ਼੍ਹਬ ਆਪਣਾ ਫੰਨ ਖਲਾਰ ਖੜ੍ਹਾ ਹੁੰਦਾ ਸੀ ਤੇ ਕਿਤੇ ਜਾਤ...ਤੇ ਜੇ ਦੋਵੇਂ ਹੀ ਆਪਣੀ ਥਾਈਂ ਫਿੱਟ ਬੈਠਦੇ ਸਨ ਤਾਂ ਆਰਥਿਕ ਪਾੜਾ ਵਜ੍ਹਾ ਬਣ ਖਲੋਂਦਾ ਸੀ...

ਅਗਲੀ ਸਵੇਰ ਕੈਫੇ ਦੇ ਬਾਹਰ ਚਾਹ ਪੀਂਦਿਆਂ ਮੈਂ ਤੇ ਤੇਜਾ ਮੀਰ ਦੀਆਂ ਹੀ ਗੱਲਾਂ ਕਰ ਰਹੇ ਸਾਂ...ਤੇਜਾ ਇਹੋ ਜਿਹੇ ਮਾਮਲਿਆਂ 'ਚ ਸਾਡੇ ਤੋਂ ਕਿਤੇ ਵੱਧ ਵਿਹਾਰਕ ਸੀ...

"ਬਾਈ ਸਮਾਜ ਦਾ ਤਾਣਾ ਬਾਣਾ ਹੀ ਇੰਝ ਦਾ ਹੈ, ਤੂੰ ਸ਼ਾਇਦ ਅੰਜਲੀ ਦੇ ਪਿਉ ਦੇ ਮੱਥੇ 'ਤੇ ਲੱਗਾ ਤਿਲਕ ਨਹੀਂ ਵੇਖਿਆ?" ਮੱਥੇ 'ਤੇ ਲੱਗਾ ਤਿਲਕ ਤਾਂ ਸਿਰਫ ਦਿਖਦਾ ਹੈ...ਪਰ ਉਹ ਮੱਥੇ ਤੋਂ ਤਿਲਕ ਕੇ ਸਿਰ ਦੇ ਪਿਛਲੇ ਪਾਸੇ ਜਾ ਕੇ ਧੌਣ 'ਚ ਫਸਿਆ ਕਿੱਲਾ ਬਣ ਜਾਂਦਾ ਹੈ।"

"ਦੁਨੀਆਂ ਕਿੱਥੋਂ ਕਿੱਥੇ ਪਹੁੰਚ ਗਈ ਤੇ ਆਪਾਂ ਕਿਹੋ ਜਿਹੀਆਂ ਊਲ ਜਲੂਲ ਗੱਲਾਂ ਵਿਚ ਫਸੇ ਹੋਏ ਹਾਂ ਯਾਰ? "ਮੈਂ ਗੱਲ ਕਹਿ ਤਾਂ ਦਿੱਤੀ ਪਰ ਮੈਨੂੰ ਇਹ ਸਮਾਜਕ ਤਾਣੇ ਬਾਣੇ ਵਰਗੀ ਦਕੀਆਨੂਸੀ ਜਿਹੀ ਹੀ ਲੱਗੀ...

ਪਰ ਤੇਜਾ ਹਾਲੇ ਵੀ ਜਾਰੀ ਸੀ...

"ਤੈਨੂੰ ਮੇਰੇ ਬਾਪੂ ਦਾ ਤਾਂ ਪਤਾ ਈ ਐ ਨਾ... ਪੱਕੇ ਕਾਮਰੇਡ ਨੇ...ਮੀਰ ਨੇ ਮੇਰੇ ਬਾਪੂ ਨੂੰ ਵਿਚੋਲਗਿਰੀ ਦਾ ਵਾਸਤਾ ਪਾਇਆ ਤਾਂ ਬਾਪੂ ਨੇ ਏਸ ਆਸ 'ਤੇ ਹਾਂ ਕਰ ਦਿੱਤੀ ਕਿ ਉਹ ਕੁੜੀ ਵਾਲਿਆਂ ਨੂੰ ਮਨਾ ਹੀ ਲੈਣਗੇ"

"ਫਿਰ?"...

"ਮੇਰਾ ਬਾਪੂ ਰਿਸ਼ਤਾ ਲੈ ਕੇ ਕੁੜੀ ਦੇ ਘਰ ਗਿਆ ਤਾਂ ਕੁੜੀ ਦਾ ਬਾਪ ਕਹਿੰਦਾ ...। ਮੈਂ ਮਾਨਤਾ ਹੂ ਕਿ ਲੜਕਾ ਅੱਛਾ ਪੜ੍ਹਾ ਹੂਆ ਹੈ, ਪੀਐੱਚ ਡੀ ਕਰ ਰਹਾ ਹੈ, ਹੋ ਸਕਤਾ ਹੈ ਕਿਸੀ ਬੜੀ ਪਦਵੀ ਪਰ ਭੀ ਪਹੁੰਚ ਜਾਏ, ਔਰ ਜੈਸਾ ਕਿ ਆਪ ਬਤਾ ਰਹੇ ਹੈਂ, ਉਸਕੇ ਪਾਸ ਜ਼ਮੀਨ ਜਾਇਦਾਦ ਭੀ ਹੈ ... ਪਰੰਤੂ ਵੋ ਉਸਕਾ ਆਰਥਿਕ ਸਟੇਟਸ ਹੈ"... ਪਿਤਾ ਜੀ ਨੇ ਥੋੜ੍ਹਾ ਹੋਰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਕਹਿੰਦਾ... "ਅਗਰ ਹਮਾਰੀ ਕੰਨਿਆਂ ਮੇਂ ਕੋਈ ਦਾਗ ਹੋ ਤੋ ਸੋਚ ਭੀ ਲੇਂ, ਪਰੰਤੂ ਬਿਨਾਂ ਕਿਸੀ ਕਾਰਨ ਕੇ ਹਮ ਅਪਨੀ ਬਿਟੀਆ ਨੀਚ ਜਾਤੀ ਮੇਂ ਕੈਸੇ ਬਯਾਹ ਦੇਂ'..".

"ਤੈਨੂੰ ਪਤਾ ਈ ਐ ਬਾਪੂ ਛੇਤੀ ਕੀਤਿਆਂ ਆਹ ਜਾਤ ਜੂਤ ਵਾਲੀ ਗੱਲ ਬਹੁਤੀ ਦਿਲ 'ਤੇ ਨਹੀਂ ਲਾਉਂਦਾ...ਪਰ ਤੂੰ ਸੋਚ ਕਿ ਆਹ ਨੀਚ ਜਾਤੀ ਵਾਲੀ ਗੱਲ ਸੁਣਨੀ ਕਿਸੇ ਜ਼ਮੀਨ ਜਾਇਦਾਦ ਵਾਲੇ ਜੱਟ ਲਈ ਕਿੱਡੀ ਔਖੀ ਹੋਵੇਗੀ...ਭਾਵੇਂ ਉਹ ਜੱਟ ਆਪਣੇ ਆਪ ਨੂੰ ਕਾਮਰੇਡ ਹੀ ਕਿਉਂ ਨਾ ਕਹਾਉਂਦਾ ਹੋਵੇ..."

ਅੰਜਲੀ ਦੇ ਬਾਪ ਦੀ ਕਹੀ ਗੱਲ ਕਿ 'ਅਗਰ ਹਮਾਰੀ ਬਿਟੀਆ ਮੇਂ ਕੋਈ ਦਾਗ ਨਾ ਹੋ ਤੋ ਹਮ ਨੀਚ ਜਾਤੀ ਮੇਂ ਕੈਸੇ ਬਯਾਹ ਕਾ ਸੋਚ ਭੀ ਲੈਂ...ਬਾਰ ਬਾਰ ਮੇਰੇ ਮੱਥੇ 'ਚ ਦਾਤਰ ਵਾਂਗ ਵੱਜ ਰਹੀ ਸੀ ...

ਦੁਪਹਿਰਾਂ ਨੂੰ ਮੀਰ ਨੂੰ ਉਹਦੀ ਉਦਾਸੀ ਸਣੇ ਫਤਿਹ ਬੁਲਾ ਮੈਂ ਦਿੱਲੀ ਦੀ ਬੱਸ ਫੜ ਲਈ... ਉਹ ਆਮ ਨਾਲੋਂ ਵਧੇਰੇ ਚੁੱਪ ਸੀ।

ਦੋ ਤਿੰਨ ਹਫ਼ਤਿਆਂ ਬਾਅਦ ਉਸ ਦਾ ਫੋਨ ਆਇਆ ਸੀ..."ਆਉਂਦਾ ਹਫ਼ਤਾ ਮੇਰੇ ਲਈ ਰਾਖਵਾਂ ਰੱਖ ਲਵੀਂ...?"

ਤੇ ਸ਼ੁੱਕਰਵਾਰ ਦੀ ਸ਼ਾਮ ਮੈਂ ਫਿਰ ਹੋਸਟਲ ਨੰਬਰ ਛੇ ਦੇ ਚੌਦਾਂ ਨੰਬਰ ਕਮਰੇ 'ਚ ਬੈਠਾ ਸਾਂ...

"ਕੱਲ੍ਹ ਉਹ ਜਾ ਰਹੀ ਏ..."

"ਸਦਾ ਲਈ?"

"ਸਦਾ ਲਈ!" ਮੀਰ ਭਾਣਾ ਮੰਨ ਚੁੱਕਾ ਸੀ।

ਮੈਨੂੰ ਬਾਕੀ ਆੜੀਆਂ ਨੇ ਦੱਸਿਆ ਸੀ ਕਿ ਮੀਰ ਪਿਛਲਾ ਸਾਰਾ ਹਫਤਾ ਰੁੱਝਿਆ ਰਿਹਾ ਸੀ... ਅੰਜਲੀ ਲਈ ਪੁਰਾਣੇ ਸਰਟੀਫਿਕੇਟਾਂ ਦੀਆਂ ਕਾਪੀਆਂ ਕਰਵਾਉਂਦਿਆਂ...ਉਹਦੇ ਲਾਇਬਰੇਰੀ ਕਾਰਡ ਕੈਂਸਲ ਕਰਵਾਉਂਦਿਆਂ, ਡਿਪਾਰਟਮੈਂਟ ਵਿਚੋਂ ਉਹਦੀ ਸਕਿਉਰਿਟੀ ਵਾਪਸ ਕਰਾਉਂਦਿਆਂ, ਉਹਦਾ ਸਾਰਾ ਸਾਜ਼ੋ ਸਾਮਾਨ, ਸਣੇ ਉਸ ਦੀ ਸਕੂਟੀ ਦੇ ਜਿਹੜਾ ਕਾਰ ਵਿਚ ਨਹੀਂ ਜਾ ਸਕਦਾ ਸੀ, ਉਸ ਦੀ ਰੇਲਵੇ ਬੁਕਿੰਗ ਕਰਵਾਉਂਦਿਆਂ ਉਹ ਹੋਰ ਚੁੱਪ ਹੋ ਗਿਆ ਸੀ...

ਜਿਵੇਂ ਕੋਈ ਕਿਸੇ ਪਿਆਰੇ ਦੀਆਂ ਅੰਤਿਮ ਰਸਮਾਂ ਕਰਦਾ ਆਪਣੇ ਆਪ ਨਾਲ ਘੁਲ਼ਦਾ ਹੋਇਆ ਚੁੱਪ ਹੋ ਜਾਂਦਾ ਹੈ...

ਉਸ ਸ਼ਾਮ ਮਹਿਫ਼ਿਲ ਵਿਚ ਦਾਰੂ ਵੀ ਸੀ, ਆੜੀ ਵੀ ਸਨ, ਨਸ਼ਾ ਤਾਂ ਸ਼ਾਇਦ ਪਹਿਲਾਂ ਨਾਲੋਂ ਵੀ ਵੱਧ ਸੀ ਪਰ ਮਹਿਫਿਲ ਵਿਚ ਰੰਗਤ ਨਹੀਂ ਸੀ ਜੋ ਪਹਿਲਾਂ ਹੋਇਆ ਕਰਦੀ ਸੀ...ਮੀਰ ਲੋੜ ਨਾਲੋਂ ਜ਼ਿਆਦਾ ਚੁੱਪ ਸੀ...

ਅਗਲੀ ਸਵੇਰ ਉਠਦਿਆਂ ਉਹਨੇ ਮੇਰੇ ਬਿਸਤਰੇ ਦੇ ਲਾਗੇ ਇਕ ਲਿਫਾਫਾ ਲਿਆ ਧਰਿਆ, ਉਸ ਵਿਚ ਫੁੱਲ ਸਨ, ਕੋਈ ਗਿਫਟ ਵੀ ਸੀ ਤੇ ਇਕ ਵੱਡ ਅਕਾਰੀ ਕਾਰਡ ਵੀ...

ਤੇਜਾ ਬਾਹਰੋਂ ਆਇਆ ਤਾਂ ਉਹਨੇ ਮੀਰ ਦੇ ਫਿਰ ਚੂੰਢੀ ਵੱਢੀ ...

"ਕਰ ਲਿਆ ਏ ਦੀਦੀ ਦਾ ਦਾਜ ਤਿਆਰ...!"

ਅੰਜਲੀ ਨੂੰ ਉਹਦੇ ਮਾਂ ਪਿਉ ਅੱਜ ਹੋਸਟਲ ਤੋਂ ਆਖ਼ਰੀ ਵਾਰ ਲੈਣ ਆ ਰਹੇ ਸਨ...

"ਦੇਖ ਆਹ ਸਮਾਨ ਅੰਜਲੀ ਨੂੰ ਦੇ ਦੇਵੀਂ"...ਉਹਨੇ ਗਿਫਟ ਅਤੇ ਕਾਰਡ ਵਾਲਾ ਲਿਫ਼ਾਫ਼ਾ ਮੇਰੇ ਵੱਲ ਸਰਕਾਉਂਦਿਆਂ ਕਿਹਾ ਸੀ...

"ਤੂੰ ਨੀ ਜਾ ਰਿਹਾ...?"

"ਨਹੀਂ, ਮੈਥੋਂ ਉਹਨੂੰ ਜਾਂਦਿਆਂ ਨੂੰ ਵੇਖ ਨਹੀਂ ਹੋਣਾ..."

ਮੈਂ ਹੋਸਟਲ ਦੇ ਬਾਹਰ ਪਹੁੰਚਿਆ ਤਾਂ ਅੰਜਲੀ ਦੇ ਬਾਪ ਦੀ ਗੱਡੀ ਖਲੋਤੀ ਹੋਈ ਸੀ... ਅੰਜਲੀ ਦੇ ਕਈ ਹੋਰ ਵੀ ਕਲਾਸਮੇਟ ਤੇ ਦੋਸਤ ਸਨ...ਅੰਜਲੀ ਸਾਰਿਆਂ ਦਾ ਤੁਆਰਫ਼ ਆਪਣੇ ਬਾਪ ਨਾਲ ਕਰਾ ਰਹੀ ਸੀ... ਤੇ ਉਹਦਾ ਬਾਪ ਸ਼ਾਇਦ ਇਸ ਗੱਲ 'ਚ ਤਸੱਲੀ ਭਾਲ਼ ਰਿਹਾ ਸੀ ਕਿ ਇਨ੍ਹਾਂ ਵਿਚੋਂ ਕੋਈ ਵੀ ਮੀਰ ਨਹੀਂ ਹੈ...

ਹਰ ਕੋਈ ਮੀਰ ਹੋ ਵੀ ਨਹੀਂ ਸਕਦਾ...ਮੀਰ ਹੋਣਾ ਕਿਤੇ ਇੰਨਾ ਸੌਖਾ ਕੰਮ ਤੇ ਨਹੀਂ ਹੈ...

ਉਸ ਸ਼ਾਮ ਅਸੀਂ ਮੀਰ ਦੀ ਉਦਾਸੀ ਨੂੰ ਦਾਰੂ ਦੀ ਕੁੜੱਤਣ ਨਾਲ ਧੋਲਿਆਂ ਕਰਨ ਦੀ ਕੋਸ਼ਿਸ਼ ਕੀਤੀ ਸੀ...ਉਹਦੇ ਸਾਹਵੇਂ ਭਰਿਆ ਗਲਾਸ ਹਾਲੇ ਭਰਿਆ ਹੀ ਪਿਆ ਸੀ...ਇੰਝ ਅਕਸਰ ਨਹੀਂ ਸੀ ਹੁੰਦਾ...

ਉਹਨੇ ਉਹ ਗਲਾਸ ਮਲਕੜੇ ਜਿਹੇ ਚੁੱਕਿਆ ਤੇ ਜਾ ਕੇ ਬਾਥਰੂਮ ਦੇ ਸਿੰਕ ਵਿਚ ਖਾਲੀ ਕਰ ਦਿੱਤਾ...

"ਚਲੋ ਉੱਠੋ...ਸਾਰੇ ਇੰਝ ਬੈਠੇ ਨੇ ਜਿੱਦਾਂ ਮਾਤਮ ਕਰਨ ਡਹੇ ਹੁੰਦੇ ਨੇ..." ਚਲੋ ਉੱਠੋ ਸੈਰ ਕਰ ਕੇ ਆਈਏ..."

ਤੇ ਅਸੀਂ ਅਣਮੰਨੇ ਜਿਹੇ ਮਨ ਨਾਲ ਯੂਨੀਵਰਸਿਟੀ ਦੀਆਂ ਪਗਡੰਡੀਆਂ ਦੀ ਪੈਮਾਇਸ਼ ਕਰਨ ਤੁਰ ਪਏ ਸਾਂ...

ਪਰ ਉਨ੍ਹਾਂ ਪਗਡੰਡੀਆਂ ਦੇ ਰਾਹ ਵੀ ਤਾਂ ਮੁੜ ਮੁੜ ਉਨ੍ਹਾਂ ਹੀ ਥਾਵਾਂ ਵੱਲ ਮੁੜਦੇ ਸਨ ਜਿਨ੍ਹਾਂ ਤੋਂ ਮੀਰ ਭੱਜਣਾ ਚਾਹੁੰਦਾ ਸੀ...

ਉਨ੍ਹਾਂ ਪਗਡੰਡੀਆਂ ਦੇ ਆਲ਼ੇ ਦੁਆਲ਼ੇ ਬੇ ਅਥਾਹ ਦਰੱਖਤਾਂ ਦੇ ਝੁਰਮਟ ਸਨ...ਹਰ ਸੈਂਕੜੇ ਕਦਮ 'ਤੇ ਲਮਕਦੀਆਂ ਬੋਗਨਵਿਲੀਆ ਦੀਆਂ ਵੇਲਾਂ ਦੇ ਕੱਜਣ ਸਨ, ਜਿਹੜੇ ਬੇਅੰਤ ਸਾਹਾਂ ਦੇ ਦਾਅਵਿਆਂ ਅਤੇ ਵਾਅਦਿਆਂ ਦੀਆਂ ਗਲਵੱਕੜੀਆਂ ਦੇ ਸ਼ਿਲਾਲੇਖਾਂ ਵਾਂਗ ਉੱਥੇ ਹੀ ਖੜ੍ਹੀਆਂ ਸਨ...

ਉਨ੍ਹਾਂ ਵੇਲਾਂ ਦੇ ਝੁੰਗਲਮਾਟਿਆਂ ਉੱਤੇ ਵੱਖ ਵੱਖ ਦੋਸਤਾਂ ਦੇ ਆਪੋ ਆਪਣੀਆਂ ਮੁਹੱਬਤਾਂ ਦੇ ਸਿਰਨਾਵੇਂ ਜਿਵੇਂ ਹਵਾ 'ਚ ਉੱਕਰੇ ਪਏ ਸਨ...

ਉਨ੍ਹਾਂ ਵੇਲਾਂ ਕੋਲ਼ੋਂ ਲੰਘਦਿਆਂ ਅਸੀਂ ਕੁਝ ਚੁੱਪ ਕਰ ਜਾਂਦੇ ਤੇ ਫੇਰ ਕੋਈ ਨਾ ਕੋਈ ਬੇਮਤਲਬ ਜਿਹੀ ਹੀ ਗੱਲ ਛੇੜ ਲੈਂਦਾ...

ਉਹ ਛਿੜਦੀ ਗੱਲ ਤਾਂ ਛਲਾਵਾ ਮਾਤਰ ਸੀ... ਸਾਨੂੰ ਸਭ ਨੂੰ ਪਤਾ ਸੀ ਕਿ ਅਸੀਂ ਕੀ ਯਾਦ ਕਰਨ ਦੀ ਜਾਂ ਕੀ ਭੁੱਲਣ ਦੀ ਕੋਸ਼ਿਸ਼ ਕਰ ਰਹੇ ਸਾਂ...

ਅਗਲੀ ਦੁਪਹਿਰ ਮੈਂ ਯੂਨੀਵਰਸਿਟੀ ਵਿਚੋਂ ਆਮ ਅਨੁਸਾਰ ਹੀ ਦਿੱਲੀ ਲਈ ਟਰੇਨ ਲੈਣੀ ਸੀ...ਮੀਰ ਨੇ ਵੀ ਆਪਣਾ ਬੈਗ ਤਿਆਰ ਕੀਤਾ ਤੇ ਮੇਰੇ ਨਾਲ ਹੀ ਤੁਰ ਪਿਆ...

ਕਦੇ ਮੈਂ ਆਪਣੇ ਕੰਮ ਵਾਲੇ ਮਹਾਂਨਗਰ ਨੂੰ ਦਰਿਆ ਤੇ ਯੂਨੀਵਰਸਿਟੀ ਨੂੰ ਸਾਗਰ ਦੀ ਉਪਮਾ ਦਿੰਦਾ ਹੁੰਦਾ ਸਾਂ...

ਪਰ ਅੱਜ ਲਗਦਾ ਸੀ ਕਿ ਸਮੁੰਦਰ ਆਪਣੇ ਆਪ ਤੋਂ ਖਹਿੜਾ ਛੁਡਾਉਣ ਲਈ ਦਰਿਆ ਦਾ ਰੁਖ਼ ਕਰ ਰਿਹਾ ਸੀ...

ਉਹ ਮੇਰੇ ਕੋਲ਼ ਗੁੜਗਾਉਂ ਚਾਰ ਪੰਜ ਦਿਨ ਰਿਹਾ... ਮਹਾਂਨਗਰ ਤੋਂ ਹਮੇਸ਼ ਪਾਸਾ ਵੱਟ ਕੇ ਰਹਿਣ ਵਾਲਾ ਮੀਰ ਸ਼ਾਇਦ ਸੋਚ ਰਿਹਾ ਸੀ ਕਿ ਮਹਾਂਨਗਰ ਦੀ ਭੀੜ ਵਿਚ ਆਪਣਾ ਆਪ ਗੰਵਾ ਉਹ ਅੰਜਲੀ ਦੇ ਗ਼ਮ ਤੋਂ ਮੁਕਤੀ ਪਾ ਲਵੇਗਾ।

ਉਹਦੇ ਦਿਲ ਦੀ ਹਾਲਤ ਸ਼ਾਇਦ ਉਸ ਪੱਤੇ ਵਰਗੀ ਸੀ ਜਿਸਦਾ ਸਥਲ ਹੋਣ ਤੋਂ ਪਹਿਲਾਂ ਕੰਬ ਕੰਬ ਕੇ ਤੜਪਣਾ ਲਾਜ਼ਮੀ ਸੀ ...

ਕੁਝ ਹਫਤੇ ਉਦਾਸ ਰਹਿਣ ਤੋਂ ਬਾਅਦ ਉਹ ਆਪਣੇ ਰੌਂਅ ਵਿਚ ਮੁੜ ਪਰਤ ਆਇਆ ਸੀ...

ਉਹਨੂੰ ਹੁਣ ਕਬਿੱਤ ਨਹੀਂ ਸਨ ਆਹੁੜਦੇ...ਪਰ ਉਹ ਅਕਸਰ ਹੀ ਜਗਜੀਤ ਨੂੰ ਗੁਣਗੁਣਾ ਲੈਂਦਾ ਸੀ ...

*ਵੋ ਰੁਲਾ ਕੇ ਹਸ ਨਾ ਪਾਇਆ ਦੇਰ ਤਕ*
*ਜਬ ਮੈਂ ਰੋ ਕੇ ਮੁਸਕਰਾਇਆ ਦੇਰ ਤਕ*
*...*
*ਗੁਨਗੁਨਾਤਾ ਜਾ ਰਹਾ ਥਾ ਇਕ ਫ਼ਕੀਰ*
*ਧੂਪ ਰਹਿਤੀ ਹੈ ਨਾ ਸਾਇਆ ਦੇਰ ਤਕ...*

ਮੈਂ ਵਾਕਿਆ ਹੀ ਉਹਦੇ ਜੁੱਸੇ ਦੀ ਤਾਕਤ 'ਤੇ ਹੈਰਾਨ ਸਾਂ...

ਉਹ ਮੁੜ ਪੈਰਾਂ ਸਿਰ ਹੋ ਗਿਆ ਸੀ...ਇੰਝ ਲੱਗਦਾ ਸੀ ਕਦੇ ਉਸ ਨਾਲ ਕੋਈ ਹਾਦਸਾ ਵਾਪਰਿਆ ਹੀ ਨਹੀਂ ਸੀ...

ਉਹ ਜਿਹੜਾ ਕਿ ਹਮੇਸ਼ਾ ਆਪਣੇ ਆਪ ਨੂੰ ਸਿਰਫ ਮੀਰ ਆਖਣ 'ਚ ਫ਼ਖ਼ਰ ਮਹਿਸੂਸ ਕਰਦਾ ਹੁੰਦਾ ਸੀ, ਹੁਣ ਆਪਣੇ ਨਾਂ ਪਿੱਛੇ ਸੰਧੂ ਘਰੋੜ ਕੇ ਲਾਉਣ ਲੱਗ ਪਿਆ ਸੀ...

"ਚਿੰਤਾ ਨਾ ਕਰ ਬਾਈ...ਵੀਰ ਤੇਰਾ ਛਾਉਂਦਾ ਰਿਹਾ ਹੈ ਤੇ ਛਾਉਂਦਾ ਹੀ ਰਹੇਗਾ..."

ਮੈਂ ਕਈ ਵਾਰ ਉਸ ਨੂੰ ਕੁਰੇਦਣ ਦੀ ਕੋਸ਼ਿਸ਼ ਕੀਤੀ ਸੀ...

"ਦਫ਼ਾ ਕਰ ਯਾਰ, ਮੈਂ ਇਹਨਾਂ ਸ਼ਰਮਿਆਂ ਸ਼ੁਰਮਿਆਂ ਨੂੰ ਕੀ ਸਮਝਦਾਂ... ਸਾਲ਼ਿਆਂ ਨੂੰ ਬੰਦੇ ਦੇ ਜਜ਼ਬਾਤ ਦੀ ਕਦਰ ਈ ਕੋਈ ਨੀ..."!

"ਤੇਰਾ ਕੀ ਖ਼ਿਆਲ ਮੈਂ ਖਿਲਾਰਾ ਨਹੀਂ ਸਾਂ ਪਾ ਸਕਦਾ...ਆਈ ਵੁੱਡ ਹੈਵ ਮੇਡ ਸ਼ਿਉਰ ਕਿ ਉਹ ਸਾਰੀ ਉਮਰ ਘਰੇ ਬੈਠੀ ਰਹਿੰਦੀ...ਬਟ ਆਈ ਲਵਡ ਹਰ...ਸੋ ਆਈ ਲੈੱਟ ਹਰ ਗੋ "

"ਐਂਡ ਆਫ ਦਿ ਡੇ ਆਈ ਐਮ ਮੀਰ ਸੰਧੂ..."

ਉਹਦੀਆਂ ਗੱਲਾਂ ਸੁਣ ਕੇ ਮੈਨੂੰ ਉਹਦੇ 'ਤੇ ਰਸ਼ਕ ਵੀ ਹੁੰਦਾ ਤੇ ਖੁਸ਼ੀ ਵੀ ਕਿ ਕਿਸੇ ਤਰੀਕੇ ਹੀ ਸਹੀ ਉਹ ਆਪਣੇ ਗ਼ਮੇ ਇਸ਼ਕ ਵਿਚੋਂ ਨਿਕਲ ਆਇਆ ਸੀ...

000

ਦੋ ਕੁ ਸਾਲ ਕੰਮ ਕਰਨ ਤੋਂ ਬਾਅਦ ਮੇਰੀ ਕੰਪਨੀ ਨੇ ਮੈਨੂੰ ਇੰਟਰਾ ਕੰਪਨੀ ਟਰਾਂਸਫਰ ਦੇ ਤਹਿਤ ਲੰਡਨ ਭੇਜ ਦਿੱਤਾ ਸੀ...ਤੇ ਮੇਰੇ ਤੋਂ ਸਾਲ ਕੁ ਬਾਅਦ ਤੇਜਾ ਤੇ ਮੀਰ ਵੀ ਵਰਕ ਵੀਜ਼ਾ ਲੈ ਕੇ ਅੱਗੜ ਪਿੱਛੜ ਹੀ ਇੰਗਲੈਂਡ ਆ ਗਏ ਸਨ...

ਮੈਂ ਲੰਡਨ ਰਹਿੰਦਾ ਸਾਂ...ਮੀਰ ਨੇ ਜਿਹੜੇ ਦੋਸਤ ਦੇ ਕਹਿਣ 'ਤੇ ਵਰਕ ਵੀਜ਼ਾ ਅਪਲਾਈ ਕੀਤਾ ਸੀ, ਉਹਦੀ ਠਾਹਰ ਲੀਡਜ਼ ਦੇ ਲਾਗੇ ਬੰਨੇ ਸੀ...ਮੈਂ ਉਹਨੂੰ ਬਥੇਰਾ ਜ਼ੋਰ ਪਾਇਆ ਸੀ ਕਿ ਉਹ ਮੇਰੇ ਕੋਲ ਆ ਜਾਵੇ...ਲੰਡਨ ਵਿਚ ਨੌਕਰੀ ਲੱਭਣਾ ਉਹਦੇ ਲਈ ਕਿਤੇ ਆਸਾਨ ਹੋਵੇਗਾ... ਪਰ ਫੇਰ ਵੀ ਆਪਣੇ ਦੋਸਤ ਕੋਲ਼ ਲੀਡਜ਼ ਚਲਾ ਗਿਆ ਸੀ...ਉਹਦੇ ਦੋਸਤ ਨੇ ਉਹਦੀ ਨੌਕਰੀ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਸੀ...ਤੇਜਾ ਸ਼ੁਰੂ 'ਚ ਆਇਆ ਤਾਂ ਮੇਰੇ ਕੋਲ਼ ਸੀ ਪਰ ਫੇਰ ਆਪਣੇ ਹਿੱਸੇ ਦਾ ਚੋਗਾ ਚੁਗਣ ਲੰਡਨੋਂ ਘੰਟੇ ਕੁ ਦੀ ਵਿੱਥ 'ਤੇ ਮੂਵ ਹੋ ਗਿਆ ਸੀ।

ਇੰਗਲੈਂਡ 'ਚ ਆ ਕੇ ਲੰਡਨ ਘੁੰਮਣ ਆਉਣਾ ਉਹਨਾਂ ਲਈ ਜ਼ਿਆਰਤ ਵਰਗਾ ਸੀ, ਮੀਰ ਮੇਰੇ ਕੋਲ਼ ਆ ਕੇ ਪੰਜ ਸੱਤ ਦਿਨ ਰਿਹਾ ਵੀ ਸੀ...

"ਯਾਰ ਲੰਡਨ ਤਾਂ ਅਸਲ ਵਿਚ ਮਹਾਂਨਗਰ ਏ...ਇੰਡੀਆ ਬੈਠਿਆਂ ਬੰਦਾ ਸੋਚਦਾ ਹੈ ਕਿ ਸਾਰਾ ਇੰਗਲੈਂਡ ਜਿਵੇਂ ਮਹਾਂਨਗਰ ਹੀ ਹੋਵੇ..."

ਫੇਰ ਉਹ ਆਪੇ ਹੀ ਗੱਲ ਨੂੰ ਹੋਰ ਵਿਸਤਾਰ ਦੇਣਾ ਸ਼ੁਰੂ ਕਰ ਦੇਂਦਾ...

"ਚੰਗਾ ਹੋਇਆ ਮੈਂ ਸ਼ੁਰੂ 'ਚ ਲੰਡਨ ਨ੍ਹੀਂ ਆਇਆ...ਇੱਥੇ ਤਾਂ ਮੋਢੇ ਨਾਲ ਮੋਢਾ ਠਹਿਕਦਾ ਏ...ਕਾਲ਼ੇ ਕੋਟ ਪੈਂਟ ਪਾਈ ਤੇ ਟਾਈਆਂ ਲਾਏ ਟਿਊਬਾਂ 'ਚ ਸਫ਼ਰ ਕਰਦੇ ਲੋਕ ਮੈਨੂੰ ਇੰਝ ਲੱਗਦੇ

ਨੇ ਜਿੱਦਾਂ ਬੰਦੇ ਨਹੀਂ ਰੋਬੋਟ ਹੋਣ...ਲੀਡਜ਼ ਦੇ ਜਿਹੜੇ ਸਬਅਰਬ 'ਚ ਮੈਂ ਰਹਿੰਦਾ ਹਾਂ ਉੱਥੇ ਲਗਪਗ ਹਰ ਕੋਈ ਹੀ ਮੈਨੂੰ ਜਾਣਦਾ ਏ..."

ਮੈਨੂੰ ਲੱਗਦਾ ਸੀ ਕਿ ਉਹਨੂੰ ਮਹਾਂ ਨਗਰ ਦੀ ਜ਼ਿੰਦਗੀ 'ਚ ਆਪਣੇ ਗੁਆਚਣ ਦਾ ਡਰ ਹਮੇਸ਼ਾਂ ਹੀ ਬਣਿਆ ਰਹਿੰਦਾ ਸੀ...

ਉਹ ਜਿੱਥੇ ਸੀ ਉੱਥੇ ਹੀ ਖ਼ੁਸ਼ ਸੀ...ਹੌਲ਼ੀ ਹੌਲ਼ੀ ਉਹਦੇ ਲੰਡਨ ਦੇ ਗੇੜੇ ਵੀ ਘੱਟ ਹੋ ਗਏ ਸਨ। ਉਹ ਆਲ਼ੇ ਦੁਆਲ਼ੇ ਵਿਚ ਨਵਾਂ ਜਹਾਨ ਉਸਾਰ ਆਇਆ ਸੀ...

ਮੈਂ ਇੰਟਰ ਕੰਪਨੀ ਟਰਾਂਸਫਰ ਤੋਂ ਇੰਗਲੈਂਡ ਵਿਚ ਪੱਕੇ ਹੋਣ ਲਈ ਅਪਲਾਈ ਕਰ ਦਿੱਤਾ ਸੀ...ਇੰਡੀਆ ਜਾ ਕੇ ਵਿਆਹ ਵੀ ਕਰਵਾ ਆਇਆ ਸਾਂ ਤੇ ਹੁਣ ਇਸ ਮੁਲਕ ਵਿਚ ਆਪਣੀ ਗ੍ਰਹਿਸਤ ਵਿਚ ਰੁੱਝਿਆ ਹੋਇਆ ਸਾਂ...

ਮੀਰ ਤਾਂ ਪਹਿਲਾਂ ਹੀ ਵਰਕ ਵੀਜ਼ੇ 'ਤੇ ਆਇਆ ਸੀ...ਮੈਨੂੰ ਮਾੜਾ ਮੋਟਾ ਪਤਾ ਲੱਗਦਾ ਰਹਿੰਦਾ ਸੀ ਕਿ ਉਹ ਕਿਸੇ ਗੋਰੀ ਕੁੜੀ ਨੂੰ ਡੇਟ ਕਰ ਰਿਹਾ ਸੀ...ਉਹਨੇ ਮੈਨੂੰ ਤੇ ਤੇਜੇ ਨੂੰ ਜੈਸਿਕਾ ਨਾਲ ਮਿਲਾਇਆ ਵੀ ਸੀ...ਉੱਚੀ ਲੰਬੀ ਰੂੰ ਦੇ ਫੰਬੇ ਵਰਗੀ ਸੁਬਕ ਜਿਹੀ...ਹੱਸਦੀ ਸੀ ਤਾਂ ਗੱਲ੍ਹਾਂ 'ਚ ਟੋਏ ਪੈਂਦੇ ਸਨ...

ਪੱਬ 'ਚ ਬੈਠੇ ਬੀਅਰ ਦੀਆਂ ਚੁਸਕੀਆਂ ਲੈਂਦਿਆਂ ਮੈਂ ਉਹਨੂੰ ਪੁੱਛਿਆ ਸੀ, "ਆਰ ਯੂ ਸੀਰੀਅਸ ਆਬਾਊਟ ਹਰ...?"

'ਐਬਸਲੂਟਲੀ, ਡੈਮ ਸੀਰੀਅਸ..."

"ਉਨਾ ਹੀ ਸੀਰੀਅਸ ਜਿੰਨਾ ਤੂੰ ਅੰਜਲੀ ਬਾਰੇ ਸੀ..."

"ਉਸ ਤੋਂ ਵੀ ਜ਼ਿਆਦਾ..."

"ਤੇ ਬੇਬੇ ਬਾਪੂ ਮੰਨ ਜਾਣਗੇ?"

"ਮੇਰੇ ਥੋੜ੍ਹਾ ਬਹੁਤ ਤਾਂ ਕਿਚ ਕਿਚ ਕਰਨਗੇ ਪਰ ਫੇਰ ਮੰਨ ਹੀ ਜਾਣਗੇ...ਮਾਂ ਬਾਪ ਕੋਲ਼ ਵੈਸੇ ਵੀ ਵੱਡਾ ਨੂੰਹ ਪੁੱਤ ਹੈ ਨਾ ਉਨ੍ਹਾਂ ਦੀ ਸੇਵਾ ਕਰਨ ਲਈ...ਪਰ ਇਹਦੇ ਬਾਪੂ ਨੂੰ ਮਨਾਉਣਾ ਪਊ ਗਾ... ਉਹ ਥੋੜ੍ਹੇ ਨੱਕ ਬੁੱਲ੍ਹ ਵੱਟ ਰਿਹਾ ਹੈ, ਨਹੀਂ ਚਾਹੁੰਦਾ ਕਿ ਉਸ ਦੀ ਕੁੜੀ ਕਿਸੇ ਬ੍ਰਾਊਨ ਏਸ਼ੀਅਨ ਮੁੰਡੇ ਨਾਲ ਵਿਆਹ ਕਰਵਾਵੇ..."

"ਇਹਦਾ ਬਾਪੂ ਕਿੰਨਾ ਚਿਰ ਇਹ ਕਹਿੰਦਾ ਰਿਹਾ ਕਿ ਇਹ ਤੇਰੇ ਨਾਲ ਵਿਆਹ ਪੱਕਾ ਹੋਣ ਲਈ ਕਰਵਾ ਰਿਹਾ ਹੈ ਤੇ ਫੇਰ ਇਕ ਦਿਨ ਮੈਂ ਆਪਣਾ ਪਾਸਪੋਰਟ ਤੇ ਵੀਜ਼ਾ ਉਸ ਦੇ ਅੱਗੇ ਕੱਢ ਕੇ ਰੱਖ ਦਿੱਤਾ...ਗੱਲ ਥੋੜ੍ਹੀ ਜਿਹੀ ਤਾਂ ਅੱਗੇ ਤੁਰੀ ਹੈ ਪਰ ਹਾਲੇ ਪੂਰੀ ਨਹੀਂ..."

000

ਤੇ ਫੇਰ ਇਕ ਦਿਨ ਪਤਾ ਲੱਗਾ ਕਿ ਮੀਰ ਨੇ ਜੈਸਿਕਾ ਨਾਲ ਵਿਆਹ ਕਰਵਾ ਲਿਆ ਸੀ...

ਮੈਂ ਉਹਦੇ ਨਾਲ ਨਾਰਾਜ਼ ਸਾਂ... "ਯਾਰ, ਯਾਰੀ ਨਾ ਹੋਗੀ, ਛੋਲਿਆਂ ਦਾ ਵੱਢ ਹੋ ਗਿਆ...ਤੂੰ ਵਿਆਹ ਕਰਾਉਣ ਲੱਗਿਆਂ ਸਾਨੂੰ ਖ਼ਬਰ ਵੀ ਨਹੀਂ ਦਿੱਤੀ...?" ਮੇਰਾ ਤਾਂ ਛੱਡ ਤੇਰੀ ਭਾਬੀ ਤੇਰੇ ਨਾਲ ਬੜੀ ਨਾਰਾਜ਼ ਏ...ਕਹਿੰਦੀ ਕਿਤੇ ਸਾਨੂੰ ਇੰਡੀਆ ਤੋਂ ਲਿਆਂਦੇ ਲਹਿੰਗਿਆਂ ਨੂੰ ਹਵਾ ਲਵਾਉਣ ਦਾ ਮੌਕਾ ਦੇ ਦੇਂਦੇ..."

ਉਹਨੇ ਆਪਣਾ ਬਚਾਅ ਕਰਦਿਆਂ ਬੱਸ ਏਨਾ ਹੀ ਕਿਹਾ ਸੀ..."ਓ ਯਾਰ ਸਾਰਾ ਕੁਝ ਏਨੀ ਛੇਤੀ ਹੋ ਗਿਆ...ਵੈਸੇ ਵੀ ਮਸਾਂ ਹੀ ਇਸਦਾ ਬਾਪੂ ਮੰਨਿਆ ਸੀ ਤੇ ਬੇਹੱਦ ਸਾਦੀ ਜਿਹੀ ਚਰਚ ਸੈਰੇਮਨੀ ਸੀ..."

"ਅਸੀਂ ਇਸ ਹਫ਼ਤੇ ਸਪੇਨ ਜਾ ਰਹੇ ਹਾਂ ਹਨੀਮੂਨ ਲਈ...ਭਾਬੀ ਨੂੰ ਕਹੀਂ ਅਸੀਂ ਮਿਲਣ ਆਵਾਂਗੇ ਤੇ ਨਾਲੇ ਭਾਬੀ ਦੇ ਹੱਥ ਦੇ ਪੱਕੇ ਪਰੌਂਠੇ ਖਾਵਾਂਗੇ ..."

ਮੈਂ ਆਪਣੇ ਯਾਰ ਦੀਆਂ ਖ਼ੁਸ਼ੀਆਂ ਵਿਚ ਖ਼ੁਸ਼ ਸਾਂ...ਵੈਸੇ ਵੀ ਉਹ ਇਹੋ ਜਿਹਾ ਬੰਦਾ ਸੀ ਕਿ ਉਹਦੇ ਨਾਲ ਨਾਰਾਜ਼ ਨਹੀਂ ਹੋਇਆ ਜਾ ਸਕਦਾ ਸੀ...

ਉਹਨੇ ਆਪਣੀ ਨੌਕਰੀ ਛੱਡ ਕੇ ਹੁਣ ਆਪਣਾ ਆਫ ਲਾਈਸੰਸ ਸਟੋਰ ਖੋਲ੍ਹ ਲਿਆ ਸੀ... ਵੈਸੇ ਵੀ ਬਹੁਤ ਬਿਜ਼ੀ ਹੋ ਗਿਆ ਸੀ...ਜਦੋਂ ਵੀ ਫੋਨ ਕਰਦਾ ਸਾਂ ਮੈਂ ਹੀ ਕਰਦਾ ਸਾਂ...ਕਈ ਵਾਰ ਫੋਨ 'ਤੇ ਗੱਲ ਕਰਦਿਆਂ ਉਹ ਨਿਹੋਰਾ ਜਿਹਾ ਮਾਰਦਾ... "ਯਾਰ ਬਿਜ਼ਨੈੱਸ ਚ ਪੈਸੇ ਤਾਂ ਹੈਨ ਪਰ ਜ਼ਿੰਦਗੀ ਕੋਈ ਨੀ..."

ਉਹ ਸਟੋਰ ਸ਼ੁਰੂ ਕਰਨ ਦੇ ਸ਼ੁਰੂਆਤੀ ਦਿਨਾਂ 'ਚ ਆਪਣੀ ਸਟ੍ਰਗਲ ਦੇ ਕਿੱਸੇ ਸੁਣਾਉਣੇ ਸ਼ੁਰੂ ਕਰ ਦਿੰਦਾ...

"ਜਦੋਂ ਅਸੀਂ ਨਵੇਂ ਨਵੇਂ ਇਸ ਪਿੰਡ ਵਿਚ ਆਏ ਸਾਂ, ਆਲ਼ੇ ਦੁਆਲ਼ੇ ਦੇ ਗੋਰੇ ਦੁਕਾਨਦਾਰ ਸਾੜਾ ਜਿਹਾ ਸੁੱਟਦੇ ਰਹਿੰਦੇ ਸਨ...ਇਨ੍ਹਾਂ ਤੋਂ ਇਹ ਹਜ਼ਮ ਨਹੀਂ ਸੀ ਹੁੰਦਾ ਕਿ ਇਕ ਏਸ਼ੀਅਨ ਮੁੰਡਾ, ਜਿਹੜਾ ਇਕ ਗੋਰੀ ਕੁੜੀ ਨਾਲ ਵਿਆਹਿਆ ਹੋਇਆ ਹੈ, ਚੰਗਾ ਬਿਜ਼ਨਿਸ ਕਰ ਰਿਹਾ ਹੈ... ਸਟੋਰ ਚੰਗਾ ਚੱਲ ਨਿਕਲਿਆ ਸੀ...ਪਰ ਤੈਨੂੰ ਪਤਾ ਇਸ ਇਲਾਕੇ ਦੇ ਪਿੰਡਾਂ 'ਚ ਡਰੱਗੀਆਂ ਦੀ ਕਿੰਨੀ ਭਰਮਾਰ ਹੈ..."

"ਇਕ ਦਿਨ ਦੋ ਡਰੱਗੀ ਆਏ ਤੇ ਉਨ੍ਹਾਂ ਨੇ ਬੀਅਰ ਦੇ ਪੈਲੇਟ ਚੁੱਕ ਕੇ ਆਪਣੀ ਕਾਰ ਵਿਚ ਜ਼ਬਰਦਸਤੀ ਰੱਖਣੇ ਸ਼ੁਰੂ ਕਰ ਦਿੱਤੇ ...

ਮੈਂ ਹਾਕੀ ਸਟਿੱਕ ਚੁੱਕ ਕੇ ਉਨ੍ਹਾਂ ਦੇ ਦੁਆਲ਼ੇ ਹੋ ਗਿਆ...ਕੁੱਟ ਕੁੱਟ ਕੇ ਐਸੇ ਨੀਲੇ ਕੀਤੇ ਕਿ ਹੁਣ ਛੇਤੀ ਕੀਤਿਆਂ ਕੋਈ ਮੇਰੀ ਦੁਕਾਨ ਵੱਲ ਝਾਕਦਾ ਵੀ ਨਹੀਂ ਹੈ..."

ਉਹਨੇ ਆਪਣਾ ਘਰ ਖ਼ਰੀਦ ਲਿਆ ਸੀ...ਕਈ ਵਾਰ ਉਹ ਆਪੇ ਹੀ ਦੱਸਦਾ... "ਹੁਣ ਤਾਂ ਪੂਰੀ ਠੁੱਕ ਏ ਵੀਰ ਤੇਰੇ ਦੀ ਉਸ ਪਿੰਡ 'ਚ ...ਸਾਰੇ ਪਿੰਡ 'ਚ ਇਕੱਲਾ ਹੀ ਗੇਟਡ ਘਰ ਹੈ ਤੇਰੇ ਵੀਰ ਦਾ...ਨਾਲ ਢਾਈ ਏਕੜ ਜ਼ਮੀਨ ਹੈ...ਵੀਰ ਤੇਰੇ ਨੇ ਗੋਰੇ ਕਰਿੰਦੇ ਰੱਖੇ ਹੋਏ ਨੇ ਆਪਣੇ ਸਟੋਰ ਵਿਚ..."

ਮੈਨੂੰ ਉਹਦੀਆਂ ਕਹੀਆਂ ਗੱਲਾਂ 'ਤੇ ਕੋਈ ਹੈਰਾਨੀ ਨਾ ਹੁੰਦੀ।

ਆਪਣੇ ਆਲੇ ਦੁਆਲੇ ਇਕ ਖ਼ਾਸ ਕਿਸਮ ਦਾ ਆਭਾ ਮੰਡਲ ਕਾਇਮ ਕਰ ਕੇ ਰੱਖਣਾ, ਜਿਹਦੇ 'ਚ ਉਹ ਵੱਡਾ ਜਿਹਾ ਲੱਗੇ, ਉਸ ਦਾ ਮੁੱਢ ਤੋਂ ਹੀ ਖਾਸਾ ਸੀ...

ਪਰ ਇਕ ਚੀਜ਼ ਮੈਂ ਤੇ ਤੇਜਾ ਨੋਟਿਸ ਕਰ ਰਹੇ ਸਾਂ...ਕਿ ਮੀਰ ਨਾਲ ਸਾਡਾ ਰਿਸ਼ਤਾ ਇਕਤਰਫ਼ਾ ਜਿਹਾ ਹੋ ਗਿਆ ਸੀ...ਜਦ ਵੀ ਫੋਨ ਕਰਦੇ ਤਾਂ ਅਸੀਂ ਹੀ ਕਰਦੇ...

ਅਸੀਂ ਜੇ ਉਸ ਨੂੰ ਜੈਸਿਕਾ ਨਾਲ ਮਿਲਣ ਆਉਣ ਲਈ ਕਹਿੰਦੇ ਤਾਂ ਉਹ 'ਬਿਜ਼ੀ ਬਹੁਤ ਹਾਂ ਯਾਰ' ਦਾ ਬਹਾਨਾ ਜਿਹਾ ਮਾਰ ਕੇ ਸਾਡੀ ਗੱਲ ਟਾਲ਼ ਦਿੰਦਾ ਸੀ...

ਉਹਦੇ ਕੋਲ਼ ਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ...ਇਕ ਤਾਂ ਉਸ ਦੀ ਗੋਰੀ ਵਾਈਫ ਕਰਕੇ ਅਸੀਂ ਝਿਜਕਦੇ ਸਾਂ ਕਿ ਪਤਾ ਨੀਂ ਉਹ ਸਾਨੂੰ ਕਿੰਨਾ ਕੁ ਵੈਲਕਮ ਕਰਦੀ ਹੈ...

ਅਸੀਂ ਕਈ ਇਹ ਵੀ ਸੋਚਿਆ ਸੀ ਕਿ ਮਿਲ ਕੇ ਉਹਦੇ ਘਰ ਉੱਤੇ ਛਾਪਾ ਮਾਰਿਆ ਜਾਵੇ... ਪਰ ਮੀਰ ਨੇ ਤਾਂ ਕਦੀ ਓਪਰੀ ਜਿਹੀ ਸੁਲ੍ਹਾ ਵੀ ਨਹੀਂ ਸੀ ਮਾਰੀ ਕਿ ਅਸੀਂ ਉਹਦੇ ਘਰ ਜਾ ਸਕੀਏ...

ਅਖੀਰ ਕੋਈ ਰਿਸ਼ਤਾ ਇਕਤਰਫ਼ਾ ਕਿੰਨਾ ਕੁ ਨਿਭ ਸਕਦਾ ਹੈ?

ਸਾਨੂੰ ਲੱਗਦਾ ਸੀ ਕਿ ਮੀਰ ਆਪਣੇ ਬਿਜ਼ਨਸ, ਆਪਣੀ ਦੁਨੀਆਂ 'ਚ ਇੰਨਾ ਕੁ ਰੁੱਝ ਗਿਆ ਸੀ ਕਿ ਉਹਦੇ ਕੋਲ਼ ਹੁਣ ਪੁਰਾਣੇ ਬੇਲੀਆਂ ਲਈ ਕੋਈ ਵਕਤ ਨਹੀਂ ਸੀ...

ਇਹ ਉਹ ਮੀਰ ਤਾਂ ਨਹੀਂ ਸੀ ਜਿਸ ਨੂੰ ਅਸੀਂ ਜਾਣਦੇ ਸਾਂ...

ਉਹ ਏਦਾਂ ਦਾ ਨਹੀਂ ਸੀ। ਉਹ ਤਾਂ ਆਪਣੇ ਦੁਆਲ਼ੇ ਭੀੜ ਇਕੱਠੀ ਕਰਕੇ ਰੱਖਦਾ ਸੀ...

ਤੇ ਇਸ ਮੁਲਕ 'ਚ ਜਿਥੇ ਲੋਕ ਤਰਸਦੇ ਹਨ ਕਿ ਉਨ੍ਹਾਂ ਦਾ ਕੋਈ ਆਪਣਾ ਹੋਵੇ ਉਹ ਆਪਣਿਆਂ ਵੱਲ ਪਿੱਠ ਕਰੀ ਖੜ੍ਹਾ ਸੀ...

ਮੀਰ ਦੇ ਇਸ ਤਰ੍ਹਾਂ ਬਿਗਾਨਾ ਹੋ ਜਾਣ ਨਾਲੋਂ ਵੀ ਵੱਧ ਜਿਹੜੀ ਚੀਜ਼ ਸਾਨੂੰ ਤੰਗ ਕਰਦੀ ਸੀ

ਉਹ ਸੀ ਕਿ ਸਾਨੂੰ ਇਸ ਦਾ ਕਾਰਨ ਵੀ ਨਹੀਂ ਸੀ ਪਤਾ ਕਿ ਮੀਰ ਸਾਡੇ ਸਾਰਿਆਂ ਤੋਂ ਮੂੰਹ ਕਿਉਂ ਮੋੜ ਗਿਆ ਸੀ..?

ਇਕ ਦਿਨ ਅਚਾਨਕ ਸਵੇਰ ਦੇ ਪੰਜ ਕੁ ਵਜੇ ਮੇਰੇ ਫ਼ੋਨ ਦੀ ਘੰਟੀ ਵੱਜਦੀ ਹੈ ...ਮੈਂ ਸੁੱਤ ਉਨੀਂਦਾ ਜਿਹਾ ਫੋਨ ਕੰਨ ਨੂੰ ਲਾਉਂਦਾ ਹਾਂ ਤਾਂ ਅੱਗਿਉਂ ਤੇਜੇ ਦਾਤਰ ਦੀ ਆਵਾਜ਼ ਕੰਨੀਂ ਪੈਂਦੀ ਹੈ...

ਤੇਜਾ ਇਨ੍ਹੀਂ ਦਿਨੀਂ ਸਾਲਾਨਾ ਫੇਰੀ 'ਤੇ ਇੰਡੀਆ ਗਿਆ ਹੋਇਆ ਹੈ...

"ਕਿੱਦਾਂ ਸਭ ਸੁਖ ਸਾਂਦ ਹੈ?" ਮੈਂ ਪੁੱਛਦਾ ਹਾਂ।

"ਹਾਂ ਸਭ ਸੁਖ ਸਾਂਦ ਹੈ।"

"ਕੋਈ ਨਵੀਂ ਤਾਜ਼ੀ?

"ਮੈਂ ਪਰਸੋਂ ਵਾਪਸ ਆ ਰਿਹਾ ਹਾਂ, ਕੱਲ੍ਹ ਮੈਨੂੰ ਕਚਹਿਰੀਆਂ 'ਚ ਮੀਰ ਦਾ ਭਰਾ ਟੱਕਰ ਪਿਆ..."

"ਫੇਰ ਤਾਂ ਤੂੰ ਉਹਦੇ ਕੋਲ਼ ਮੀਰ 'ਤੇ ਰੱਜ ਕੇ ਦਾਤਰ ਫੇਰਿਆ ਹੋਵੇਗਾ .." ਮੈਂ ਹੱਸਦਾ ਉਹਨੂੰ ਕਹਿੰਦਾ ਹਾਂ ..

ਤੇਜਾ ਉੱਚੀ ਉੱਚੀ ਹੱਸਦਾ ਹੈ... "ਦਾਤਰ ਮੈਂ ਕੀ ਫੇਰਨਾ ਸੀ, ਦਾਤਰ ਤਾਂ ਉਹਦਾ ਭਰਾ ਚੁੱਕੀ ਫਿਰਦਾ ਸੀ ..."

"ਮੈਂ ਤੈਨੂੰ ਸਾਰੀ ਗੱਲ ਡਿਟੇਲ 'ਚ ਆ ਕੇ ਦੱਸਦਾ ਹਾਂ, ਪਰਸੋਂ ਮੇਰੀ ਵਾਪਸੀ ਹੈ ..."

ਇੰਨਾ ਕਹਿ ਤੇਜੇ ਨੇ ਫੋਨ ਕੱਟ ਦਿੱਤਾ।

ਮੀਰ ਦੀ ਬੇਰੁਖ਼ੀ ਮੇਰੇ ਜ਼ਿਹਨ 'ਚ ਬਥੇਰਾ ਘੌਰੂ ਪਾਉਂਦੀ ਸੀ...ਪਰ ਹੁਣ ਉਹ ਘੌਰੂ ਥੋੜ੍ਹਾ ਮੱਧਮ ਪੈ ਗਿਆ ਸੀ...ਪਰ ਤੇਜੇ ਦੇ ਅੱਜ ਵਾਲੇ ਫੋਨ ਨੇ ਮੇਰੀ ਉਤਸੁਕਤਾ ਮੁੜ ਵਧਾ ਦਿੱਤੀ... ਤੇ ਮੈਂ ਤੇਜੇ ਦੀ ਵਾਪਸੀ ਵਾਲੇ ਦਿਨ ਗਿਣਨ ਲੱਗਾ...

ਤੇਜੇ ਨੂੰ ਏਅਰਪੋਰਟ ਤੋਂ ਮੈਂ ਹੀ ਲਿਆ ਸੀ...ਹੀਥਰੋ ਏਅਰਪੋਰਟ ਤੋਂ ਉਹਦੇ ਘਰ ਦਾ ਸਫ਼ਰ ਕੋਈ ਡੇਢ ਕੁ ਘੰਟੇ ਦਾ ਸੀ...ਗੱਡੀ ਹਾਲੇ ਏਅਰਪੋਰਟ ਤੋਂ ਕੱਢ ਮੋਟਰਵੇਅ 'ਤੇ ਪਾਈ ਹੀ ਸੀ ਕਿ ਉਹਨੇ ਮੀਰ ਦੀ ਕਹਾਣੀ ਛੋਹ ਲਈ...ਮੈਨੂੰ ਲੱਗਦਾ ਸੀ ਕਿ ਮੀਰ ਦੀ ਕਹਾਣੀ ਸੁਣਨ ਲਈ ਮੈਂ ਹੀ ਉਤਾਵਲਾ ਸਾਂ, ਪਰ ਤੇਜਾ ਕਹਾਣੀ ਨੂੰ ਸੁਣਾਉਣ ਲਈ ਮੇਰੇ ਤੋਂ ਵੀ ਵੱਧ ਉਤਾਵਲਾ ਸੀ...

ਕਹਿੰਦਾ, "ਮੈਂ ਕਚਹਿਰੀਆਂ ਵਿਚ ਆਪਣੀ ਜ਼ਮੀਨ ਦੇ ਕੁਝ ਕਾਗ਼ਜ਼ ਵਗੈਰਾ ਤਿਆਰ ਕਰਵਾਉਣ ਗਿਆ ਸਾਂ ਕਿ ਉੱਥੇ ਮੈਨੂੰ ਮੀਰ ਦਾ ਵੱਡਾ ਭਰਾ ਟੱਕਰ ਪਿਆ..."

"ਤੈਨੂੰ ਮੈਂ ਦੱਸਾਂ ਆਪਾਂ ਨੂੰ ਲੱਗਦਾ ਸੀ ਕਿ ਆਪਾਂ ਹੀ ਮੀਰ ਤੋਂ ਖ਼ਫ਼ਾ ਹਾਂ...ਉਹਦਾ ਟੱਬਰ ਤਾਂ ਉਹਦੇ 'ਤੇ ਆਪਣੇ ਤੋਂ ਵੀ ਵੱਧ ਖ਼ਫ਼ਾ ਹੈ।"

"ਕਿਉਂ ਕੀ ਗੱਲ ਹੋਈ?"

ਪਰਿਵਾਰ ਤਾਂ ਉਸ ਤੋਂ ਪਹਿਲਾਂ ਹੀ ਇਕ ਗੋਰੀ ਕੁੜੀ ਨਾਲ ਵਿਆਹ ਕਰਵਾਉਣ ਦੇ ਖਿਲਾਫ਼ ਸੀ...ਪਰ ਇਹ ਗੱਲ ਤਾਂ ਉਨ੍ਹਾਂ ਨੂੰ ਵਿਆਹ ਤੋਂ ਦੋ ਸਾਲ ਬਾਅਦ ਪਤਾ ਲੱਗੀ ਕਿ ਜੈਸਿਕਾ ਪਹਿਲਾਂ ਵਿਆਹੀ ਹੋਈ ਸੀ ਤੇ ਉਹਦੇ ਕੋਲ਼ ਪਿਛਲੇ ਵਿਆਹ ਤੋਂ ਇਕ ਬੱਚਾ ਵੀ ਸੀ..."

"ਓ ਤੇਰਾ ਭਲਾ ਹੋਜੇ", ਮੈਂ ਹੈਰਾਨ ਸਾਂ।

"ਤੇ ਇਕ ਹੋਰ ਗੱਲ ਦੱਸਾਂ ਉਹਦਾ ਭਰਾ ਆਂਹਦਾ ਸੀ ਕਿ ਜੈਸਿਕਾ ਦਾ ਪਿਉ ਜੈਸਿਕਾ ਦੇ ਇਕ ਏਸ਼ੀਅਨ ਮੁੰਡੇ ਨਾਲ ਵਿਆਹ ਦੇ ਖਿਲਾਫ ਸੀ...ਜੈਸਿਕਾ ਆਪਣੇ ਮਾਂ ਪਿਉ ਦੀ ਇਕੋ ਇਕ ਔਲਾਦ ਸੀ। ਉਹ ਗੱਲੀਂ ਬਾਤੀਂ ਜੈਸਿਕਾ ਨੂੰ ਸੁਣਾਉਂਦਾ ਰਹਿੰਦਾ ਸੀ ਕਿ ਜੇ ਮੀਰ ਨਾਲ ਵਿਆਹ ਦੇ ਮਾਮਲੇ 'ਚੇ ਉਹ ਆਪਣੀ ਮਰਜ਼ੀ ਕਰੇਗੀ ਤਾਂ ਉਹ ਆਪਣੀ ਸਾਰੀ ਪ੍ਰਾਪਰਟੀ ਚੈਰਿਟੀ ਨੂੰ ਦੇ ਕੇ ਜਾਵੇਗਾ, ਜੈਸਿਕਾ ਅਤੇ ਉਸ ਦੇ ਬੱਚੇ ਨੂੰ ਨਹੀਂ...

ਪਰ ਜੈਸਿਕਾ ਅਡਿੱਗ ਸੀ, ਉਹਨੇ ਆਪਣੇ ਬਾਪ ਨੂੰ ਸਪਸ਼ਟ ਕਹਿ ਦਿੱਤਾ ਸੀ ਕਿ 'ਪ੍ਰਾਪਰਟੀ ਆਰ ਨੋ ਪ੍ਰਾਪਰਟੀ, ਯੂ ਕਾਂਟ ਕੰਟਰੋਲ ਐਨ ਅਡਲਟ ਲਾਈਫ।"

"ਉਧਰ ਮੀਰ ਦਾ ਬਾਪੂ ਮੀਰ ਨੂੰ ਮਣ ਮਣ ਪੱਕੀਆਂ ਗਾਲ੍ਹਾਂ ਕੱਢਦਾ ਹੈ ਕਿ ਇਹ ਕੰਜਰ ਕਾਹਦੇ 'ਤੇ ਡੁੱਲ੍ਹ ਗਿਆ... ...ਇਕ ਦੁਹਾਜੂ ਕੁੜੀ ਨਾਲ ਵਿਆਹ ਕਰਾ ਲਿਆ ਜਿਹੜੀ ਆਪਣੇ ਪਿਛਲੇ ਵਿਆਹ ਦਾ ਸਰਟੀਫਿਕੇਟ ਵੀ ਨਾਲ ਹੀ ਚੁੱਕੀ ਫਿਰਦੀ ਸੀ।"

ਤੇਜੇ ਨੇ ਇਕੋ ਸਾਹੇ ਸਾਰੀ ਰਾਮ ਕਹਾਣੀ ਬਿਆਨ ਕਰ ਆਪਣੀ ਰਾਏ ਦਿੱਤੀ:

"ਵੇਖਲਾ ਭਾਊ, ਤੂੰ ਆਖਦਾ ਹੁੰਦਾ ਏਂ ਨਾ ਕਿ ਪਰਵਾਸ ਨਾਲ ਦਿੱਕਤਾਂ ਖ਼ਤਮ ਨਹੀਂ ਹੁੰਦੀਆਂ, ਉਨ੍ਹਾਂ ਦਾ ਬਸ ਸਰੂਪ ਬਦਲਦਾ ਏ ..."

"ਮੈਨੂੰ ਲੱਗਦੈ ਜਿਹੜੇ ਮਰਜ਼ੀ ਸਮਾਜ ਵਿਚ ਚਲੇ ਜਾਓ...ਅਸਲ ਵਿਚ ਊਚ ਨੀਚ ਤੇ ਛੂਆ ਛਾਤ ਦਾ ਵੀ ਬੱਸ ਸਰੂਪ ਈ ਬਦਲਦਾ ਏ..."

"ਮੈਨੂੰ ਤਾਂ ਲੱਗਦਾ ਏ ਕਿ ਜੇ ਜੈਸਿਕਾ ਦਾ ਪਹਿਲੇ ਵਿਆਹ 'ਚੋਂ ਬੱਚਾ ਨਾ ਹੁੰਦਾ ਤੇ ਇਹ ਵਲੈਤ ਨਾ ਹੁੰਦਾ ਤਾਂ ਜੈਸਿਕਾ ਦੇ ਪਿਉ ਨੇ ਵੀ ਮੀਰ ਨਾਲ ਅੰਜਲੀ ਦੇ ਪਿਉ ਨਾਲ਼ੋਂ ਘੱਟ ਨਹੀਂ ਸੀ ਗੁਜ਼ਾਰਨੀ!"

ਤੇਜੇ ਦਾ ਤਬਸਰਾ ਹਾਲੇ ਵੀ ਉਂਝ ਹੀ ਜਾਰੀ ਸੀ, "ਮੀਰ ਦਾ ਬਾਪ ਗੱਲ ਗੱਲ 'ਤੇ ਆਹੰਦਾ ਏ, 'ਜੇ ਇਹ ਕੰਜਰ ਲੂਲ੍ਹਾ ਲੰਗੜਾ ਹੋਵੇ ਜਾਂ ਇਹਦੇ ਕੋਲ਼ ਕਾਗ਼ਜ਼ ਪੱਤਰ ਪੂਰੇ ਨਾ ਹੋਣ ਤਾਂ ਮਨ ਨੂੰ ਸਮਝਾ ਲਈਏ ਕਿ ਉੱਥੇ ਟਿਕਣ ਲਈ ਵਿਆਹ ਕਰਵਾਇਆ...ਪਰ ਹੁਣ ਅਸੀਂ ਆਪਣੇ ਆਪ ਨੂੰ ਕਿਵੇਂ ਠੁੰਮ੍ਹਣਾ ਦੇਈਏ?"

ਤੇਜੇ ਦੀ ਆਖਰੀ ਗੱਲ ਸੁਣ ਮੈਨੂੰ ਅੰਜਲੀ ਦੇ ਪਿਉ ਦੀ ਗੱਲ ਯਾਦ ਆ ਗਈ ਕਿ, "ਅਗਰ ਹਮਾਰੀ ਲੜਕੀ ਮੈਂ ਕੋਈ ਦਾਗ ਹੋ ਤੋਂ ਹਮ ਜਾਤੀ ਸੇ ਬਾਹਰ ਜਾਨੇ ਕਾ ਸੋਚੇਂ ਭੀ।"

ਮੈਨੂੰ ਜੈਸਿਕਾ, ਅੰਜਲੀ ਅਤੇ ਮੀਰ ਦੇ ਬਾਪ ਦੇ ਚਿਹਰੇ ਆਪਸ ਵਿਚ ਰਲ਼ਗੱਡ ਜਿਹੇ ਹੁੰਦੇ ਨਜ਼ਰ ਆਏ। ਸਾਰੇ ਆਪੋ ਆਪਣੀ ਥਾਂ 'ਤੇ ਖੜ੍ਹੇ ਆਪਣੀ ਕੁੱਲ ਨੂੰ ਦਾਗ਼ੀ ਹੋਣ ਤੋਂ ਬਚਾਉਣ ਲਈ ਇਕੋ ਜਿਹੇ ਹਥਿਆਰ ਚੁੱਕੀ ਪਤਾ ਨਹੀਂ ਕੀਹਦੇ ਨਾਲ ਲੜ ਰਹੇ ਸਨ? ਉਨ੍ਹਾਂ ਸੀਸ਼ੇ ਦੀਆਂ ਕੁਝ ਵਲਗਣਾਂ ਆਪਣੇ ਆਲ਼ੇ ਦੁਆਲ਼ੇ ਆਪਣੀ ਸੋ ਕਾਲਡ ਕੁੱਲ ਨੂੰ ਦਾਗ਼ੀ ਹੋਣ ਤੋਂ ਬਚਾਉਣ ਲਈ ਉਸਾਰੀਆਂ ਹੋਈਆਂ ਸਨ ...

ਕਾਰ ਵਿਚ ਸਾਡੀ ਦੋਹਾਂ ਦੀ ਚੁੱਪ ਬੋਝਲ ਜਿਹੀ ਹੋ ਰਹੀ ਸੀ। ਤੇਜੇ ਨੇ ਇਸ ਨੂੰ ਤੋੜਨ ਲਈ ਹੀ ਸ਼ਾਇਦ ਆਪਣਾ ਤਬਸਰਾ ਫੇਰ ਸ਼ੁਰੂ ਕੀਤਾ...

"ਹੁਣ ਸਮਝ ਆਈ ਕਿ ਮੀਰ ਏਨਾ ਸਮਾਂ ਸਾਡੇ ਤੋਂ ਪਾਸਾ ਵੱਟ ਕੇ ਕਿਉਂ ਬੈਠਾ ਹੋਇਆ ਸੀ?"

ਮੈਨੂੰ ਤੇਜੇ ਦੀ ਗੱਲ ਠੀਕ ਹੀ ਜਾਪੀ ਸੀ, ਮੀਰ ਦਾ ਬੇਰੁਖ ਹੋਣਾ ਮੇਰੇ ਅੰਦਰ ਕਿੰਨੇ ਵਰ੍ਹੇ ਖੌਰੂ ਪਾਉਂਦਾ ਰਿਹਾ ਸੀ...ਪਰ ਇਹ ਉਸ ਦਾ ਅੱਧ ਪਚੱਧਾ ਜਵਾਬ ਹੀ ਸੀ।

ਅੰਜਲੀ ਅਤੇ ਮੀਰ ਦੇ ਬਾਪ ਦੀਆਂ ਕਹੀਆਂ ਗੱਲਾਂ ਹਾਲੇ ਵੀ ਮੇਰੇ ਮੱਥੇ 'ਚ ਦਾਤਰ ਵਾਂਗ ਵੱਜ ਰਹੀਆਂ ਸਨ ਤੇ ਬਾਕੀ ਦਾ ਸਵਾਲ ਹਾਲੇ ਵੀ ਮੇਰੇ ਦਿਲ-ਓ-ਦਿਮਾਗ਼ ਦੀ ਪਰਿਕਰਮਾ ਕਰ ਰਿਹਾ ਸੀ...ਕਿ ਇਨ੍ਹਾਂ ਵਲਗਣਾਂ ਤੋਂ ਬਾਹਰ ਆਉਣ ਲਈ ਧੀਆਂ ਪੁੱਤਾਂ ਦਾ ਦਾਗ਼ੀ ਹੋਣਾ ਕਿਉਂ ਜ਼ਰੂਰੀ ਸੀ? 000

***(ਫੋਨ: +44-7803859945 ਈਮੇਲ: Navchetansingh2@gmail.com)***

# ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ: ਕਹਾਣੀ: ਲਾਲ ਸਿੰਘ

ਪਤਾ ਨਈਂ ਕੀ ਭਾਣਾ ਵਰਤਿਆ!

ਕੋਠੀ ਨੁਮਾ ਘਰ ਵਿਚ ਉਹ ਇਕੱਲਾ ਹੀ ਸੀ।

ਲਾਸ਼ ਕਿੰਨੇ ਹੀ ਦਿਨ ਅਣਦੇਖੀ ਪਈ ਰਹੀ। ਕਿਸੇ ਨੂੰ ਕੋਈ ਗਿਆਨ ਨਹੀਂ। ਇਹ ਤਾਂ ਪਿਛਲੇ ਐਤਵਾਰ ਸਵੇਰੇ ਉਹਦੀ ਵੱਡੀ ਬੇਟੀ ਨੇ ਸਹਿਸੁਭਾ ਟੈਲੀਫੋਨ ਕੀਤਾ ਉਸਨੂੰ। ਅੱਗੋਂ ਘੰਟੀ ਵੱਜੀ ਜਾਏ, ਚੁੱਕੇ ਕੋਈ ਨਾ। ਉਹਨੇ ਸੋਚਿਆ, ਕਿਧਰੇ ਬਾਹਰ ਅੰਦਰ ਗਿਆ ਹੋਣਾਂ, ਟੈਲੀਫੂਨ ਘਰ ਛੱਡ ਕੇ। ਦੁਪਹਿਰ ਕੁ ਜਿਹੀ ਨੂੰ ਉਸ ਨੇ ਫਿਰ ਯਤਨ ਕੀਤੇ। ਫਿਰ ਉਹੀ ਹਾਲ। ਉਸਦੇ ਦਿਲ ਦੀ ਧੜਕਣ ਵਧ ਗਈ। ਸ਼ਾਮੀਂ ਘਰ ਆਏ ਪਤੀ ਨਾਲ ਗੱਲ ਕੀਤੀ। ਚਿੰਤਾ ਉਸਨੂੰ ਵੀ ਹੋਈ। ਅਗਲੀ ਸਵੇਰ ਉਨ੍ਹਾਂ ਸ਼ਹਿਰ ਜਾਣ ਦਾ ਫੈਸਲਾ ਕਰ ਲਿਆ। ਰਾਤ ਕਿਵੇਂ ਕੱਟੀ ਇਹ ਤਾਂ ਵੱਡੀ ਬੇਟੀ ਹੀ ਜਾਣਦੀ ਐ। ਹੋਰ ਤਾਂ ਕਿਸੇ ਦਾ ਵਾਹ ਵਾਸਤਾ ਨਹੀਂ ਸੀ ਉਹਦੇ ਨਾਲ। ਇਕੋ ਇਕ ਲੜਕਾ ਉਹ ਕਿਸੇ ਹੋਰ ਥਾਂ ਰਹਿੰਦਾ, ਸ਼ਾਇਦ ਮੁਹਾਲ਼ੀ। ਛੋਟੀ ਬੇਟੀ ਉਸਦੇ ਆਸ-ਪਾਸ ਹੀ ਰਹਿੰਦੀ ਐ ਕਿਰਾਏ ਦੇ ਕਮਰੇ ‘ਚ। ਪਿਓ ਨਾਲ ਬਣਦੀ ਨਹੀਂ, ਕਿਸੇ ਦੀ ਦੋਨਾਂ ‘ਚੋਂ। ਨਾ ਬਣਨ ਦਾ ਕਾਰਣ ਵੀ ਬੜਾ ਅਜੀਬ ਐ। ਅਜੀਬ ਵੀ ਤੇ ਵਿਕੋਲਿੱਤਰਾ ਵੀ। ਅਜੀਬ ਇਸ ਲਈ ਕਿ ਉਸਦੇ ਹਿੱਸੇ ਦੇ ਖੇਤ ਪਿਓ ਨੇ ਉਸਦੇ ਨਹੀਂ, ਉਸਦੀ ਘਰ ਵਾਲੀ ਦੇ ਨਾਂ ਲੁਆ ਰੱਖੇ ਸਨ। ਪਿਓ ਨੂੰ ਡਰ ਸੀ ਕਿ ਆਪ-ਹੁਦਰਾ ਜਿਹਾ ਬੰਦਾ ਊਈਂ ਵੇਚ-ਵੱਟ ਕੇ ਖਾ ਨਾ ਜਾਏ। ਨੰਗ ਕਰ ਦਏ ਘਰ ਵਾਲੀ ਨੂੰ, ਤਿੰਨਾਂ ਬਾਲਾਂ ਨੂੰ। ਇਸ ਗੱਲੋਂ ਸੱਚਾ ਸੀ ਉਹ। ਨਸੀਬ ਨੇ ਹੁਣ ਤਕ ਕੋਈ ਸੁਆਦ ਦਾ ਕੰਮ ਨਹੀਂ ਸੀ ਕੀਤਾ। ਨੌਕਰੀ ਜ਼ਰੂਰ ਕੀਤੀ ਫੌਜ ਦੀ, ਉਹ ਵੀ ਪੰਦਰਾ-ਸੋਲ਼ਾਂ ਸਾਲ। ਇਹਨਾਂ ਸਾਲਾਂ ‘ਚ ਉਹਨੇ ਦਿੱਤਾ-ਲਿਆ ਕੱਖ ਨਹੀਂ ਘਰ। ਉਹਦੀ ਤਨਖਾਹ ਬਸ ਉਹਦੇ ਜੋਗੀ ਹੀ ਰਹੀ। ਵਿਆਹ-ਸ਼ਾਦੀ, ਬਾਲ-ਪਰਿਵਾਰ ਦੀ ਸਾਂਭ-ਸੰਭਾਲ਼ ਸਭ ਨਸੀਬ ਦਾ ਬਾਪ ਹੀ ਕਰਦਾ ਰਿਹਾ ਜੋਗਾ ਸਿੰਘ,ਮੁੱਢ ਸ਼ੁਰੂ ਤੋਂ। ਤਿੰਨ ਬੱਚੇ ਸਨ ਜੋਗਾ ਸਿੰਘ ਦੇ, ਇਕ ਲੜਕੀ, ਦੋ ਲੜਕੇ। ਇਕ ਨਸੀਬ, ਦੂਜਾ ਮੱਖਣ। ਦੋਨੋਂ ਇਕ ਦੂਜੇ ਤੋਂ ਵੱਧ ਅਲਗਰਜ਼। ਉਂਝ ਹੱਡਾਂ-ਪੈਰਾਂ ਤੋਂ ਮੋਕਲ਼ੇ, ਖਾਸੇ ਹੁੰਦੜ-ਹੇੜ। ਜੋਗਾ ਸਿੰਘ ਨੇ ਅਵਾਰਾ ਘੁੰਮਦੇ ਮੁੰਡਿਆਂ ਨੂੰ ਲੀਹੇ ਪਾਉਣ ਲਈ, ਦੋਨਾਂ ਨੂੰ ਭਰਤੀ ਕਰਵਾਉਣਾ ਠੀਕ ਸਮਝਿਆ। ਨਸੀਬ ਨੂੰ ਫੌਜ ‘ਚ, ਮੱਖਣ ਨੂੰ ਪੁਲੀਸ ‘ਚ। ਮੱਖਣ ਤਾਂ ਪੁਲੀਸ ਅੰਦਰ ਚੱਲਦੇ, ਉਪਰਲੇ-ਹੇਠਲੇ ਕਾਰਨਾਮੇ ਕਰਦਾ ਛੇਤੀ ਹੀ ਸੁਆਦਲੀ ਪੱਟੀ ਜਾ ਚੜ੍ਹਿਆ। ਪਰ ਨਸੀਬ ਦਾ ਹਾਲ ਉਹੀ, ਪਹਿਲਾਂ ਵਾਲਾ। ਜਿੰਨਾ ਕਮਾਇਆ, ਨਾਲੋ-ਨਾਲ ਬੰਨੇ। ਨਾ ਫੌਜ ‘ਚ ਕੋਈ ਉਨਤੀ-ਤਰੱਕੀ, ਨਾ ਘਰ-ਕੋਠੇ ਦੀ ਚਿੰਤਾ। ਸੋਲ਼ੀਂ ਸਾਲੀਂ ਪੈਨਸ਼ਨ ਆਇਆ ਦੋਨੋਂ ਹੱਥ ਖਾਲੀ। ਆਉਂਦੇ ਅਗਲੇਰੇ ਸਮੇਂ ਨੂੰ ਵਿਚਾਰਦਿਆਂ, ਜੋਗਾ ਸਿੰਘ ਨੇ ਉਸਦੇ ਹਿੱਸੇ ਦੇ ਖੇਤ ਉਸਦੀ ਘਰ ਵਾਲੀ ਦੇ ਨਾਂ ਲੁਆ ਦਿੱਤੇ। ਬਾਲ-ਬੱਚੇ ਦਾ ਸਿਰ ਢਕਣ ਨੂੰ ਸੋਹਣਾ-ਸੁਥਰਾ ਮਕਾਨ ਬਣਵਾ ਦਿੱਤਾ। ਸੇਵਾ-ਮੁਕਤੀ ਨਸੀਬ ਨੂੰ ਸਗੋਂ ਨਿੱਸਲ ਕਰ ਗਈ। ਖਾਣ-ਪੀਣ ਦੀ ਆਦਤ ਹੋਰ ਵੀ ਵਿਕਰਾਲ ਹੁੰਦੀ ਗਈ। ਪੈਨਸ਼ਨ-ਰਾਸ਼ੀ ਹਫਤੇ ਦਸ ਦਿਨ ‘ਚ ਖਤਮ। ਮੁੜ ਖੇਤਾਂ ਵੱਲ ਨੂੰ ਝਾਕ, ਵੇਚ-ਵੱਟਕ ਦੇ ਪੈਂਤੜੇ। ਘਰ ਵਾਲੀ ਨੂੰ ਬਾਲ-ਪਰਿਵਾਰ ਦਾ ਫਿਕਰ ਸੀ। ਉਹ ਪਤੀ ਦੇ ਆਖੇ ਨਾ ਚੱਲੀ। ਹਰ ਰੋਜ਼ ਬੋਲ-ਬਰਾਲ਼ਾ, ਲੜਾਈ-ਝਗੜਾ। ਬਹੁਤ ਹੀ ਤਲਖ ਹੋਇਆ, ਉਹ ਪਤਨੀ ਦੀ ਮਾਰ-ਕੁਟਾਈ ਵੱਲ ਤੁਰ ਪਿਆ। ਉਸ ਵਿਚਾਰੀ ਦੇ ਹਰ ਰੋਜ਼ ਹੱਡ ਸਿਕਦੇ। ਛੋਟੇ-ਵੱਡੇ ਬਾਲ ਵੀ ਪਿਓ ਤੋਂ ਕੰਨੀਂ ਕਤਰਾਉਣ ਲੱਗੇ। ਲੜਕਾ ਪੜ੍ਹਾਈ ਵਿਚੇ ਛੱਡ ਕਿਸੇ ਟਰੱਕ ‘ਤੇ ਜਾ ਚੜ੍ਹਿਆ।

ਘਰ-ਕਲੇਸ਼ ਤੋਂ ਡਰਦੀਆਂ ਕੁੜੀਆਂ, ਪਿੰਡ ਚਲੀਆਂ ਗਈਆਂ ਬਾਬੇ ਕੋਲ਼। ਓਥੋਂ ਵੱਡੀ ਵਿਆਹ ਪਿੱਛੋਂ ਸਹੁਰੇ ਘਰ ਪੁੱਜ ਗਈ, ਛੋਟੀ ਨੂੰ ਆਪਣੇ ਹੀ ਸ਼ਹਿਰ ਦਾਖਲਾ ਮਿਲ ਗਿਆ, ਨਰਸਿੰਗ ਕੋਰਸ 'ਚ। ਪਰ ਉਹ ਆਪਣੇ ਘਰ ਨਾ ਪਰਤੀ। ਕਿਸੇ ਕਿਰਾਏ ਦੇ ਕਮਰੇ 'ਚ ਰਹਿੰਦੀ ਰਹੀ, ਸਹਿ-ਪਾਠਣਾਂ ਨਾਲ। ਨਸੀਬ ਲਈ ਮੈਦਾਨ ਹੋਰ ਪੱਧਰਾ। ਮਾਰ-ਕੁੱਟ ਖਾਂਦੀ ਘਰ ਵਾਲੀ ਨਾ ਘਰੋਂ ਜਾ ਸਕਦੀ ਸੀ, ਨਾ ਰਹਿਣ-ਵਸਣ ਦਾ ਕੋਈ ਹੱਜ ਸੀ। ਪਤੀ ਵੱਲੋਂ ਬਹੁਤੀ ਹੀ ਤੰਗ ਪਈ, ਆਖਿਰ ਉਹ ਵੀ ਪੇਕੇ ਚਲੀ ਗਈ। ਨਸੀਬ ਫਿਰ ਇਕੱਲਾ। ਜਿੰਨਾ ਕੁ ਹੋ ਸਕਦਾ, ਖਾ-ਪਕਾ ਲੈਂਦਾ। ਆਖਿਰ ਇਕ ਦਿਨ ਢਹਿ-ਡਿੱਗ ਪਿਆ। ਮੁੜ ਉੱਠਿਆ ਨਾ ਗਿਆ। ਕਈ ਦਿਨ ਦਿਸਿਆ ਨਾ ਆਂਢ-ਗੁਆਂਢ 'ਚ। ਕਿਸੇ ਨੇ ਕੋਈ ਖਬਰ-ਸਾਰ ਵੀ ਨਾ ਲਈ। ਆਖਿਰ ਵੱਡੀ ਧੀ ਦੇ ਟੈਲੀਫੋਨ ਕਾਰਨ ਹੋਇਆ-ਬੀਤਿਆ ਸਭ ਦੇ ਸਾਹਮਣੇ ਸੀ।

"ਬੱਸ ਕਿ ਹੋਰ ਲੈਕਚਰ ਕਰਨਾ?" ਵਾਰਤਾ ਦੱਸ ਕੇ ਰੁਕੇ ਅਰਜਨ ਨੂੰ ਮੈਂ ਸਹਿਜ ਦੇਣੀ ਕਿਹਾ।

"ਤੈਨੂੰ ਇਹ ਲੈਕਚਰ ਦੀਂਹਦਾ! ਆਪ ਹੀ ਤੈਂ ਪੁੱਛਿਆ ਸੀ, ਹੁਣ ਮੇਰੇ ਕਹੇ-ਦੱਸੇ ਨੂੰ ਲੈਕਚਰ ਦੱਸੀ ਜਾਨਾਂ", ਅਰਜਣ ਕਾਫੀ ਸਾਰਾ ਹੈਰਾਨ ਸੀ।

"ਓ ਭਰਾਵਾ, ਮੈਂ ਤੈਨੂੰ ਨਸੀਬ ਚਾਚੇ ਬਾਰੇ ਪੁੱਛਿਆ ਸੀ, ਜਿਹਦਾ ਘਰ ਹੁੰਦਾ ਸੀ ਐਥੇ ਕੁ। ਨਸੀਬ ਗੱਡੇ ਆਲ਼ਾ ਕਹਿੰਦੇ ਸੀ ਜੀਹਨੂੰ।....ਛੱਡਿਆ ਤੈਨੂੰ ਮੱਝ ਹੇਠਾਂ, ਤੂੰ ਪਤਾ ਨਈਂ ਕੀਹਦੇ ਹੇਠਾਂ ਜਾ ਵੜਿਆ! ....ਉਂ ਮਾੜੀ ਗੱਲ ਵੀ ਕੋਈ ਨਾ ਹੋਈ। ਬੜੀ ਦਰਦਨਾਕ ਕਥਾ ਦੱਸੀ ਐ ਨਸੀਬ ਸੂੰਹ ਫੌਜੀ ਦੀ। ਤਾਹੀਉਂ ਚੁੱਪ-ਚਾਪ ਸੁਣਦਾ ਰਿਹਾ। ਮੈਨੂੰ ਤਾਂ ਸਗੋਂ ਵਧੀਆ ਮਸਾਲਾ ਮਿਲ ਗਿਆ ਮੇਰੇ ਕੰਮ ਦਾ।"

"ਕੰਮ ਦਾ ਮਸਾਲਾ! ਇਹ ਕੀ ਗੱਲ ਹੋਈ ਭਲਾ? ਅਗਲੇ ਦਾ ਘਰ ਹਿੱਲ ਗਿਆ, ਤੂੰ ਇਹਨੂੰ ਕੰਮ ਦਾ ਮਸਾਲਾ ਦੱਸਦਾਂ....।" ਥੋੜ੍ਹਾ ਕੁ ਅਚੰਭਤ ਹੋਏ ਅਰਜਣ ਨੇ ਆਪਣੇ ਅੰਦਰ ਹੋਈ ਹਿੱਲ-ਜੁਲ, ਝੱਟ-ਪੱਟ ਬਾਹਰ ਉਛਾਲ਼ ਦਿੱਤੀ।...ਤੂੰ, ਤੂੰ ਕਿਤੇ ਪੁੱਠੇ-ਸਿੱਧੇ ਕੰਮ 'ਚ ਤਾਂ ਨਈਂ ਪੈ ਗਿਆ! ਲਿਖਣ-ਪੂੰਝਣ ਆਲ਼ੇ ਕੰਮ 'ਚ!....ਇਹ ਸ਼ੈਅਰ-ਵੈਅਰ ਵੀ ਇਹੋ ਜਿਹੀਆਂ ਗੱਲਾਂ ਕਰਦੇ ਹੁੰਦੇ ਆ।"

"ਚੱਲ ਏਦਾਂ ਈ ਸਮਝ ਲਾਆ। ਉਂ ਏਹਨੂੰ ਪੁੱਠਾ-ਸਿੱਧਾ ਕੰਮ ਕਿਉਂ ਕਹਿਨਾਂ? ਤੂੰ ਆਲ਼ੇ-ਦੁਆਲ਼ੇ ਦੇਖ ਲਾਅ, ਕਿੰਨੇ ਜਣੇ ਆ, ਏਸ ਕੰਮ ਆਲ਼ੇ। ਸਾਰੇ ਦੇ ਸਾਰੇ ਪੂਰੀ ਟੌਅਰ 'ਚ ਰਹਿੰਦੇ। ਅਰਸ਼ੀ ਤਾਂ ਸਭ ਦਾ ਸਿਰਾ। ਉਦ੍ਹਾ ਤਾਂ ਸ਼ੈਤ ਹੀ ਕੋਈ ਦਿਨ ਖਾਲੀ ਜਾਂਦਾ ਹੋਊ। ਵਿਆਹ-ਸ਼ਾਦੀਆਂ, ਮਰਨੇ-ਪਰਨੇ, ਪਾਠ-ਜਗਰਾਤੇ, ਪੁਰਬ-ਦਿਹਾੜੇ! ਹੋਰ ਨਹੀਂ ਤਾਂ ਮਹੀਨਾ-ਵਾਰ ਮੱਸਿਆਂ-ਸੰਗਰਾਂਦਾਂ ਈ ਉਹਦੀ ਜੇਬ ਹਰੀ ਕਰੀ ਰੱਖਦੀਆਂ। ਸੰਗਤਾਂ-ਸਰੋਤੇ ਇਕ ਦੂਜੇ ਤੋਂ ਵਧ-ਚੜ੍ਹ ਕੇ ਅਰਦਾਸਾਂ ਕਰਵਾਉਂਦੇ ਆ। ਪੈਸੇ ਭਾਵੇਂ ਮੰਗ ਕੇ ਲਿਆਂਦੇ ਹੋਣ ਕਿਧਰੋਂ," ਮੈਂ ਬਣਦੀ ਸਰਦੀ ਸਫਾਈ ਪੇਸ਼ ਕੀਤੀ।

"ਨਾ ਤੇਰੇ ਭਾਅ ਦਾ ਇਹ ਖਰਾ ਕੰਮ ਆਂ! ਮੈਨੂੰ ਤਾਂ ਇਹ ਕੰਮ ਕਲਾ-ਕੌਸ਼ਲਤਾ ਨੂੰ, ਸਾਹਿਤਕ ਕਰਮ ਨੂੰ ਵਪਾਰੀ ਧਿਰ ਪਾਸ ਗਿਰਵੀ ਰੱਖਣ ਵਰਗਾ ਕਾਰਜ ਜਾਪਦਾ। ਇਕ ਤਰ੍ਹਾਂ ਦੇ ਚੜ੍ਹਤ-ਚੜ੍ਹਾਵੇ ਦੀ ਗਿਣਤੀ-ਮਿਣਤੀ, ਕਵਿਤਾ-ਕਾਰਾਂ ਕੋਲੋਂ ਸ਼ਬਦ-ਸ਼ਕਤੀ ਦੀ ਬੇਇਜ਼ਤੀ ਹੁੰਦੀ ਲੱਗਦੀ ਐ। ਉਨ੍ਹਾਂ ਦੀ ਗੰਢ-ਤੁਪੀ, ਤੁਕ-ਬੰਦੀ ਕਵਿਤਾ ਸਮੇਤ ਕਾਵਿ-ਸਿਨਫ ਦੀ ਉੱਚਤਾ ਨੂੰ ਜ਼ਖਮੀ ਕਰਦੀ...।" ਅਰਜਣ ਨੂੰ ਮਹਿਸੂਸ ਹੋਇਆ, ਕਿ ਉਹ ਭਾਵੁਕਤਾ-ਵੱਸ ਬਹੁਤ ਹੀ ਬੋਲ ਗਿਆ ਹੈ। ਥੋੜ੍ਹਾ ਕੁ ਰੁਕ ਕੇ ਉਹਨੇ ਬਾਤ-ਚੀਤ ਦੀ ਸੁਰ-ਦਿਸ਼ਾ ਇਕ-ਦਮ ਬਦਲ ਲਈ। "ਇਹ ਕਾਵਿ-ਸਿਨਫ ਦਾ ਹਲਕਾ ਪੱਖ ਸੀ। ਇਹ ਧਾਰਨਾ ਸਾਰੇ ਸ਼ਾਇਰਾਂ 'ਤੇ ਲਾਗੂ ਨਈਂ ਹੁੰਦੀ। ਕਈ ਕਲਮਾਂ ਤਾਂ ਢੇਰੀ ਢਾਹੀ ਬੈਠੇ ਮਨੁੱਖ ਨੂੰ ਮੋਢਿਉਂ ਫੜ ਕੇ ਪੈਰਾਂ ਸਿਰ ਖੜ੍ਹਾ ਕਰ ਦਿੰਦੀਆਂ। ਸੁੱਤੀਆਂ

ਕੌਮਾਂ ਤਕ ਨੂੰ ਜਾਗਦਾ ਕਰ ਛੱਡਦੀਆਂ। ਇਹ ਧਾਰਨਾ ਹੋਰਨਾਂ ਸਾਹਿਤਕ ਸਿਨਫਾਂ 'ਤੇ ਵੀ ਲਾਗੂ ਹੁੰਦੀ ਐ।"

ਉਸਦੀ, ਸਾਹਿਤ ਦੀ ਗੰਭੀਰ ਸਮਝ ਨੇ ਮੈਨੂੰ ਅਚੰਭਤ ਕਰ ਦਿੱਤਾ। ਮੇਰੀ ਸਟੇਜੀ ਕਿਸਮ ਦੀ ਤੁਕ-ਬੰਦੀ ਦੇ ਜਿਵੇਂ ਪੈਰ ਹੀ ਉਖੜ ਗਏ। ਉਸ ਅੱਗੇ ਨਿਮਾਣਾ ਜਿਹਾ ਹੋਇਆ, ਮੈਂ ਆਪਣੀ ਪਹਿਲੀ ਪੁੱਛ ਦੇ ਲਾਗੇ ਹੋ ਖੜੋਇਆ।-- "ਅੱਛਾ, ਤੂੰ ਨਸੀਬ ਗੱਡੇ ਆਲ਼ੇ ਦਾ ਥੌਹ-ਪਤਾ ਵੀ ਦੱਸ। ਤੂੰ ਤਾਂ ਉਹਦਾ ਜੋਟੀਦਾਰ ਵੀ ਰਿਹੈਂ। 'ਕੱਠੇ ਰੇਤ-ਮਿੱਟੀ ਦੀਆਂ ਢੇਰੀਆਂ ਲਾਉਂਦੇ ਰਹੇ ਓਂ ਲੋੜਮੰਦਾਂ ਘਰੀਂ...।"

"ਢੇਰੀਆਂ ਕ੍ਹੇੜਾ ਸੁੱਖ ਨੂੰ ਲੱਗਦੀਆਂ ਸੀ। ਨਾ ਲਆਉਂਦਾ ਤਾਂ ਸਕੂਲ ਕਿੱਦਾਂ ਜਾਂਦਾ। ਕਾਪੀਆਂ-ਕਿਤਾਬਾਂ ਕਿੱਥੋਂ ਆਉਂਦੀਆਂ। ਰੁਲ਼ਦਾ ਰਹਿੰਦਾ ਵਿਹੜੇ ਆਲ਼ੇ ਹੋਰਨਾਂ ਵਾਂਗ। ਮੈਂ ਸਵੇਰੇ ਤੜਕੇ ਜਾ ਜਗਾਉਂਦਾ ਸੀ ਨਸੀਬ ਨੂੰ। ਦਿਨ ਚੜ੍ਹਦੇ ਨੂੰ ਅਸੀਂ ਇਕ-ਦੋ ਫੇਰੇ ਜ਼ਰੂਰ ਲਾ ਲਿਆ ਕਰਦੇ। ਘਟੇ-ਵਧੇ ਨੂੰ ਤਰਕਾਲ਼ਾਂ ਵੇਲ਼ੇ ਸਕੂਲ ਟੈਮ ਤੋਂ ਪਿੱਛੋਂ।" ਪਲ ਕੁ ਭਰ ਰੁਕ ਕੇ ਅਰਜਣ ਨੇ ਵੱਖਰੀ ਤਰ੍ਹਾਂ ਦੀ ਖਬਰ ਦਿੱਤੀ-- "ਉਹ ਤਾਂ ਚਿਰ ਹੋਇਆ ਚਲਾ ਗਿਆ ਸੀ ਕਿਧਰੇ, ਯੂਪੀ ਸੀਪੀ ਅਲਾਂ। ਸਾਰਾ ਕੁਛ ਵੇਚ-ਵੱਟ ਕੇ।"

"ਕਦੋਂ ਕੁ ਦੀ ਗੱਲ ਆ ਏਹ?" ਮੈਂ ਅਣਚਾਹੀ ਅਣਜਾਣਤਾ ਪ੍ਰਗਟਾਈ।

"ਕਈ ਸਾਲ ਹੋ ਗਏ, ਬਹੁਤੇ ਨਈਂ ਘੱਟੋ-ਘੱਟ ਵੀਹ-ਬਾਈ ਸਾਲ ਤਾਂ ਹੋ ਗਏ ਹੋਣੇ ਆਂ। ਮੈਂ ਪੜ੍ਹਾਈ ਪੂਰੀ ਕਰ ਕੇ ਮਾਸਟਰ ਬਣ ਗਿਆ ਸੀ ਓਦੋਂ।" ਅਰਜਣ ਨੇ ਮੋਟਾ-ਠੁੱਲਾ ਹਿਸਾਬ ਲਾ ਕੇ ਦੱਸਿਆ ਸੀ।

"ਤੇ ਬਾਕੀ ਦੇ ਉਹਦੇ ਭਰਾ-ਭਾਈ, ਤਾਏ-ਚਾਚੇ। ਉਹ ਤਾਂ ਕਿੰਨੇ ਈ ਜਣੇ ਸੀ ਇਕੋ ਹੀ ਘਰ 'ਚ।" ਮੇਰੀ ਉਤਸੁਕਤਾ ਵਧ ਗਈ ਸੀ।

"ਉਹਨਾਂ ਦਾ ਹਾਲ-ਹਵਾਲ ਵੀ ਐਸਾ-ਵੈਸਾ ਈ ਆ। ਕੋਈ ਹੈਗਾ, ਕੋਈ ਉਪਰ ਚਲੇ ਗਿਆ, ਕੋਈ ਆਸੇ-ਪਾਸੇ। ਉਂਝ ਖੇਤ-ਬੰਨਾ ਹੁਣ ਇਕ-ਦੋਂਹ ਕੋਲ਼ ਹੀ ਆ। ਬਹੁਤੇ ਪੈਲ਼ੀਆਂ ਵੇਚ-ਵੱਟ ਕੇ ਬਾਹਰ ਚਲੇ ਗਏ 'ਮਰੀਕਾ, ਕਨੇਡਾ, ਅਸਟੇਰੀਆ। ਦੋਂਹ-ਚਹੁੰ ਨੇ ਦੁਕਾਨਾਂ ਪਾ ਲਈਆਂ, ਵੱਡੀ ਸੜਕ 'ਤੇ ਥਾਂ ਮੁੱਲ ਲੈ ਕੇ। ਉਹਨਾਂ ਦਾ ਗੁਜ਼ਰ-ਗੁਜ਼ਾਰਾ ਠੀਕ-ਠਾਕ ਚੱਲੀ ਜਾਂਦਾ। ਇਹ ਤਾਂ ਨਾ ਤੇਰੇ ਨਸੀਬੇ ਚਾਚੇ ਦਾ ਕੋਈ ਹੀਲਾ-ਵਸੀਲਾ ਬਣਿਆ, ਨਾ ਉਹਦੇ ਭਰਾ ਜ਼ੈਲੇ ਦਾ। ਉਹ ਵਾਹਵਾ ਚਿਰ ਵਾਹੁੰਦੇ ਰਹੇ ਗੱਡੇ। ਪਿੱਛੋਂ ਉਹਨਾਂ ਦੇ ਕੰਮ ਨੂੰ ਵੀ ਢਾਹ ਲੱਗਣ ਲੱਗ ਪਈ, ਧਰਮਪੁਰੀਏ ਇਸਾਈਆਂ ਦੇ ਮੁੰਡਿਆਂ ਨੇ ਟਰਾਲੀਆਂ ਜੋੜ ਲਈਆਂ, ਇਹਨਾਂ ਬਰੋਬਰ। ਰੇਤ-ਮਿੱਟੀ ਦਾ ਕੰਮ ਸਾਰਾ ਉਹਨਾਂ ਖਿੱਚ ਲਿਆ। ਇਹਨਾਂ ਦਾ ਪੱਲਾ ਖਾਲੀ। ਲੈ ਦੇ ਕੇ ਸਿਆੜ ਈ ਸਨ ਚਾਰ-ਚਾਰ ਕਿੱਲੇ। ਇਹਨਾਂ ਨੇ ਉਹਨਾਂ ਨੂੰ ਟੱਕ ਲਾ ਦਿੱਤਾ। ਜ਼ੈਲਾ ਤਾਂ ਖੈਰ ਸੰਭਲ ਗਿਆ ਸੀ ਛੇਤੀ। ਉਹਦੇ ਮੁੰਡੇ ਸੀ ਚਾਰ-ਪੰਜ। ਉਹਨਾਂ ਨੇ ਪੈਰਾਂ ਸਿਰ ਹੋ ਕੇ ਖੇਤ-ਬੰਨਾ ਵੀ ਸਾਂਭ ਲਿਆ ਤੇ ਪਿਓ ਨੂੰ ਨਿੱਤ ਦਿਨ ਦੀ ਦਾਰੂ ਤੋਂ ਵੀ ਬਚਦਾ ਕਰ ਲਿਆ। ਪਰ, ਨਸੀਬ ਦਾ ਇਕ ਹੀ ਮੁੰਡਾ ਸੀ, ਉਹ ਵੀ ਅਜੇ ਬਲੂਰ। ਉਹਨੇ ਕੀ ਰੋਕਣਾ ਸੀ ਪੇਏ ਨੂੰ! ਪਹਿਲੀ ਚਾਲੇ ਤੁਰੇ ਨਸੀਬੇ ਨੇ ਅੱਧੀ ਕੁ ਪੈਲ਼ੀ ਖਾ-ਪੀ ਛੱਡੀ। ਫਿਰ ਪਤਾ ਨਈਂ ਕਿਹਨੇ ਮੱਤ ਦਿੱਤੀ, ਯੂ.ਪੀ. ਚਲਾ ਗਿਆ। ਓਥੇ ਕਿੰਨੇ ਖੇਤ ਲਏ, ਕਿੰਨੇ ਪੈਸੇ ਲਾਏ, ਕਿਸੇ ਨੂੰ ਕੋਈ ਪਤਾਅ ਨਈਂ। ਸੁਣਿਆ, ਪੈਸੇ ਵੀ ਉਹਨੂੰ ਖੇਹ-ਕੌਡੀਆਂ ਹੋ ਕੇ ਮਿਲੇ ਸੀ ਬਿੰਦੇ ਹੋਣਾਂ ਤੋਂ। ਉਹਦੇ ਬਾਬੇ ਦੀ ਸਕੀ ਉਲਾਦ ਤੋਂ। ਪਿੱਛੋਂ ਅੱਠੀਂ ਕੁ ਸਾਲੀਂ ਮੁੰਡੇ ਉਹਦੇ ਨੇ ਗੇੜਾ ਜ਼ਰੂਰ ਮਾਰਿਆ ਸੀ। ਇੱਥੇ ਉਹ ਅਪਣਾ ਘਰ-ਕਮਰਾ ਲੱਭੇ। ਅੱਗੇ ਕੁਝ ਵੀ ਨਾ। ਉਹਦੇ ਹਿੱਸਾ ਦਾ ਘਰ ਵੀ ਉਹਦੇ ਤਾਏ ਜ਼ੈਲੇ ਦੇ ਮੁੰਡਿਆਂ ਘੇਰ-ਵਗਲ਼ ਲਿਆ ਸੀ। ਉਹ ਬਥੇਰਾ ਵਿਲਕਿਆ, ਬਥੇਰਾ ਕਲਪਿਆ। ਪਰ ਕਿਸੇ ਨਾ ਸੁਣੀ। ਉਹ ਦੱਸਦਾ ਸੀ ਕਿ ਪਿਓ ਉਹਦੇ ਦਾ ਹਾਲ ਉਹੀ ਐ, ਐਥੋਂ ਆਲ਼ਾ। ਕੁਝ ਨਹੀਂ ਬਚਿਆ ਉਹਦੇ ਕੋਲ਼, ਨਾ ਮੇਰੇ ਕੋਲ਼। ਮੈਂ ਦਿਹਾੜੀਆਂ

ਕਰਦਾਂ ਹੋਰਨਾਂ ਘਰੀਂ। ਦਿਹਾੜੀ-ਦੱਪੇ ਦਾ ਹਾਲ ਵੀ ਮਾੜਾ ਈ ਓਧਰ। ਕਈ ਕਈ ਦਿਨਾਂ ਪਿੱਛੋਂ ਲੱਭਦੇ ਆ ਪੈਸੇ। ਬੜੀ ਔਖੀ ਦਿਨ-ਕਟੀ ਹੁੰਦੀ ਆ। ਐਧਰ ਹੋਰ ਨਈਂ ਤਾਂ ਰਾਜ-ਮਿਸਤਰੀਆਂ ਨਾਲ, ਜਾਂ ਖੇਤਾਂ-ਪੈਲ਼ੀਆਂ 'ਚ ਲੱਗੀ ਦਿਹਾੜੀ ਮਿਲ ਤਾਂ ਜਾਊ ਟੈਮ ਨਾ'। ਚੁਲ੍ਹਾ-ਚੌਂਕਾ ਤਾਂ ਚੱਲੀ ਜਾਊ, ਮਾੜਾ-ਮੋਟਾ। ਪਰ, ਏਥੋਂ ਵੀ ਉਹਦੇ ਹੱਥ-ਪੱਲੇ ਕੁਝ ਨਈਂ ਸੀ ਪਿਆ। ਉਹ ਬਿਚਾਰਾ ਪੰਜੀਂ ਸੱਤੀਂ ਦਿਨੀਂ ਅਪਣੇ ਘਰ ਮੁੜਿਆ ਮੁੜ ਕਦੀ ਨਈਂ ਦਿਸਿਆ। ਨਾ ਈ ਉਹਦੇ ਪੇਏ ਦਾ ਪਤਾ ਲੱਗਾ, ਹੈਗਾ ਵੀ ਆ ਕਿ ਨਈਂ!"

ਅਰਜਣ ਪਾਸੋਂ ਬਾਤ-ਵਾਰਤਾ ਸੁਣਦਿਆਂ ਮੇਰੇ ਅੰਦਰੋਂ ਠੰਢੇ ਹਉਕੇ ਸਹਿਸੁਭਾ ਨਿਕਲਦੇ ਰਹੇ। ਉਸ ਲਾਗੇ ਮੰਜੇ ਦੀ ਪੁਆਂਦੀ ਬੈਠੇ ਦੀ ਮੇਰੀ ਨਸੀਬ ਚਾਚੇ ਨਾਲ ਜੁੜੀ ਬਿਰਤੀ ਉਸਨੇ ਘੜੀ ਕੁ ਪਿੱਛੋਂ ਇਹ ਕਹਿੰਦਿਆਂ ਮੋੜ ਲਿਆਂਦੀ-- "ਕਿਉਂ, ਕਿੱਥੇ ਗੁਆਚ ਗਿਆ?"

"ਗੁਆਚਣ ਨੂੰ ਹਾਅ ਕੋਈ ਛੋਟੀ ਗੱਲ ਦੱਸੀ ਆ ਤੂੰ! ਦੋਨਾਂ ਭਰਾਵਾਂ ਕੋਲ਼ ਪੱਚੀ ਕਿੱਲੇ ਦਾ ਟੱਕ ਸੀ ਸ਼ਹਿਰ ਦੀ ਵਗਲ਼ 'ਚ। ਬਾਰਾਂ, ਸਾਢੇ ਬਾਰਾਂ ਕਿੱਲਿਆਂ ਦੀ ਮਾਲਕੀ ਕਹਿਣ ਨੂੰ ਹੁੰਦੀ। ਠੀਕ ਤਰ੍ਹਾਂ ਚੱਲਦਾ ਤਾਂ ਕਰੋੜਾਂ ਦੀ ਸਾਮੀ ਹੁੰਦਾ, ਨਸੀਬ ਚਾਚਾ। ਜੇ ਵੇਚਣੇ ਈ ਸੀ, ਪਲਾਟ ਬਣਾ ਕੇ ਵੇਚਦਾ।...ਐਮੇਂ ਕੌਡੀਆਂ ਭਾਅ ਰੋਲ਼ਤੀ। ਇਹ ਪੀਣ-ਛੀਣ ਦੀ ਇੱਲਤ ਤੋਂ ਤਾਂ ਕੋਈ ਕਰਮਾਂ ਆਲ਼ਾ ਹੀ ਬਚਿਆ ਹੋਊ। ਸਾਡੇ ਕਿੰਨੇ ਸਾਰੇ ਜ਼ੀਮੀਂਦਾਰ ਭਾਈ ਏਸੇ ਖੂਹ 'ਚ ਡੁੱਬੇ ਆ।" ਮੈਥੋਂ ਅੰਦਰਲੀ ਗੰਢ ਸਹਿਸੁਭਾ ਹੀ ਖੋਲ੍ਹੀ ਗਈ।

"ਨਾ ਤੂੰ ਵੀ ਕਿਤੇ ਡਿੱਗਿਆਂ ਉੱਚੇ-ਨੀਵੇਂ ਕਿ ਬਾਹਰ ਈ ਤੁਰਿਆ ਫਿਰਦਾਂ?" ਅਰਜਣ ਨੇ ਮੈਨੂੰ ਹਲਕੀ ਜਿਹੀ ਟਕੋਰ ਲਾਈ।

ਮੈਂ ਅੱਗੋਂ ਚੁੱਪ।

"ਕੀ ਗੱਲ, ਕੋਈ ਵਾਫਰ ਦੀ ਗੱਲ ਆਖੀ ਗਈ ਮੈਥੋਂ। ਮੈਂ ਤਾਂ ਭਰਾਵਾ ਸਹਿਸੁਭਾ ਹੀ ਪੁੱਛਿਆ ਸੀ। ਤੇਰਾ ਲੀੜਾ-ਕੱਪੜਾ ਐਮੇਂ ਜਿਹਾ ਹੋਇਆ ਦੇਖ ਕੇ। ਗ਼ੁੱਸਾ ਨਾ ਕਰ ਲਈਂ ਕਿਤੇ। ਊ.... ਊਂ ਰਿਹਾ ਤੂੰ ਕਿੱਥੇ ਆਂ ਐਨਾ ਚਿਰ। ਪਤਾਅ ਕਿੰਨੀਂ ਸਾਲੀਂ ਦਿਸਿਆਂ?"

"ਦੱਸਦਾਂ, ਸਾਰਾ ਕੁਝ ਦੱਸਦਾਂ। ਤੂੰ ਪਾਣੀ ਦਾ ਘੁੱਟ ਤਾਂ ਪੁੱਛ ਲਾ ਪਹਿਲਾਂ, ਘਰੇ ਹੈ ਕੋਈ ਕਿ 'ਕੱਲਾ ਈ ਬੁੱਲੇ ਲੁੱਟਦਾਂ, ਐਡੇ ਸਾਰੇ ਘਰ 'ਚ। ਕਦੋਂ ਬਣਾਇਆ ਆਹ ਐਡਾ ਸਾਰਾ ਜੁਗਾੜ। ਪਹਿਲਾਂ ਤਾਂ ਉਹੀ ਹੁੰਦਾ ਸੀ ਤੇਰੇ ਬਜ਼ੁਰਗ ਆਲ਼ਾ ਢਾਰਾ ਜਿਹਾ।"

"ਮੇਰੇ ਭਾਅ ਦਾ ਹੁਣ ਵੀ ਢਾਰਾ ਈ ਇਹ। ਇਹਨੂੰ ਕੱਚੇ ਨੂੰ ਪੱਕਾ ਕਰਦਿਆਂ ਮੇਰੇ ਅੰਗ-ਪੈਰ ਅੱਧੇ ਘਸ ਗਏ। ਛੁੱਟੀ ਵਾਲੇ ਦਿਨੀਂ ਦਿਹਾੜੀ-ਦੱਪਾ ਕਰਦਿਆਂ ਮਸਾਂ ਪੜ੍ਹਾਈ ਪੂਰੀ ਕੀਤੀ। ਫਿਰ ਨੌਕਰੀ ਮਿਲਣ 'ਤੇ ਥੋੜ੍ਹਾ ਕੁ ਸੁੱਖ ਦਾ ਸਾਹ ਆਇਆ। ਅੱਗੋਂ ਨਿੱਕੇ ਨਿਆਣੇ ਅਪਣੇ ਰੰਗ 'ਚ ਮਸਤ। ਉਹਨਾਂ ਨੂੰ ਰਾਖਵਾਂ ਕੋਟਾ ਸਿਰੇ ਲਾਉਂਦਾ ਗਿਆ, ਨਹੀਂ ਪੜ੍ਹਨ-ਪੁੜ੍ਹਨ ਨੂੰ ਐਹੋ ਜਿਹੇ ਹੀ ਸੀਗ, ਮਾਂ ਅਪਣੀ ਅਰਗੇ। ਉਪਰਲੀਆਂ ਹਵਾਵਾਂ 'ਚ ਤਾਰੀਆਂ ਲਾਉਣ ਵਾਲੇ। ਜ਼ਰਾ ਕੁ ਸਿਰ ਖੁਦ ਹੋਏ ਤਾਂ ਸ਼ਹਿਰੀਂ ਦੌੜ ਗਏ। ਅਖੇ-- 'ਹਮੇਂ ਵਿਹੜੇ ਕਾ ਮਾਡਲ ਅੱਛਾ ਨਹੀਂ ਲਗਤਾ। ਗਲ਼ੀਆਂ ਬਹੁਤ ਤੰਗ ਐ। ਮਕਾਨ ਬੇ-ਢੰਗੇ, ਬੇ-ਤਰਤੀਬੇ ਜਿਹੇ ਆ।' ਅੱਗੋਂ, ਤੈਨੂੰ ਪਤਾਅ ਮੇਰਾ ਸੁਭਾਅ ਵੀ ਕੁਰਖਤ ਜਿਹਾ ਈ ਐ। ਮੈਂ ਸਿੱਧਾ ਆਖ ਦਿੱਤਾ- 'ਜਾਓ ਪੁੱਤ, ਜਾਓ, ਜਿੱਥੇ ਜੀਅ ਕਰਦਾ ਜਾਓ। ਸ਼ਹਿਰ ਮੂੰਹ ਚੁੱਕ ਕੇ ਪਿੰਡਾਂ ਨੂੰ ਤੁਰੇ ਆਉਂਦੇ ਆ। ਕਿੱਥੇ ਲੁਕੋ ਲਓਂਗੇ ਅਪਣਾ ਆਪ! ਦੇਖਾਂਗੇ ਕਿੰਨੇ ਕੁ ਤਾਜ ਬੱਝਦੇ ਤੁਾਡੇ ਸਿਰਾਂ 'ਤੇ, ਪਿੰਡ ਛੱਡ ਕੇ। ਮੈਂ ਤਾਂ ਨਈਂ ਛੱਡਦਾ ਅਪਣਾ ਘਰ। ਮੇਰਾ ਤਾਂ ਪਿੰਡ ਈ ਮੇਰਾ ਘਰ ਆ, ਆਹ ਕਮਰੇ-ਛਮਰੇ ਤਾਂ ਐਵੇਂ ਸੜਾ-ਸਮਾਨ ਰੱਖਣ ਨੂੰ ਬਣੇ ਆਂ।"

" ਤੂੰ ਵੀ ਚਲੇ ਜਾਣਾ ਸੀ ਨਾਲ, ਐਥੇ 'ਕੱਲਾ ਫਸਿਆ ਬੈਠਾਂ। ਕਿੱਦਾਂ ਦਿਨ-ਕਟੀ ਕਰੇਂਗਾ, ਨੌਕਰੀਉਂ ਵਿਹਲਾ ਹੋ ਕੇ", ਮੇਰਾ ਇਸ਼ਾਰਾ ਉਸਦੇ ਸੇਵਾ-ਮੁਕਤੀ ਵਰ੍ਹਿਆਂ ਵੱਲ ਸੀ।

"ਫਿਕਰ ਨਾ ਕਰ, ਮੈਂ ਨਸੀਬ ਫੌਜੀ ਵਾਂਗ ਨਈਂ ਮਰਦਾ। ਮੈਨੂੰ ਕਿਹੜਾ ਉਹਦੇ ਵਾਲੀ ਬਿਮਾਰੀ ਐ ਪੀਣ ਦੀ। ਪੀਣੀ ਤਾਂ ਇਕ ਪਾਸੇ ਰਹੀ, ਮੈਨੂੰ ਤਾਂ ਇਹਦੇ ਸੁਆਦ ਦਾ ਵੀ ਇਲਮ ਨਈਂ", ਉਸਨੇ ਬੜੇ ਮਾਣ ਨਾਲ ਆਖਿਆ।

ਮੈਂ ਅੱਗੋਂ ਫਿਰ ਚੁੱਪ। ਮੈਨੂੰ ਲੱਗਾ, ਮੈਨੂੰ ਵੀ ਉਸਨੇ ਨਸੀਬ ਫੌਜੀ, ਨਸੀਬ ਚਾਚੇ ਵਾਲੇ ਖਾਨੇ 'ਚ ਸੁੱਟ ਰਖਿਆ ਐ। ਮੈਂ ਜਿਵੇਂ ਘਰੋਂ ਬੇ-ਘਰ ਹੋਇਆ, ਐਨੇ ਸਾਰੇ ਵਰ੍ਹੇ ਐਹੋ ਜਿਹੇ ਕਿਸੇ ਇੱਲਤ-ਪੰਗੇ 'ਚ ਉਲਝਿਆ ਰਿਹਾ ਹੋਵਾਂ। ਮੇਰੇ ਪਿੱਛੋਂ ਮੇਰੇ ਘਰ-ਬਾਹਰ ਦੀ, ਮੇਰੇ ਮਾਤਾ-ਪਿਤਾ ਦੀ ਪੁਲਸੀਆ ਧੌਂਸ ਕਾਰਨ ਹੋਈ ਖੱਜਲ਼-ਖੁਆਰੀ ਵੀ ਸਾਰੀ ਉਸਨੇ ਮੇਰੇ ਸਿਰ ਈ ਮੜ੍ਹੀ ਰੱਖੀ ਐ।

ਅਪਣੀ ਸ਼ੱਕ-ਨਵਿਰਤੀ ਲਈ ਮੈਂ ਅਗਲੀ ਗੱਲ ਥੋੜ੍ਹਾ ਵਲ਼ ਮਾਰ ਕੇ ਤੋਰੀ-- "ਬਾਪੂ ਤਾਂ ਦੱਸਦਾ ਕੁਝ ਨਈਂ; ਅੱਵਲ ਤਾਂ ਗੱਲ ਨਈਂ ਕਰਦਾ ਕੋਈ। ਮੈਂ ਜੇ ਪੁੱਛਾਂ ਵੀ ਤਾਂ ਟਾਲ਼ ਛੱਡਦਾ ਹੂੰ-ਹਾਂਅ ਕਰ ਕੇ। ਤੈਨੂੰ ਤਾਂ ਭਾਮੇਂ ਪਤਆ ਹੋਊ , ਕੀ ਵਾਪਰਿਆ ਸੀ ਮੇਰੇ ਪਿੱਛੋਂ?"

"ਪਤਆ ਸਭ ਨੂੰ ਆਂ, ਪਰ ਦੱਸਣ ਨੂੰ ਦਿਲ-ਗੁਰਦਾ ਚਾਹੀਦਾ। ਹੌਂਸਲਾ ਚਾਹੀਦਾ ਸੱਚ ਬੋਲਣ ਦਾ। ਸਾਰੇ ਈ ਇਹ ਮੰਨਦੇ ਸੀ ਕਿ ਬਿੰਦੂ ਨੂੰ ਕਤਲ ਕਰਨ 'ਚ, ਜ਼ੈਲੇ ਦੀ ਲੱਤ ਵੱਢਣ 'ਚ ਤੂੰ ਵੀ ਸ਼ਾਮਿਲ ਸੀ। ਲੋਕੀਂ ਕਹਿੰਦੇ ਸੀ ਹਮਲਾ ਕਰਨ ਵਾਲੀ ਟੋਲੀ, ਪੂਰਾ ਦਿਨ ਤੇਰੇ ਕੋਲ਼ ਰਹੀ। ਰਾਤੀਂ ਖੌ-ਪੀਏ ਕਾਰਾ ਕਰਨ ਤੋਂ ਪਹਿਲਾਂ, ਉਹਨਾਂ ਨਸ਼ਾ-ਪਾਣੀ ਵੀ ਪੀਤਾ ਤੇਰੇ ਕੋਲ਼ ਬੈਠ ਕੇ। ਅੱਗੋਂ ਤੂੰ ਦੱਸ ਦੇ, ਇਹਦੇ 'ਚ ਕਿੰਨਾ ਕੁ ਕੀ ਸੱਚ ਐ ਤੇ ਕਿੰਨਾ ਕੁ ਕੀ ਝੂਠ।" ਅਰਜਣ ਨੇ ਆਸ-ਪਾਸ ਤੋਂ ਸੁਣੀ-ਸੁਣਾਈ ਬਿਨਾਂ ਝਿਜਕ ਇਕ-ਟੱਕ ਉਚਾਰ ਦਿੱਤੀ।

"ਇਹਦੇ 'ਚ ਸੱਚ ਏਨਾ ਈ ਆ ਕਿ ਜਗੀਰਾ ਠਹਿਰਿਆ ਜ਼ਰੂਰ ਸੀ ਮੇਰੇ ਕੋਲ਼। ਮੇਰੇ ਨਾਲੋਂ ਵੱਧ ਅਪਣੇ ਮਾਸੀ- ਮਾਸੜ ਕੋਲ਼। ਉਹ ਕਿਸ ਕੰਮ ਆਇਆ, ਉਸਦੇ ਜੋਟੀਦਾਰਾਂ ਕੋਲ਼ ਕਿਹੜੇ ਹਥਿਆਰ ਸਨ, ਇਸਦਾ ਨਾ ਮੈਨੂੰ ਕੋਈ ਇਲਮ ਸੀ, ਨਾ ਬਾਪੂ ਨੂੰ। ਸਾਨੂੰ ਤਾਂ ਪਤਾ ਈ ਅੱਧੀ ਕੁ ਰਾਤ ਨੂੰ ਲੱਗਾ। ਗਲੀ-ਗੁਆਂਢ 'ਚ ਠਾਅ-ਠਾਅ ਦੀ ਆਵਾਜ਼ ਆਉਣ 'ਤੇ। ਅਸੀਂ ਸਾਰੇ ਜਣੇ ਅੱਭੜ-ਵਾਹੇ ਉੱਠੇ। ਜਗੀਰੇ ਹੁਰਾਂ ਦੇ ਮੰਜੇ ਖਾਲੀ ਸਨ। ਫਿਰ ਸਾਨੂੰ ਸ਼ੱਕ ਹੋਇਆ, ਸ਼ੱਕ ਨਹੀਂ ਅਸੀਂ ਪੱਕ ਸਮਝ ਲਿਆ ਜਗੀਰਾ ਬਦਲਾ ਲੈਣ ਆਇਆ ਸੀ, ਬਿੰਦੂ ਚਾਚੇ ਤੋਂ, ਜ਼ੈਲੇ ਤਾਏ ਤੋਂ। ਇਕ ਨੇ ਘਰ-ਕਮਰਾ ਖੁਰਦ-ਬੁਰਦ ਕੀਤਾ ਸੀ ਉਸਦਾ, ਦੂਜੇ ਨੇ ਖੇਤ। ਬਾਪੂ ਨੇ ਉਸੇ ਵੇਲ਼ੇ ਮੈਨੂੰ ਹੁਕਮ ਚਾੜ੍ਹ ਦਿੱਤਾ-- "ਤੂੰ ਪੁੱਤਰਾ ਅਪਣਾ ਬਚਾਅ ਕਰ। ਲਾਂਭੇ ਹੋ ਜਾ ਕਿਧਰੇ। ਮੇਰਾ ਕੋਈ ਨਈਂ। ਮੈਂ ਸਹਿ ਲਊਂ ਪੁਲਸੀਆ ਡਾਂਗਾਂ। ਅਗਲਿਆਂ ਤੈਨੂੰ ਸਿੱਧਾ ਸ਼ਾਮਿਲ ਕਰਨਾ ਦੋਨਾਂ ਕੇਸਾਂ 'ਚ। ਤੂੰ ਸੌ ਵਾਰ ਆਖੀ ਜਾਈਂ, ਜਗੀਰਾ ਮੇਰੀ ਮਾਸੀ ਦਾ ਮੁੰਡਾ। ਉਹ ਪਹਿਲੋਂ ਆਇਆਂ ਵੀ ਸਾਡੇ ਕੋਲ਼ ਹੀ ਰਿਹਾ ਸੀ। ਉਹਨਾਂ ਤੇਰੀ ਇਕ ਨੀ ਸੁਣਨੀ। ਉਹਨਾਂ ਸੱਚ-ਝੂਠ ਦੀ ਪ੍ਰਵਾਹ ਕੀਤੇ ਬਿਨਾਂ ਤੇਰੇ ਹੱਡ-ਪੈਰ ਤੋੜ ਛੱਡਣੇ", ਮੈਨੂੰ ਫਟਾ ਫਟ ਘਰੋਂ ਨਿਕਲ ਜਾਣ ਲਈ ਆਖਦੇ ਬਾਪੂ ਦੀਆਂ ਅੱਖਾਂ 'ਚ ਨਹੀਂ, ਬੋਲਾਂ 'ਚ ਵੀ ਅੱਥਰੂ ਸਨ ਉਸ ਰਾਤ।"

ਮੇਰੀ ਬੇ-ਲਾਗ ਵਾਰਤਾ ਜਿਵੇਂ ਕਾਇਲ ਕਰ ਗਈ ਸੀ, ਅਰਜਣ ਨੂੰ। ਹੁਣ, ਨਾ ਉਸਦੇ ਚਿਹਰੇ 'ਤੇ ਕੋਈ ਸ਼ਿਕਵਾ ਸੀ, ਨਾ ਸਵਾਲੀਆ ਨਿਸ਼ਾਨ। ਐਨੇ ਸਾਰੇ ਵਰ੍ਹੇ ਉਸਨੂੰ ਨਾ ਮਿਲ ਸਕਣ ਦਾ ਕਾਰਨ ਵੀ ਉਸ ਤਕ ਪੁੱਜ ਗਿਆ ਸੀ। ਅਵੇਸਲ਼ਾ ਜਿਹਾ ਮੰਜੇ 'ਤੇ ਬੈਠਾ, ਉਹ ਉੱਠ ਕੇ ਮੇਰੇ ਲਾਗੇ ਕੁਰਸੀ 'ਤੇ ਆ ਟਿਕਿਆ। ਉਸਦੀ ਥੋੜ੍ਹਾ ਕੁ ਨੀਵੇਂ ਝੁਕੀ ਨਿਗਾਹ, ਸਹਿਜ ਨਾਲ ਉਪਰ ਵੱਲ ਨੂੰ ਉੱਠੀ, ਜਿਵੇਂ ਮੈਥੋਂ ਹੋਰ ਕੁਝ ਪੁੱਛਣ ਨੂੰ ਅਹੁਲਦੀ ਹੋਵੇ। ਉਸਦੇ ਇਸ ਵਾਰ ਦੇ ਬੋਲ ਬੇ-ਹੱਦ ਧੀਮੇ ਸਨ। "ਕਿਮੇਂ ਕੱਟੇ ਐਨੇ ਸਾਰੇ ਵਰ੍ਹੇ ਘਰੋਂ ਬੇ-ਘਰ ਹੋ ਕੇ?"

"ਕੱਟਣੇ ਹੀ ਪੈਣੇ ਸੀ। ਬਾਹਰ ਨਾ ਕੱਟਦਾ, ਅੰਦਰ ਕੱਟਦਾ। ਸਾਡੇ ਮੁਲਕ ਦਾ ਤਫਤੀਸ਼ੀ ਪ੍ਰਬੰਧ, ਨਿਆਂ-ਪ੍ਰਬੰਧ ਕਿਹੜਾ ਤੈਥੋਂ ਭੁੱਲਿਆ। ਏਥੇ ਤਾਂ ਬਾਰਾਂ-ਬਾਰਾਂ ਸਾਲ ਬਿਨਾਂ ਦੋਸ਼ ਲੱਗਿਆਂ,

ਬੇ-ਕਸੂਰ ਲੋਕ ਜੇਲ੍ਹਾਂ 'ਚ ਸੜੀ-ਮਰੀ ਜਾਂਦੇ ਆ। ਜਿਹੜੇ ਦੋਸ਼ੀ ਆ, ਜਿਹਨਾਂ ਸਿਰ ਦਰਜਣਾਂ ਮੁਕੱਦਮੇਂ, ਉਹ ਰਾਜ-ਗੱਦੀਆਂ ਦਾ ਲੁਤਫ ਲੈਂਦੇ ਸਿਰੇ ਦੀ ਅਯਾਸ਼ੀ ਕਰਦੇ। ਤੇ ਮ੍ਹਾਤੜ-ਤਮ੍ਹਾਤੜ ਜਿਨ੍ਹਾਂ ਦਾ ਰੋਟੀ-ਰੋਜ਼ੀ ਤਕ ਦਾ ਵਸੀਲਾ ਵੀ ਗਿਰਵੀ ਕਰ ਲਿਆ ਜਾਏ, ਜਾਂ ਊਈਂ ਹੜੱਪ ਲਿਆ ਜਾਏ, ਉਹ ਕਿਹੜੇ ਖੂਹ 'ਚ ਡਿੱਗਣ? ਜਗੀਰੇ ਨੂੰ ਭਲਾ ਕੀ ਖੁਰਕ ਖਾਂਦੀ ਸੀ ਕਿ ਉਹ ਅਪਣੇ ਹੀ ਤਾਇਆਂ ਚਾਚਿਆਂ ਦਾ ਕਾਤਲ ਬਣੇ! ਉਹਨੂੰ ਨਿੱਕੇ ਹੁੰਦੇ ਨੂੰ ਜਿਨ੍ਹਾਂ ਕੁੱਛੜ-ਘਨੇੜੀ ਚੁੱਕੀ ਰੱਖਿਆ, ਬਾਲ-ਉਮਰੇ ਕੁਤਕੁਤਾੜੀਆਂ ਕੱਢੀਆਂ, ਲੁਕਣਮੀਚੀ ਖੇਲ੍ਹੀ, ਉਹੀ ਉਹਨਾਂ ਦੇ ਖੂਨ 'ਚ ਖੇਲ੍ਹੇ...?

ਮੈਨੂੰ ਸਾਹ ਲੈਣ ਲਈ ਰੁਕੇ ਨੂੰ ਲੱਗਾ ਕਿ ਮੈਂ ਕੁਝ ਲੋੜੋਂ ਵੱਧ ਬੋਲ ਗਿਆਂ। ਅਰਜਣ ਨੇ ਤਾਂ ਮੈਨੂੰ ਘਰੋਂ ਬਾਹਰ ਰਹਿਣ ਦੇ ਹੀਲਿਆਂ-ਵਸੀਲਿਆਂ, ਥਾਂ-ਟਿਕਾਣਿਆਂ ਬਾਰੇ ਪੁੱਛਿਆ ਸੀ ਸ਼ਾਇਦ। ਉਸ ਪਾਸੇ ਦੀ ਤਾਂ ਮੈਥੋਂ ਲੜੀ ਵੀ ਅਜੇ ਨਹੀਂ ਸੀ ਫੜੀ ਗਈ।

ਅਰਜਣ ਦੀ ਪੁੱਛ ਨੂੰ ਭਾਵਪੂਰਨ ਬਣਾਉਣ ਲਈ ਮੈਂ ਪਿਛਲੇ ਕਰੀਬ ਅਠਾਰਾਂ ਕੁ ਵਰ੍ਹਿਆਂ ਨੂੰ ਬਣਦੀ-ਸਰਦੀ ਤਰਤੀਬ ਦੇ ਲਈ। ਇਹਨਾਂ ਅੰਦਰ ਵਾਪਰੇ, ਰਲ਼ਗੱਡ ਹੋਏ ਵਰਤਾਰੇ ਨੂੰ ਥੋੜ੍ਹਾ ਕੁ ਲੜੀਬੱਧ ਕਰਦਿਆਂ ਮੈਂ ਸਹਿਜ ਨਾਲ ਦੱਸਿਆ, "ਗੁਪਤਵਾਸ ਰਹਿਣ ਲਈ ਮੈਨੂੰ ਕਈ ਸਾਰੇ ਪਾਪੜ ਵੇਲਣੇ ਪਏ। ਕਈ ਵਾਰ ਸ਼ਕਲਾਂ ਬਦਲੀਆਂ। ਮੇਰਾ ਮੂੰਹ-ਸਿਰ ਕਦੀ ਘੋਨ-ਮੋਨ ਹੁੰਦਾ ਸੀ, ਕਦੀ ਸਜਦਾ-ਫੱਬਦਾ ਸਿੱਖੀ ਸਰੂਪ। ਕਦੀ ਭਗਵਾਂਧਾਰੀ ਹੁੰਦਾ ਸੀ, ਕਦੀ ਸੁਆਹ-ਧਾਰੀ ਜਟਾਜੂ। ਰੁਕਣ-ਠਹਿਰਨ ਲਈ ਮੈਨੂੰ ਦੂਰ-ਨੇੜੇ ਦੇ ਡੇਰੇ-ਦੁਆਰੇ ਸ਼ਰਨ ਦਿੰਦੇ ਰਹੇ।"

ਅਰਜਣ ਨੂੰ ਮੇਰੀ ਸਪਸ਼ਟ-ਬਿਆਨੀ ਚੰਗੀ ਲੱਗੀ ਸੀ ਸ਼ਾਇਦ। ਮੈਨੂੰ ਵਿਚਕਾਰੋਂ ਰੋਕਦਿਆਂ ਉਹਨੇ ਡੇਰਾ-ਪ੍ਰਬੰਧ ਦੀ ਮੁੱਢਲੀ ਕਾਰਗੁਜ਼ਾਰੀ ਨਾਲ ਜੋੜ ਦਿੱਤੀ-- "ਇਕੱਲਾ ਤੂੰ ਈ ਨਹੀਂ ਬੜੀਆਂ ਕਿਸਮਾਂ ਦੇ ਲੋਕੀਂ ਡੇਰੀਂ-ਦੁਆਰੀਂ ਸ਼ਰਨ ਲੈਂਦੇ ਆ, ਚੰਗੇ ਵੀ ਮਾੜੇ ਵੀ। ਨਾਥਾਂ-ਜੋਗੀਆਂ ਤੋਂ ਸ਼ੁਰੂ ਹੋਇਆ ਡੇਰਾ-ਇਤਿਹਾਸ ਸੂਫੀਆਂ, ਉਦਾਸੀਆਂ, ਸੁਥਰਿਆਂ, ਨਿਰਮਲਿਆਂ, ਸੇਵਾ-ਪੰਥੀਆਂ ਆਦਿ ਦੇ ਪ੍ਰਚਾਰ-ਕੇਂਦਰਾਂ ਵਜੋਂ ਵਿਚਰਦਾ ਰਿਹਾ। ਪਰ ਹੁਣ...ਹੁਣ ਜੋ ਕੁਝ ਹੈਅ, ਤੇਰੇ ਸਾਹਮਣੇ ਈ ਐ। ਹੁਣ ਤਾਂ ਇਹ ਸਿੱਖਿਆ-ਕੇਂਦਰਾਂ ਦੀ ਥਾਂ ਕਮਾਈ-ਸਾਧਨਾਂ 'ਚ ਤਬਦੀਲ ਹੋ ਗਏ ਲੱਗਦੇ। ਭਾਂਤ-ਸੁਭਾਂਤੀ ਜਾਤ-ਬਰਾਦਰੀਆਂ ਸਭ ਅਪਣਾ ਅਪਣਾ ਰਾਗ ਅਲਾਪੀ ਜਾਂਦੀਆਂ। ਸਾਡੇ ਮੁਲਕ ਦੀ ਸਿੱਖਿਆ-ਪ੍ਰਣਾਲੀ ਸਮੇਤ ਵਿਹਲੜ ਕਿਸਮ ਦੀ ਕਿੰਨੀ ਸਾਰੀ ਮੁਢੀਰ ਵੀ ਇਸ ਦੇ ਬੇ-ਤਰਤੀਬੇ ਵਾਧੇ ਲਈ ਜ਼ੁੰਮੇਵਾਰ ਹੈ। ਹੁਣ ਤਾਂ ਸੁਣਿਆ ਇਕੱਲੇ ਪੰਜਾਬ 'ਚ ਹੀ ਇਹਨਾਂ ਦੀ ਗਿਣਤੀ ਨੌਂ ਹਜ਼ਾਰ ਤੋਂ ਉਪਰ ਟੱਪੀ ਪਈ ਐ।"

ਉਸਦੀ ਇਹ ਟਿੱਪਣੀ ਮੈਨੂੰ ਹੱਡੀਂ ਹੰਢਾਏ ਅਭਿਆਸ ਨਾਲ ਜੁੜਦੀ ਜਾਪੀ। ਮੈਂ ਝੱਟ ਦੇਣੀ ਇਸਦਾ ਸਪਸ਼ਟੀਕਰਨ ਨਾਲ ਜੋੜ ਦਿੱਤਾ-- "ਕਿਸੇ ਸਿਰ ਬੋਝ ਬਣਨ ਦੀ ਥਾਂ, ਮੈਂ ਉਹਨਾਂ ਦੇ ਖੇਤਾਂ, ਡੇਅਰੀ ਫਾਰਮਾਂ 'ਚ ਡਟਮਾਂ ਕੰਮ ਕਰਦਾ ਰਿਹਾ। ਇਉਂ ਮੈਂ ਪੁਲਸੀਆ ਸ਼ਿਕੰਜੇ ਤੋਂ ਵੀ ਬਚਿਆ ਰਿਹਾ, ਤੇ...ਤੇ ਵੇਲ਼ੇ-ਕੁਵੇਲ਼ੇ ਮਾਤਾ-ਪਿਤਾ ਵੀ ਮਿਲ ਆਉਂਦੇ ਸੀ ਮੈਨੂੰ।"

ਅਰਜਣ ਦਾ ਉਪਰ-ਹੇਠਾਂ ਹਿਲਦਾ ਸਿਰ ਮੇਰੇ ਲਈ ਹਾਂ-ਵਾਚੀ ਹੁੰਗਾਰਾ ਸੀ। ਮੈਂ ਅਪਣੀ ਵਿਥਿਆ ਬੇ-ਰੋਕ ਜਾਰੀ ਰੱਖੀ, "ਸੱਚ ਦੱਸਾਂ ਅਰਜਣਾ, ਬਾਪੂ ਦੀ ਪੁਲੀਸ ਹੱਥੋਂ ਹੁੰਦੀ ਬੇ-ਪਤੀ, ਮਾਰ-ਕੁੱਟ ਤੋਂ ਅੱਕੇ-ਖਿਝੇ ਦਾ ਵਿਚ-ਵਾਰ ਮੇਰਾ ਵੀ ਜੀਅ ਕਰਦਾ ਸੀ, ਕਿ ਮੈਂ ਵੀ ਜਗੀਰੇ ਵਾਲੇ ਰਾਹ ਤੁਰ ਕੇ ਦੋਂਹ-ਚਹੁੰ ਦਾ ਫਸਤਾ ਵੱਢ ਦਿਆਂ। ਓਥੇ ਕਿਹੜੀ ਘਾਟ ਸੀ ਗੈਂਗਸਟਰਾਂ ਦੀ। ਉਹ ਤਾਂ ਸਗੋਂ ਲੱਭਦੇ ਫਿਰਦੇ ਸਨ ਮੇਰੇ ਵਰਗੇ ਲਾਚਾਰ ਬੰਦਿਆਂ ਨੂੰ। ਪਰ ਬਾਪੂ ਨੇ ਮੈਨੂੰ ਇਸ ਲੀਹੇ ਨਹੀਂ ਸੀ ਚੜ੍ਹਨ ਦਿੱਤਾ। ਇਹੋ ਕਹਿੰਦਾ ਰਿਹਾ- 'ਨਾ, ਨਾ ਏਹ ਕੰਮ ਨੀ ਕਰਨਾ, ਕਿਸੇ ਗੈਂਗੀਆ ਟੋਲੇ ਨਾਲ ਨਈਂ ਰਲ਼ਣਾ। ਏਹ ਸਭ ਚਾਲਬਾਜ਼ ਲੋਕਾਂ ਦੀਆਂ ਕਰਤੂਤਾਂ।" ਮੈਨੂੰ ਧਰਵਾਸ ਦੇਣ ਲਈ ਉਹ ਹਰ ਵਾਰ ਕਿਹਾ ਕਰਦਾ ਸੀ-- "ਫਿਕਰ ਨਾ ਕਰ ਤੂੰ, ਕੁਛ ਨਈਂ ਲੱਭਾ ਪੁਲੀਸ ਨੂੰ । ਕੇਸ ਛੇਤੀ ਈ ਮੁੱਕ ਜਾਣਾ। ਤੂੰ ਥੋੜ੍ਹਾ ਕੁ ਚਿਰ ਹੋਰ ਕੱਟ ਔਖਾ ਸੌਖਾ।"

ਅਪਣੀ ਵੱਲੋਂ ਬਣਦੀ ਸਰਦੀ ਸਫਾਈ ਦੇ ਕੇ ਮੈਂ ਅਰਜਣ ਨੂੰ ਕਿਹਾ, "ਲੈਅ...ਹੁਣ ਮੈਂ ਤੇਰੇ ਸਾਹਮਣੇ ਆਂ, ਚੰਗਾ ਜਾਂ ਮਾੜਾ ਤੂੰ ਆਪ ਫੈਸਲਾ ਕਰ ਲਾਆ।"

ਅਰਜਣ ਦੇ ਚਿਹਰੇ 'ਤੇ ਪਹਿਲਾਂ ਵਰਗੀ ਚੰਚਲਤਾ ਨਹੀਂ ਸੀ ਰਹੀ। ਉਸਦੇ ਆਪ-ਮੁਹਾਰੇ ਬੋਲ ਗਹਿਰ-ਗੰਭੀਰ ਸੁਰ 'ਚ ਬਦਲ ਗਏ-- "ਤੂੰ...ਤੈਨੂੰ ਤਾਂ ਖਾਹ-ਮਖਾਹ ਦਾ ਹੀ ਬਨਵਾਸ ਕੱਟਣਾ ਪਿਆ ਫਿਰ। ਬਿਨਾਂ ਕਿਸੇ ਕਸੂਰ ਦੇ ਸਜ਼ਾ ਭੁਗਤਣੀ ਪਈ, ਇਕ ਤਰ੍ਹਾਂ ਦੀ। ਥੋੜ੍ਹਾ ਕੁ ਰੁਕਦੇ ਨੇ ਉਸਨੇ ਅਪਣੇ ਮੇਚ ਦੀ ਗੱਲ ਫਿਰ ਤੋਂ ਛੇੜ ਲਈ-- "ਦੇਖ ਲਾਆ, ਬੰਦੇ ਦੀ ਅੰਦਰਲੀ ਬਾਹਰਲੀ ਬਣਤਰ 'ਚ ਕਿੰਨਾ ਫਰਕ ਐ। ਬਾਹਰੋਂ ਸਭ ਬਰਾ-ਬਰਾਬਰ ਦਿੱਸਦੇ ਆ। ਇਕੋ ਤਰ੍ਹਾਂ ਦੇ ਅੰਗ-ਪੈਰ, ਲੱਤਾਂ-ਬਾਹਾਂ, ਨੱਕ-ਮੂੰਹ। ਪਰ, ਅੰਦਰਲੀ ਬਣਤਰ ਸਿਰੇ ਦੀ ਉਲਟ-ਪੁਲਟ। ਕਿਸੇ ਇਕ ਦੀ ਸਮਝ ਦੂਜੇ ਨਾਲ ਨਈਂ ਰਲ਼ਦੀ। ਸਭ ਦੇ ਅਪਣੇ ਅਪਣੇ ਰਾਹ, ਅਪਣੀ ਅਪਣੀ ਦੌੜ। ਕੋਈ ਕਿਸੇ ਨੂੰ ਰੋਟੀ ਖਾਂਦਾ ਦੇਖ ਕੇ ਰਾਜੀ ਨਈਂ। ਤੂੰ ਅਪਣੀ ਅਲਾਂ ਈ ਦੇਖ ਲਾਅ, ਅਪਣੇ ਤਾਇਆਂ-ਚਾਚਿਆਂ, ਭੈਣਾਂ-ਭਰਾਵਾਂ ਅਲਾਂ। ਇਕ ਖੂਨ ਦੀ ਔਲਾਦ ਆ ਸਾਰੇ, ਨਿਹਾਲੇ ਬਾਬੇ ਦੀ। ਪਤਆ ਈ ਹੋਣਾ ਤੈਨੂੰ?" ਮੈਂ ਅੱਗੋਂ ਲਾਜਵਾਬ। "ਨਈਂ ਪਤਆ. ਲੈਅ ਦੱਸਦਾਂ, ਸੁਣ। ...ਕਹਿੰਦੇ, ਦੇਵਤਾ ਬੰਦਾ ਸੀ ਨਿਹਾਲਾ ਬਾਬਾ। ਹਰ ਇਕ ਦੇ ਕੰਮ ਆਉਣ ਵਾਲਾ। ਪਤਾ ਨਈਂ ਕਿੱਥੋਂ ਆ ਟਿਕਿਆ ਸੀ ਐਥੇ। ਅੱਗੋਂ ਏਥੇ ਉਜਾੜ ਬੀਆਬਾਨ। ਕਹਿੰਦੇ ਇਕ ਬੌਲੀ ਹੁੰਦੀ ਸੀ ਐਹਨਾਂ ਖੇਤਾਂ 'ਚ ਕਿਧਰੇ। ਹੁਣ ਤਾਂ ਪੂਰ ਛੱਡੀ ਆ ਕਾਲੋਨੀ ਵਾਲਿਆਂ। ਆਲ਼ੇ-ਦੁਆਲ਼ੇ ਦੇ ਲੋਕੀਂ ਪਾਣੀ ਲੈਂਦੇ ਸੀ ਇੱਥੋਂ। ਉਹਦੇ ਮਨ 'ਚ ਪਤਾ ਨਈਂ ਕੀ ਆਈ, ਉਹਨੇ ਕਾਹੀ-ਸਲਵਾੜ੍ਹ ਨੂੰ ਕੁੱਟ-ਵਗਲ਼ ਕੇ ਲੱਜ ਬਣਾ ਲਈ। ਫਿਰ ਕਿਧਰੋਂ ਕੁੱਜਾ-ਘੜਾ ਲੱਭ ਲਿਆਂਦਾ। ਉਹ ਲੰਘਦੇ-ਵੜਦੇ ਰਾਹੀਆਂ ਨੂੰ ਵੀ ਪਾਣੀ ਪਲ਼ਾਉਂਦਾ ਰਿਹਾ ਤੇ ਖੇਤੀਂ ਵਗਦੇ ਪਸ਼ੂਆਂ ਨੂੰ ਵੀ। ਸੁਣਿਆ, ਸ਼ਿਕਾਰ ਖੇਲ੍ਹਦਾ ਐਥੋਂ ਦਾ ਰਾਜਾ ਵੀ ਇਕ ਦਿਨ ਆ ਰੁਕਿਆ ਉਸ ਕੋਲ਼। ਉਹਨੇ ਠੰਡਾ ਜਲ ਪੀਤਾ ਤੇ ਖੁਸ਼-ਪ੍ਰਸੰਨ ਹੋਏ ਨੇ ਐਥੋਂ ਵਾਲੇ ਟਿੱਬਿਆਂ ਵਿਚਕਾਰਲੀ ਸਾਰੀ ਜ਼ਮੀਨ, ਸਾਰੇ ਟਿੱਬੇ ਨਿਹਾਲੇ ਬਾਬੇ ਦੇ ਨਾਂਅ ਲੁਆ ਦਿੱਤੇ। ਅਗਲੇ ਹੀ ਦਿਨ ਅਪਣੇ ਹਰਮ ਦੀਆਂ ਕਈ ਸਾਰੀਆਂ ਦਾਸੀਆਂ ਵਿਚੋਂ ਇਕ ਜਣੀ ਇਹਦੀ ਸੇਵਾ ਲਈ ਭੇਜ ਦਿੱਤੀ।" ਫਿਰ,ਫਿਰ ਆਪ ਸੁਣਾਈ ਸਾਖੀ 'ਤੇ ਝੱਟ ਹੀ ਸ਼ੱਕ ਵੀ ਪ੍ਰਗਟਾਅ ਛੱਡੀ-- "ਇਹਦੇ 'ਚ ਕਿੰਨਾ ਸੱਚ ਐ, ਕਿੰਨਾ ਨਹੀਂ, ਇਹਦੇ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਨਿਹਾਲੇ ਬਾਬੇ ਦੇ ਨਾਂ ਚੜ੍ਹੇ ਸੈਂਕੜੇ ਖੇਤਾਂ ਦਾ ਰੀਕਾਰਡ ਜ਼ਰੂਰ ਹੈਗਾ ਮਾਲ ਮਹਿਕਮੇ ਕੋਲ਼। ਉਂਝ, ਇਸ ਰੀਕਾਰਡ ਦਾ ਬਦਲਵਾਂ ਵੇਰਵਾ ਵੀ ਦਰਜ ਐ, ਇਤਿਹਾਸ 'ਚ।" ਅਰਜਣ ਹੁਣ ਗਹਿਰ-ਗੰਭੀਰ ਸੀ-- "ਗੋਬਿੰਦ ਗੁਰੂ ਵੱਲੋਂ ਅਲਾਟ ਹੋਏ ਮਿਸ਼ਨ ਨੂੰ ਪੂਰਾ ਕਰਦਿਆਂ, ਜਿਹਨਾਂ ਕਾਸ਼ਤਕਾਰ ਵੀਰਾਂ ਨੇ ਰੂਹ-ਜਾਨ ਇਕ ਕੀਤੀ, ਬੰਦਾ ਸਿੰਘ ਬਹਾਦਰ ਨਾਲ, ਉਹਨਾਂ ਵੱਲੋਂ ਰੋਜ਼ੀ-ਰੋਟੀ ਲਈ ਵਾਹੇ ਖੇਤ ਸੂਰਬੀਰ ਸਰਦਾਰ ਨੇ ਪੱਕੇ-ਠੱਕੇ ਹੀ ਚਾੜ੍ਹ ਦਿੱਤੇ ਸਨ ਉਹਨਾਂ ਦੇ ਨਾਂ।...ਸੱਚ ਕੋਈ ਵੀ ਹੋਵੇ, ਨਿਹਾਲੇ ਬਾਬੇ ਦੇ ਨਾਂ 'ਤੇ ਵਸੇ ਇਸ ਪਿੰਡ ਦੇ ਪੈਂਤੀ-ਚਾਲ਼ੀ ਘਰ ਤੁਸੀਂ ਓਸੇ ਬਜ਼ੁਰਗ ਦੀ ਉਲਾਦ ਓਂ। ਅਸੀਂ, ਸਾਡੇ ਵੱਡੇ-ਵਡੇਰੇ ਤਾਂ ਆਸ-ਪਾਸ ਤੋਂ ਆਏ ਆ ਇਸ ਥਾਂ। ਖੇਤਾਂ-ਪੈਲ਼ੀਆਂ 'ਚ ਮਿਹਨਤ-ਮਜ਼ਦੂਰੀ ਕਰਨ। ਤੁਹਾਡੀ ਹਲ਼ਵਾਹਕਾਂ ਦੀ, ਕਾਸ਼ਤਕਾਰਾਂ ਦੀ ਇਮਦਾਦ ਕਰਨ।"

ਅਰਜਣ ਪਾਸੋਂ ਮਿਲੀ ਜਾਣਕਾਰੀ ਸੱਚ-ਮੁੱਚ ਨਵੀਂ ਸੀ ਮੇਰੇ ਲਈ। ਮੇਰਾ, ਅਪਣੇ ਪੁਰਖਿਆਂ-ਵੰਸ਼ਾਂ ਵੱਲ ਕਦੇ ਧਿਆਨ ਨਹੀਂ ਸੀ ਗਿਆ। ਨਾ ਪਿੰਡਾਂ-ਸ਼ਹਿਰਾਂ ਦੇ ਵਸਣ-ਵਿਗਸਣ ਦੇ ਤੌਰ-ਤਰੀਕਿਆਂ ਵੱਲ। ਨੌਵੀਂ ਜਮਾਤ ਪਾਸ ਕਰਨ ਤਕ ਵੀ ਕਿਸੇ ਅਧਿਆਪਕ ਨੇ ਕਦੀ ਐਹੋ ਜਿਹਾ ਪਾਠ ਕਿਸੇ ਪਾਠ-ਕਿਰਿਆ ਵਿਚ ਸ਼ਾਮਿਲ ਨਹੀਂ ਸੀ ਕੀਤਾ। ਮੈਂ ਅਪਣੀ ਅਣਜਾਣਤਾ ਢਿੱਲੇ ਜਿਹੇ ਮੂੰਹ ਨਾਲ ਦੱਸ ਦਿੱਤੀ ਅਰਜਣ ਨੂੰ -- "ਮੈਨੂੰ ਹੈਅ ਨਈਂ ਐਹੋ ਜਿਹਾ ਕੋਈ ਵੀ ਇਲਮ। ਨਾ ਈ ਕਿਧਰੇ ਪੜ੍ਹਿਆ ਈ ਐ ਐਹੋ ਜਿਹਾ 'ਤਹਾਸ। ਮੈਂ ਤਾਂ ਬੱਸ ਆਮ-ਸਧਾਰਨ ਮੁੰਡਿਆਂ ਵਾਂਗ ਘਰੋਂ

ਸਕੂਲ, ਸਕੂਲੋਂ ਘਰ। ਬਚਦਾ ਟੈਮ ਖੇਤਾਂ ਪੈਲ਼ੀਆਂ...।"

"ਖੇਤਾਂ-ਪੈਲ਼ੀਆਂ ਨਾਲ ਤਾਂ ਸਿੱਧਾ ਸੰਬੰਧ ਐ ਇਹਨਾਂ ਗੱਲਾਂ ਦਾ", ਅਰਜਣ ਨੇ ਮੈਨੂੰ ਵਿਚਕਾਰੋਂ ਟੋਕ ਲਿਆ। "ਪਰ, ਲੱਭਣੀਆਂ ਪੈਂਦੀਆਂ ਸਕੂਲੋਂ ਬਾਹਰੇ ਸਿਲੇਬਸ ਵਿਚੋਂ। ਮਨੁੱਖੀ ਨਸਲ ਦੇ ਹੋਣ-ਵਿਗਸਣ ਦੇ ਇਤਿਹਾਸ 'ਚੋਂ।" ਨਾਲ ਹੀ ਉਸ ਨੇ ਇਸ ਦੀ ਥੋੜ੍ਹੀ ਕੁ ਤਫਸੀਲ ਵੀ ਜੋੜ ਦਿੱਤੀ-- "ਇਹ ਹੋਂਦ-ਹੋਣੀ ਜੰਗਲ਼ਾਂ-ਬੇਲਿਆਂ 'ਚੋਂ ਨਿਕਲ ਕੇ ਦਰਿਆ- ਕੰਢੇ ਹਥਿਆਉਣ, ਛੋਟੇ-ਛੋਟੇ ਖੇਤ-ਖੱਤਿਆਂ ਦੀ ਵੱਡੇ ਫਾਰਮਾਂ 'ਚ ਤਬਦੀਲੀ, ਅਗਾਂਹ ਰਾਜਿਆਂ-ਰਜਵਾੜਿਆਂ ਦੀ ਲਗੜ-ਦੌੜ, ਵੱਖ-ਵੱਖ ਯੁਗ-ਨਾਵਾਂ ਹੇਠ ਅੰਕਤ ਹੋਈ, ਸਭ ਧਰਤ-ਮਾਲਕੀ ਦੁਆਲ਼ੇ ਈ ਘੁੰਮੀਂ ਐ।" ਜ਼ਰਾ ਕੁ ਰੁਕ ਕੇ ਉਹ ਮੈਨੂੰ ਮੁਖਾਤਿਬ ਸੀ-- "ਤੈਨੂੰ ਪਤਆ ਗ਼ਾਰਾਂ-ਗੁਫਾਮਾਂ ਦੇ ਸਿਰ ਢਕਣ ਤੋਂ ਸ਼ੁਰੂ ਹੋ ਕੇ ਅੱਜ ਦੇ ਰਾਜ-ਮਹਿਲਾਂ ਤਕ ਪੁੱਜੇ ਮਨੁੱਖ ਦੇ ਰਿਹਾਇਸ਼ੀ ਸਫਰ ਨੇ ਕਿੰਨੇ ਪੜਅਾ ਪਾਰ ਕੀਤੇ ਐ?" ਮੈਂ ਅੱਗੋਂ ਫਿਰ ਚੁੱਪ। ਦੱਸਦਾ ਵੀ ਕੀ! ਡੇਰਿਆਂ-ਦੁਆਰਿਆਂ 'ਚ ਵਿਕਸਤ ਹੋਈ ਸੋਝੀ, ਉਹਨਾਂ ਦੀ ਚਾਰ-ਦੀਵਾਰੀ ਤੋਂ ਬਾਹਰ ਹੀ ਨਈਂ ਸੀ ਗਈ। ਸਵੇਰੇ-ਸ਼ਾਮੀਂ ਢੋਲਕੀਆਂ-ਛੈਣੇ, ਦਿਨੇ ਕੰਮਕਾਰ। ਰਾਤ ਦੀ ਬੇ-ਸੁਰਤੀ 'ਚ ਕਦੀ ਘਰ ਯਾਦ ਆਉਂਦਾ ਰਿਹਾ, ਕਦੀ ਮਾਤਾ-ਪਿਤਾ।

ਬਾਪੂ ਦਾ ਹੁਕਮ ਮੰਨ ਕੇ ਮੈਨੂੰ ਪਹਿਲੀ ਸ਼ਰਨ, ਨਿਰਮਲ-ਕੁਟੀਆ 'ਚ ਲੈਣੀ ਪਈ। ਇਹ ਸੀ ਤਾਂ ਪਿੰਡੋਂ ਥੋੜ੍ਹਾ ਕੁ ਹਟਵੀਂ, ਪਰ ਪਿੰਡ ਦੇ ਕਈ ਸਾਰੇ ਘਰਾਂ ਦਾ ਆਉਣਾ-ਜਾਣਾ ਸੀ ਇਥੇ। ਸੱਜਰ-ਸੂਈ ਮੱਝ-ਗਾਂ ਦਾ ਪਹਿਲਾ ਸੀਰ ਸਭ ਜਣੇ ਇਥੇ ਹੀ ਚਾੜ੍ਹਦੇ ਸਨ। ਮੱਸਿਆ-ਸੰਗਰਾਂਦਾਂ ਤੋਂ ਇਲਾਵਾ ਵਰ੍ਹੇ-ਛਿਮਾਹੀ ਮੇਲੇ ਵੀ ਲੱਗਦੇ। ਪੁਗਾਰ-ਰੁੱਤੀਂ ਛਿੰਝਾਂ ਵੀ ਕਰਵਾਈਆਂ ਜਾਂਦੀਆਂ, ਵੱਡੀਆਂ। ਮੈਂ ਵੱਡੇ ਸੰਤਾਂ ਤੋਂ ਆਗਿਆ ਲੈ ਕੇ ਥੋੜ੍ਹਾ ਕੁ ਚਿਰ ਇਥੇ ਰਿਹਾ, ਪਰ ਕਿੰਨਾ ਕੁ ਲੁਕਦਾ ਪਿੰਡ ਦੇ ਵਾਕਿਫਕਾਰਾਂ ਤੋਂ! ਆਖਿਰ ਮੈਨੂੰ ਅਗਲੇ ਅੱਡੇ ਜਾਣਾ ਪਿਆ। ਫਿਰ ਚੁਸਤੀ-ਫੁਰਤੀ ਨਾਲ ਹੋਰ ਅਗਲੇ, ਫਿਰ ਉਸ ਤੋਂ ਅਗਲੇ," ਮੈਂ ਅਪਣੀ ਵੱਲੋਂ ਥੋੜ੍ਹੀ ਕੁ ਸ਼ੇਖੀ ਮਾਰੀ।

"ਤੂੰ ਤਾਂ ਅਗਲੇ ਤੋਂ ਅਗਲੇਰੇ ਡੇਰੇ ਪੁੱਜ ਕੇ ਬਚਾ ਲਿਆ ਅਪਣਾ ਆਪ, ਐਧਰ ਦੇਖ ਲ਼ਾਅ ਪਿੰਡ ਸਾਰਾ ਚੜ੍ਹ ਗਿਆ ਨਾ ਹਰਨਾਂ ਦੇ ਸਿੰਗੀਂ। ਵਿਕ ਗਿਆ ਨਾ ਟੋਟੇ-ਟੋਟੇ ਹੋ ਕੇ। ਸ਼ਹਿਰ ਆਲ਼ਾ ਪਾਸਾ ਤਾਂ ਚਿਰ ਹੋਇਆ ਨੱਪ ਲਿਆ ਸੀ ਮੰਡੀ-ਬੋਰਡ ਨੇ, ਥੜ੍ਹਿਆਂ-ਸ਼ੈੱਡਾਂ, ਅਨਾਜ ਸਟੋਰਾਂ ਲਈ। ਡੇਰੇ ਪਿੱਛੋਂ ਚੜ੍ਹਦੇ ਬੰਨੇ ਦੇ ਉੱਚੇ-ਨੀਵੇਂ ਟਿੱਬੇ ਸਭ ਭੱਠੇ ਵਾਲਿਆਂ ਦੱਬ ਲਏ। ਲਹਿੰਦਾ ਵੰਨਾ, ਹੁਣ ਸ਼ੂਗਰ-ਸ਼ਰਾਬ ਮਿੱਲ ਆਲਿਆਂ ਦੀ ਮਲਕੀਅਤ ਆ। ਫਿਰਨੀ ਤੋਂ ਲੈ ਕੇ ਦਰਿਆ ਕੰਢੇ ਤਕ ਆਹ ਦੱਖਣੀ ਵਾਹੀ ਬਚੀ ਸੀ ਥੋੜ੍ਹਾ ਕੁ ਚਿਰ, ਉਹ ਵੀ ਕਾਲੋਨੀ ਵਾਲਿਆਂ ਨੇ ਖਰੀਦ ਲਈ ਹੁਣ। ਬਾਕੀ ਕੀ ਬਚਿਆ, ਠੁਣ- ਠੁਣ ਗੁਪਾਲ!" ਅਰਜਣ ਦਾ ਦਰਦ ਸੀ ਕਿ ਗਿਲਾ, ਤਨਜ਼ ਸੀ ਜਾਂ ਟਕੋਰ, ਮੈਨੂੰ ਇਸ ਗੱਲ ਦੀ ਸਮਝ ਨਾ ਲੱਗੀ। ਫਿਰ, ਆਪ ਹੀ ਉਸ ਨੇ ਇਸ ਤੋਂ ਵੀ ਮੈਨੂੰ ਜਿਵੇਂ ਦੋਸ਼-ਮੁਕਤ ਕਰ ਦਿੱਤਾ। "ਤੂੰ ਵੀ ਕੀ ਕਰ ਲੈਣਾ ਸੀ!.... ਕਿੱਦਾਂ ਬਚਾ ਲੈਂਦਾ ਪਿੰਡ ਨੂੰ! ਜਦ ਵੇਚਣ ਆਲ਼ੇ ਬਗ਼ਲਾਂ ਬਜਾਉਂਦੇ ਫਿਰਦੇ ਹੋਣ ਧਰਤੀ-ਮਾਂ ਦਾ ਮੁੱਲ ਵੱਟ ਕੇ!"

ਥੋੜ੍ਹਾ ਕੁ ਰੁਕ ਕੇ ਉਸ ਨੇ ਆਪ ਤੋਰੀ ਵਾਰਤਾ ਕੁਝ ਕੁ ਬਦਲਵੇਂ ਪਾਸੇ ਮੋੜ ਲਈ-- "ਉਂਝ ਇਕ ਗੱਲੋਂ ਉਹ ਵੀ ਸੱਚੇ ਆ। ਖੇਤਾਂ ਦੇ ਧੂੜ-ਘੱਟੇ ਨਾਲੋਂ ਵਣਜ-ਵਪਾਰ 'ਚ ਸੌਖਿਆਂ ਰੋਟੀ-ਫੁਲਕਾ ਤੁਰਦਾ। ਤੇਰੇ ਕਈ ਚਾਚੇ-ਤਾਏ, ਭੈਣ-ਭਾਈ ਦੁਕਾਨਦਾਰੀ 'ਚ ਪੈ ਗਏ, ਬਹੁਤੇ ਮੁਲਕ ਛੱਡ ਗਏ। ਜਿਹੜੇ ਬਚੇ ਆ ਉਹ ਨਾ ਜਿਉਂਦਿਆਂ 'ਚ ਨਾ ਮੋਇਆਂ 'ਚ। ਉਹਨਾਂ ਦੇ ਸਿਰ 'ਤੇ ਕਾਰਪੋਰੇਟ ਚੜ੍ਹਿਆ ਆਉਂਦਾ।"

ਅਰਜਣ ਮੂਹੋਂ ਅਜੀਬ ਜਿਹਾ ਸ਼ਬਦ ਸੁਣ ਕੇ ਮੈਂ ਹੈਰਾਨ! ਇਹ ਹੈਰਾਨੀ ਮੇਰੀ ਅਗਿਆਨਤਾ ਕਾਰਨ ਵੀ ਸੀ ਤੇ ਉਸਦੀ ਵਿਦਵਤਾ, ਉਸਦੀ ਸਮਝ-ਸੂਝ ਕਾਰਨ ਵੀ। ਨਸੀਬੇ ਚਾਚੇ ਦੇ ਗੱਡੇ 'ਤੇ ਰੇਤ-ਮਿੱਟੀ ਲੱਦਣ-ਲਾਹੁਣ ਤੋਂ ਲੈ ਕੇ ਅਧਿਆਪਕੀ ਕਿੱਤੇ ਤਕ ਦਾ ਸਫਰ, ਅਗਾਂਹ ਐਵੇਂ-ਕਿਵੇਂ

ਦੀ ਉਲਾਦ ਨੂੰ ਪੜ੍ਹਾ-ਲਿਖਾ ਕੇ ਸ਼ਹਿਰੀਂ ਵਸਣ ਜੋਗਾ ਕਰਨ ਲਈ ਉਸਦੀ ਮਿਹਨਤ-ਮੁਸ਼ੱਕਤ ਨੇ ਮੈਨੂੰ ਏਨਾ ਹੈਰਾਨ ਨਹੀਂ ਸੀ ਕੀਤਾ, ਜਿੰਨਾ ਉਸਦੇ ਗਿਆਨ ਭੰਡਾਰ ਨੇ। ਇਤਿਹਾਸ-ਮਿਥਿਹਾਸ ਦੀ ਘੋਖ-ਪੜਤਾਲ, ਹੁਣ ਦੇ ਵਰਤਾਰੇ ਦੀ ਪਰਖ-ਪੜਚੋਲ, ਉਹ ਬਿਨਾਂ ਕਿਸੇ ਰੋਕ-ਰੁਕਾਵਟ ਦੇ ਬਿਆਨਦਾ, ਮੇਰੇ ਲਾਗੇ ਬੈਠਾ ਵੀ ਕਿਸੇ ਉੱਚੀ ਥਾਂ 'ਤੇ ਬਿਰਾਜਮਾਨ ਹੋਇਆ ਲੱਗਾ। ਮੈਥੋਂ ਇਹ ਚਾਹੁੰਦਿਆਂ ਹੋਇਆਂ ਵੀ ਉਸ ਤੋਂ ਪੁੱਛਣਯੋਗ ਗੱਲ ਨਾ ਪੁੱਛੀ ਗਈ ਕਿ -- 'ਤੂੰ ਐਨਾ ਕੁਝ ਸਿੱਖਿਆ ਕਿੱਥੋਂ?' ਜੇ ਪੁੱਛਦਾ ਵੀ ਤਾਂ ਇਹੀ ਕਹਿਣਾ ਸੀ ਉਸ ਨੇ--ਬਹੁਤਾ ਅਪਣੇ ਜੀਵਨ ਅਭਿਆਸ ਤੋਂ, ਥੋੜ੍ਹਾ ਕੁ ਆਸ-ਪਾਸ ਤੋਂ, ਬਾਕੀ ਦਾ ਵਿਚਾਰ-ਵਟਾਂਦਰੇ ਤੋਂ ਤੇ...ਤੇ ਪੁਸਤਕੀ ਖਜਾਨੇ ਤੋਂ।" ਅਰਜਣ ਦਾ ਜੀਣ-ਵਰਤਾਰਾ ਮੁੱਢ-ਸ਼ੁਰੂ ਤੋਂ ਇਕ ਤਰ੍ਹਾਂ ਨਾਲ ਲੱਦ ਹੋਇਆ ਰਿਹਾ ਸੀ ਔਂਕੜਾਂ-ਮੁਸ਼ਕਿਲਾਂ ਨਾਲ। ਉਸਦੀ ਇਹਨਾਂ ਸਾਹਮਣੇ ਹਿੱਕ ਤਾਣ ਕੇ ਖਲੋਣ ਦੀ ਆਦਤ ਵੀ ਪੱਕਦੀ ਗਈ ਸੀ ਤੇ ਇਰਾਦਾ ਵੀ। ਉਸਨੇ ਸਿੱਖੀ-ਕਮਾਈ ਸਿੱਖਿਆ, ਹਰ ਕਿਸੇ ਦੇ ਕੰਮ ਆਉਣ ਲਈ ਸਾਂਭੀ ਵੀ ਰੱਖੀ। ਹਰ ਛੋਟੇ-ਵੱਡੇ ਸਾਧਨ ਦਾ ਵੀ ਉਸਨੇ ਵਾਹ ਲੱਗਦੀ ਨੂੰ ਪੂਰਾ ਲਾਹਾ ਲਿਆ। ਉਹਦੇ ਵਿਪਰੀਤ ਮੈਂ, ਮੇਰੇ ਤਾਂ ਸਤਾਰਾਂ-ਅਠਾਰਾਂ ਸਾਲ ਉਈਂ ਜਿਵੇਂ ਗੁੰਮ-ਗੁਆਚ ਗਏ ਹੋਣ। ਮੈਂ ਹਉਕਾ ਜਿਹਾ ਭਰਦਿਆਂ ਅਪਣੀ ਲਾਚਾਰਗੀ ਉਸ ਅੱਗੇ ਢੇਰੀ ਕਰਨ ਲਈ, ਸਿੱਥਲ ਜਿਹੀ ਹੋਈ ਨਿਗਾਹ ਉਸਦੇ ਚਿਹਰੇ ਵੱਲ ਨੂੰ ਘੁਮਾਈ-- "ਮੈਂ ਤਾਂ ਭਰਾਵਾ, ਐਨੇ ਸਾਰੇ ਵਰ੍ਹੇ ਜਿਮੇਂ ਸੁੰਗੜੇ ਜਿਹੇ ਆਲ਼ੇ-ਦੁਆਲ਼ੇ 'ਚ ਹੀ ਘਿਰਿਆ ਰਿਹਾ। ਨਾ ਕਿਸੇ ਸੂਝਵਾਨ-ਸਿਆਣੇ ਦਾ ਮੇਲ-ਮਿਲਾਪ, ਨਾ ਵਿਚਾਰ-ਵਟਾਂਦਰਾ, ਨਾ ਪਾਏਦਾਰ ਪੁਸਤਕਾਂ...।"

ਅਰਜਣ ਦਾ ਵਿਚਾਰ ਬਦਲਵਾਂ ਸੀ...."ਬਹੁਤਿਆਂ ਕੋਲ਼ ਤਾਂ ਹੁੰਦੇ ਆ ਕਿਤਾਬ-ਘਰ, ਪ੍ਰਚਾਰ -ਕੇਂਦਰ ਵੀ। ਕਵੀ-ਕਵੀਸ਼ਰ, ਰਾਗੀ-ਢਾਡੀ ਤਾਂ ਸਗੋਂ ਤੁਰੇ ਈ ਰਹਿੰਦੇ ਆਏ ਦਿਨ। ਪ੍ਰਚਾਰਕਾਂ-ਬੁਲਾਰਿਆਂ ਦੀ ਵੀ ਕੋਈ ਘਾਟ-ਕਮੀ ਨਈਂ ਡੇਰਿਆਂ ਨੂੰ!"

"ਠੀਕ ਕਹਿਨਾਂ ਤੂੰ....ਪਰ ਉਹਨਾਂ ਦਾ ਵਿਥਿਆ-ਵਿਖਿਆਨ ਇਕ ਦਮ ਚਾਪਲੂਸੀ, ਨਿਰਾ ਈ ਸਿਫਤ-ਸਲਾਹੀ ਤੇ....ਤੇ ਪੁਸਤਕਾਂ ਅੰਦਰਲੀ ਸਮੱਗਰੀ ਬਿਲਕੁਲ ਹਵਾਈ। ਸਾਹਮਣੇ ਵਿਚਰਦੇ ਸੰਸਾਰ ਨੂੰ ਝੂਠ, ਤੇ ਝੂਠ ਵਰਗੇ ਪਰਲੋਕ ਨੂੰ ਸੱਚ ਕਹਿਣ ਵਾਲੀ। ਕਈ ਡੇਰਾਦਾਰਾਂ ਨੇ ਤਾਂ ਆਲ਼ੇ-ਭੋਲ਼ੇ ਲੋਕਾਂ ਨੂੰ ਭਰਮਾਉਣ ਲਈ ਵਿਕਾਊ ਕਿਸਮ ਦੇ ਵਿਦਵਾਨਾਂ ਤੋਂ ਮਨ-ਚਾਹਿਆ ਇਤਿਹਾਸ ਵੀ ਲਿਖਵਾ ਰੱਖਿਆ। ਇਹ ਸ਼ਰਧਾਵਾਨ ਸੇਵਕਾਂ ਨੂੰ ਮਾਇਆ-ਜਾਲ਼ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੰਦੇ, ਨਾ ਰੁਕਦੇ ਨਾ ਥੱਕਦੇ। ਤੇ ਆਪ....ਆਪ ਸਿਰ ਤੋਂ ਲੈ ਕੇ ਪੈਰਾਂ ਤਕ ਮਹਿਲਾਂ-ਭਵਨਾਂ ਦੇ ਪਾਸਾਰ 'ਚ ਖੁਭੇ ਪਏ ਆ।" ਮੈਥੋਂ ਅੰਦਰਲੀ ਕੜਵਾਹਟ ਆਪ-ਮੁਹਾਰੇ ਉੱਗਲ਼ ਹੋਈ ਇਕ ਠੰਡੇ ਹਉਕੇ 'ਚ ਤਬਦੀਲ ਹੋ ਗਈ--"ਮੇਰੇ ਵਰਗੇ ਅਨਾੜੀ ਉਜੱਡ ਤਾਂ ਚਲੋ ਮੰਨਿਆ, ਇਹਨਾਂ ਥਾਵਾਂ 'ਤੇ ਮੱਥੇ ਰਗੜਨ ਵਾਲੇ ਪੜ੍ਹਿਆਂ-ਲਿਖਿਆਂ ਦਾ ਤਾਂ ਜਿਵੇਂ ਹੜ੍ਹ ਈ ਆਇਆ ਰਹਿੰਦਾ।"

"ਏਹ ਸਭ ਸਾਡੀ ਨਲਾਇਕੀ ਦਾ ਸਿੱਟਾ ਐ ਤਾਰੀ ਸਿਆਂ, ਸਾਡੇ ਅੰਦਰਲੀ ਭਟਕਣ ਦਾ, ਡਾਵਾਂਡੋਲਤਾ ਦਾ। ਇਹਦੇ ਲਈ ਸਮੇਂ ਦਾ ਮਾਇਆ ਪ੍ਰਬੰਧ ਤਾਂ ਕਸੂਰਵਾਰ ਹੈ ਈ ਹੈ, ਸਾਡੀ ਪੜ੍ਹੀ-ਲਿਖੀ ਜਮਾਤ ਵੀ ਘੱਟ ਦੋਸ਼ੀ ਨਹੀਂ। ਇਹ ਵਰਗ ਅਪਣੀ ਪ੍ਰਾਪਤੀ ਨੂੰ, ਅਪਣੇ ਕੰਮ-ਕਾਰ, ਨੌਕਰੀ-ਤਰੱਕੀ ਨੂੰ ਕਿਸੇ ਆਕਾਸ਼ੀ-ਇਲਾਹੀ ਮਿਹਰ ਦਾ ਸਿੱਟਾ ਤਾਂ ਗਰਦਾਨੀ ਜਾਊ, ਅਪਣੀ ਮਿਹਨਤ-ਲਗਨ ਦਾ ਨਹੀਂ। ਅਸਲ 'ਚ ਸਾਡੇ ਮੁਲਕ ਦੀ ਸਿੱਖਿਆ-ਸ਼ਿਖਸ਼ਾ ਦਾ ਟੀਚਾ ਹੀ ਗਿੱਦੜ-ਪ੍ਰਵਾਨਿਆਂ ਤੋਂ ਅੱਗੇ ਨਹੀਂ ਤੁਰਦਾ। ਇਹ ਡਿਗਰੀਆਂ-ਡਿਪਲੋਮੇ ਗਿਆਨ-ਵਿਗਿਆਨ ਤੋਂ ਵੀ ਕੋਹਾਂ ਦੂਰ ਰੱਖਦੇ ਆ ਸਾਨੂੰ ਤੇ ਸਮਝ-ਸੂਝ ਤੋਂ ਵੀ। ਅਪਣਾ ਸਾਇੰਸ ਮਾਸਟਰ ਹੁੰਦਾ ਸੀ ਨਾ ਸਤੀਸ਼ ਕੁਮਾਰ। ਉਹ ਹਰ ਰੋਜ਼ ਪਾਣੀ ਦਿਆ ਕਰੇ ਸੂਰਜ ਨੂੰ। ਮੈਂ ਤੇ ਨਸੀਬ ਚਾਚਾ ਰੇਤ ਦਾ ਫੇਰਾ ਸੁੱਟਣ ਗਏ ਇਕ ਦਿਨ ਸਵੇਰੇ-ਸਵੇਰੇ। ਅੱਗੋਂ ਮਾਸਟਰ ਹੋਣੀਂ ਅਪਣੀ ਸ਼ਰਧਾ 'ਚ ਮਸਤ। ਵਾਹ-ਵਾਹ ਚਿਰ ਲੱਗੇ ਰਹੇ ਨੱਕ ਲਾਗੇ ਤਿਰਛੀ ਕੀਤੀ ਗੜਵੀ 'ਚੋਂ ਥੋੜ੍ਹਾ-ਥੋੜ੍ਹਾ ਪਾਣੀ ਡੋਲ੍ਹਣ।

ਵਿਹਲੇ ਹੋਇਆਂ ਨੂੰ ਮੈਥੋਂ ਸਹਿਵਨ ਆਖ ਹੋ ਗਿਆ--"ਮਾਸਟਰ ਜੀ ਪੁੱਜ ਗਿਆ ਪਾਣੀ ਉੱਪਰ?" ਅੱਗੋਂ ਖਸਿਆਣਾ ਜਿਹਾ ਹੱਸ ਕੇ ਮਾਸਟਰ ਜੀ ਚੁੱਪ। ਨਾ ਪਾਣੀ ਦੇ ਪ੍ਰਿਜ਼ਮ ਬਣਾਉਣ ਦਾ ਗੁਣ ਦੱਸਿਆ, ਨਾ ਅੱਖਾਂ ਲਈ ਲਾਹੇਮੰਦ ਚਾਨਣ ਅੰਦਰਲੇ ਸੱਤ ਰੰਗਾਂ ਦਾ, ਜਿਹੜਾ ਜਮਾਤ ਵਿਚ ਅਕਸਰ ਦੱਸਿਆ ਕਰਦੇ ਸਨ।"

"ਓਦਣ ਤੈਨੂੰ ਕੁੱਟ ਵੀ ਵਾਹਵਾ ਪਈ ਸੀ, ਸੈਂਸ ਦੀ ਘੰਟੀ, ਚੇਤਾ ਈ...? ਰੜਕ ਤਾਂ ਏਹੀ ਰੱਖੀ ਹੋਣੀ ਆਂ, ਬਹਾਨਾ ਕਾਪੀ ਦਾ ਘੜ ਲਿਆ, ਅਖੇ- ਸਿਆਹੀ ਫਿੱਕੀ ਐ।" ਮੈਂ ਅਰਜਣ ਨੂੰ ਘਟਨਾ ਦਾ ਰੁੱਖਾ-ਕੌੜਾ ਪੱਖ ਵੀ ਚੇਤੇ ਕਰਵਾ ਦਿੱਤਾ।

"ਏਦਾਂ ਈ ਹੋਈ ਸੀ, ਕਿੱਥੇ ਭੁੱਲਦੀ ਆ ਐਹੋ ਜਿਹੀ ਕੁੱਟ!" ਅਰਜਣ ਨਾਲੋਂ ਵੱਧ ਉਸਦੀ ਬੋਲ-ਧੁਨ ਉਦਾਸ ਸੀ--"ਇਕ ਉਹ ਕੁੱਟ ਨਈਂ ਭੁੱਲਦੀ, ਦੂਜਾ ਤੇਰੀ ਪੰਚਾਇਤ ਵੱਲੋਂ ਕੀਤਾ, ਮਾਰਨ-ਕੁੱਟਣ ਤੋਂ ਵੀ ਵੱਧ ਜ਼ਲੀਲ ਕਰਨ ਵਾਲਾ ਗਾਲ਼ੀ-ਗਲੋਚ...।" ਉਸਦੀ ਭਲੀ ਚੰਗੀ ਬੋਲ-ਬਾਣੀ ਜਿਵੇਂ ਰੋਣਹਾਕੀ ਸੁਰ 'ਚ ਬਦਲ ਗਈ ਹੋਵੇ। ਮੇਰੀ ਅਣਜਾਣਤਾ ਨੇ ਮੇਰਾ ਸਾਰਾ ਧਿਆਨ ਉਸਦੇ ਬੋਲਾਂ ਨਾਲ ਜੋੜ ਲਿਆ। ਉਹ ਆਖ ਰਿਹਾ ਸੀ--"ਕਈ ਸਾਲ ਹੋ ਗਏ, ਤੂੰ ਹੈ ਨਈਂ ਸੀ ਏਥੇ। ਸਾਡੇ ਵਿਹੜੇ ਦੇ ਦਿਹਾੜੀਦਾਰਾਂ ਨੇ ਦਿਹਾੜੀ ਵਧਾਉਣ ਦੀ ਮੰਗ ਰੱਖ ਦਿੱਤੀ। ਪਹਿਲੋਂ ਵੀ ਉਠਦਾ ਰਿਹਾ ਸੀ ਮਸਲਾ। ਦੋਨੋਂ ਧਿਰਾਂ ਮਿਲ ਬੈਠ ਕੇ ਨਿਬੇੜ ਲਿਆ ਕਰਦੀਆਂ। ਉਸ ਵਾਰ ਪਤਾ ਨਹੀਂ ਕਿੱਥੇ ਕੁੰਡੀ ਫਸੀ, ਵਿਹੜੇ ਆਲ਼ਿਆਂ ਨੇ ਕੰਮ-ਕਾਰ ਠੱਪ ਦਿੱਤਾ। ਜ਼ੀਮੀਂਦਾਰ ਘਰਾਂ ਨੇ ਉਹਨਾਂ ਦਾ ਖੇਤਾਂ ਪੈਲ਼ੀਆਂ 'ਚ ਬਾਹਰ-ਅੰਦਰ ਜਾਣਾ ਬੰਦ ਕਰ ਦਿੱਤਾ। ਵਿਹੜਾ ਵਾਸੀ ਪੂਰੇ ਤੰਗ। ਉਲ਼ਝੀ-ਬਿਗੜੀ ਗੱਲ ਜ਼ਿਲ੍ਹਾ-ਦਫਤਰ ਜਾ ਪੁੱਜੀ। ਉਪਰਲੇ ਅਧਿਕਾਰੀਆਂ ਅਪਣਾ ਅਧਿਕਾਰ ਵਰਤ ਕੇ ਫੈਸਲਾ ਤਾਂ ਛੇਤੀ ਹੀ ਕੁਰਵਾ ਦਿੱਤਾ, ਪਰ ਮੇਰੀ ਸ਼ਾਮਤ ਕਈ ਚਿਰ ਪਿੱਛੋਂ ਤਕ ਵੀ ਆਈ ਰਹੀ। ਜ਼ੀਮੀਂਦਾਰ ਆਖਣ-- 'ਏਹ ਸਾਰੇ ਫਸਾਦ ਦੀ ਜੜ੍ਹ ਤੂੰ ਈ ਐਂ ਤੂੰ, ਵੱਡਿਆ ਮਾਹਟਰਾ, ਤੇਰੀ ਤਾਂ ਅਸੀਂ ਮਾਂ ਨੂੰ...ਨਹੀਂ ਪਹਿਲੋਂ ਏਹ ਨਈਂ ਗਏ ਕਿਧਰੇ।' ਮੈਂ ਜਿੰਨੀ ਸਫਾਈ ਦੇਮਾਂ, ਜ਼ੀਮੀਂਦਾਰ ਅੱਗੋਂ ਓਨੇ ਈ ਹੋਰ ਤਲਖ। ਕਈ ਜਣੇ ਤਾਂ ਗੰਦੀ-ਮੰਦੀ ਬੋਲ-ਬਾਣੀ ਸਮੇਤ ਦੂਰ ਤਕ ਅੱਗੇ ਵਧ ਗਏ। ਹਾਰ ਕੇ ਮੈਂ ਚੁੱਪ ਕਰ ਕੇ ਬੈਠ ਗਿਆ। ਮੈਂ ਕ੍ਹੇਦੇ ਪੱਖ 'ਚ ਖੜ੍ਹਦਾ! ਮੇਰੇ ਲਈ ਤਾਂ ਦੋਨੋਂ ਧਿਰਾਂ ਬਰਾ-ਬਰੋਬਰ ਦੀ ਥਾਂ ਰੱਖਦੀਆਂ। ਦੋਨੋਂ ਧਿਰਾਂ ਰਲ ਮਿਲ਼ ਕੇ ਢਿੱਡ ਭਰਦੇ ਐ ਮਨੁੱਖੀ ਨਸਲ ਸਮੇਤ, ਜਿਉਂਦੇ-ਜਾਗਦੇ, ਸਾਹ ਲੈਂਦੇ ਹਰ ਜੀਵ-ਜੰਤੂ, ਪਸ਼ੂ-ਪੰਖੇਰੂ ਹਰ ਇਕ ਦਾ। ਇਥੋਂ ਤਕ ਕਿ ਧਰਤੀ ਦੇ ਸਭ ਰੁੱਖਾਂ-ਪੌਦਿਆਂ, ਟਾਹਣਾਂ-ਪੱਤਿਆਂ ਉਪਰ-ਅੰਦਰ ਵਿਛੀ ਹਰਿਆਲੀ ਵੀ ਇਹਨਾਂ ਦੋਨਾਂ ਦੀ ਸਾਂਝੀ ਮੁਸ਼ੱਕਤ ਕਾਰਨ ਹੀ ਪਸਰਦੀ ਹੈ। ਹੋਰ ਤਾਂ ਹੋਰ, ਹਰ ਛੋਟੀ-ਵੱਡੀ ਦੁਕਾਨਦਾਰੀ ਤੋਂ ਲੈ ਕੇ ਵੱਡੇ-ਵੱਡੇ ਕਾਰਖਾਨਿਆਂ-ਫੈਕਟਰੀਆਂ ਦੇ ਉਸਾਰ-ਪਾਸਾਰ ਦੀ ਪਿੱਠ-ਭੂਮੀ 'ਚ ਵਿਚਰਦਾ ਮੁੱਢਲਾ ਤੱਤ ਵੀ ਇਹਨਾਂ ਦੋਨਾਂ ਦੀ ਸਾਂਝੀ ਮਿਹਨਤ ਨਾਲ ਉਗਦੀਆਂ ਖੇਤੀ-ਜਿਣਸਾਂ 'ਤੇ ਨਿਰਭਰ ਐ। ਮੈਨੂੰ ਦੁੱਖ ਵੀ ਸੀ ਤੇ ਹਿਰਖ ਵੀ ਕਿ, ਐਨਾ ਕੁਝ ਜਾਣਦਾ-ਬੁਝਦਾ ਮੈਂ ਦੋਨਾਂ ਵਿਚਕਾਰ ਸਮਝੌਤਾ ਨਹੀਂ ਸੀ ਕੁਰਵਾ ਸਕਿਆ। ਇਹ ਝਗੜਾ ਉਪਰ ਤਕ ਨਹੀਂ ਸੀ ਜਾਣਾ ਚਾਹੀਦਾ। ਪਿੰਡਾ ਦਾ ਮਸਲਾ ਸੀ, ਪਿੰਡ 'ਚ ਨਜਿੱਠਿਆ ਜਾਣਾ ਚਾਹੀਦਾ ਸੀ।"

ਉਸਦੇ ਪਛਤਾਵੇ ਭਰੇ ਬੋਲ ਮੈਥੋਂ ਮਸਾਂ ਸੁਣੇ ਗਏ। ਉਸ ਲਾਗੇ ਹੋਰ ਬੈਠੇ ਰਹਿਣਾ ਮੁਹਾਲ ਜਾਪਣ ਲੱਗਾ ਸੀ ਮੈਨੂੰ। ਕੁਰਸੀ ਤੋਂ ਉੱਠ ਮੈਂ ਵਿਹੜੇ 'ਚ ਜਾ ਖੜੋਇਆ-- "ਚੰਗਾ ਚੱਲਦਾਂ ਮੈਂ, ਤੂੰ ਕਰ ਅਰਾਮ, ਦੁਪ੍ਹੈਰ ਹੋਣ ਨੂੰ ਫਿਰਦੀ ਐ...।"

ਮੈਨੂੰ ਬਾਹਰਲੇ ਗੇਟ ਵੱਲ ਨੂੰ ਤੁਰਨ ਲੱਗੇ ਨੂੰ ਉਸਦੇ ਤੱਤਪਰ ਬੋਲ ਮੁੜ ਸੁਣਾਈ ਦਿੱਤੇ-- "ਚੱਲਿਆ ਕਿੱਥੇ ਐਂ, ਨਾ ਚਾਹ ਨਾ ਪਾਣੀ। ਮੁੜ ਐ ਐਧਰ। ਤੂੰ ਤਾਂ ਹੁਣ ਈ ਘਬਰਾ ਗਿਆ, ਅਜੇ ਤਾਂ ਬੜਾ ਹੋਰ ਕੁਝ ਸੁਣਨ-ਦੱਸਣ ਵਾਲਾ। ਤੇਰੇ ਕੰਮ ਦਾ ਮਸਾਲਾ। ਤੇਰੀ ਗੱਲ-ਬਾਤ 'ਚ ਸ਼ਾਮਿਲ ਕਰਨ ਲਈ ਜਾਂ ਸ਼ਾਇਰੀ-ਵਾਇਰੀ ਦੀ ਗੰਢ-ਤੁੱਪ ਲਈ।"

ਮੈਥੋਂ ਉਸਦਾ ਹੁਕਮ ਟਾਲ਼ਿਆ ਨਾ ਗਿਆ। ਉਹਨੀਂ ਪੈਰੀਂ ਮੁੜ ਮੈਂ ਅਪਣੀ ਥਾਂ 'ਤੇ ਸੀ।

"ਬੈਠ ਮੈਂ ਚਾਹ ਲਿਆਵਾਂ ਬਣਾ ਕੇ ਘੁੱਟ ਕੁ" ਮੁੜ ਉਸਦੇ ਬੋਲਾਂ 'ਚ ਪਹਿਲਾਂ ਵਰਗੀ ਮੜਕ ਸੀ ਪਰ ਚਾਲ 'ਚ ਠਰੰਮਾ। ਆਸ-ਪਾਸ ਘੁੰਮਦੀ ਮੇਰੀ ਨਿਗਾਹ ਕੋਣੇ 'ਚ ਪਏ ਇਕ ਵੱਡੇ ਸਾਰੇ ਮੇਜ਼ 'ਤੇ ਜਾ ਟਿਕੀ। ਅੱਗੜ-ਦੁੱਗੜ ਪਈਆਂ ਢੇਰ ਸਾਰੀਆਂ ਪੁਸਤਕਾਂ ਦੇ ਨਾਂ ਵੀ ਅਜੀਬ-ਅਜੀਬ। ਮੇਰੀ ਜਾਣਕਾਰੀ ਤੋਂ ਕੋਹਾਂ ਹਟਵੇਂ। ਇਹਨਾਂ ਨੂੰ ਤਹਿ ਸਿਰ ਕਰਦਿਆਂ ਕੁਝ ਨਾਂ ਮੈਨੂੰ ਅਪਣੇ ਅਪਣੇ ਜਾਪੇ। ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਦਮ ਸਿੰਘ, ਸੁਭਾਸ਼ ਚੰਦਰ ਬੋਸ, ਚੰਦਰ ਸ਼ੇਖਰ ਆਜ਼ਾਦ ਤੇ ਹੋਰ ਵੀ ਕਈ। ਮੈਂ ਇਹ ਨਾਂ ਸੁਣੇ ਤਾਂ ਹੋਏ ਸਨ ਕਲਾਸ 'ਚ ਬੈਠਿਆਂ, ਪਰ ਪੜ੍ਹਿਆ ਕੁਝ ਨਹੀਂ ਸੀ ਇਹਨਾਂ ਬਾਰੇ। ਮੇਰੀ ਉਤਸੁਕਤਾ ਸਾਰੀ ਦੀ ਸਾਰੀ ਉਸ ਮੇਜ਼ 'ਤੇ ਵਿਛ ਗਈ। ਅੰਦਰੋਂ ਲਿਆਂਦੀ ਚਾਹ ਅਰਜਣ ਨੇ ਕੁਰਸੀਆਂ ਲਾਗੇ ਪਏ ਸਟੂਲ 'ਤੇ ਰੱਖਦਿਆਂ ਆਖਿਆ, "ਬੜਾ ਅੰਤਰ ਧਿਆਨ ਹੋਇਆ ਪਿਆਂ, ਚੰਗੀਆਂ ਲੱਗੀਆਂ ਏਹ!"

"ਚੰਗੀਆਂ ਤੇ ਪੜ੍ਹ ਕੇ ਪਤਾ ਲੱਗੂ। ਬੜੇ ਹੋਰ ਈ ਤਰ੍ਹਾਂ ਦੇ ਨਾਂ ਆਂ ਕਈਆਂ ਦੇ। ਕਿਹੜੇ ਮੁਲਕ ਦੇ ਆ ਬੰਦੇ, ਇਹ ਲਿਖਣ ਆਲ਼ੇ?" ਮੈਂ ਕੁਰਸੀ ਤਕ ਮੁੜਦੇ ਨੇ ਉਚੇਚ ਨਾਲ ਪੁੱਛਿਆ।

"ਬਹੁਤੇ ਰੂਸੀ ਐ, ਪੱਛਮੀ ਮੁਲਕਾਂ ਦੇ ਵੀ ਹੈਗੇ ਤੇ ਅਪਣੇ ਬੰਦੇ ਵੀ ਆ ਹਿੰਦੀ-ਪੰਜਾਬੀ ਦੇ, ਬੰਗਾਲੀ ਦੇ। ਸਾਰੇ ਇਕ ਤੋਂ ਇਕ ਚੜ੍ਹ ਕੇ ਕਰਦੇ ਐ ਕਲਮਕਾਰੀ। ਧੁਰ ਅੰਦਰ ਤਕ ਹਲੂਣ ਛੱਡਦੇ ਆ ਪੜ੍ਹਨ ਆਲ਼ੇ ਨੂੰ।" ਮੈਨੂੰ ਉਸਦੀ ਵਿਆਖਿਆ ਸੁਣਦੀ ਵੀ ਰਹੀ ਸੀ ਤੇ ਨਹੀਂ ਵੀ। ਮੈਂ ਤਾਂ ਜਿਵੇਂ ਹੁਣ ਤਕ ਪੜ੍ਹੇ-ਸੁਣੇ ਬਚਨਾਂ-ਪ੍ਰਵਚਨਾਂ ਵਿਚ ਹੀ ਉਲਝ ਗਿਆ ਹੋਵਾਂ। ਇਹ ਸਮੱਗਰੀ ਮੈਨੂੰ ਪੁਸਤਕੀ ਰੂਪ ਵਿਚ ਵੀ ਮਿਲਦੀ ਰਹੀ ਸੀ ਤੇ ਰਾਗੀਆਂ, ਪ੍ਰਚਾਰਕਾਂ, ਕਵੀਆਂ-ਕਵੀਸ਼ਰਾਂ ਨੂੰ ਸੁਣਦਿਆਂ ਵੀ। ਚਾਨਚੱਕ ਮੇਰੇ ਅੰਦਰੋਂ ਇਕ ਰੌਂਅ ਜਿਹੀ ਨੇ ਪਾਸਾ ਪਰਤਿਆ-- 'ਕਿੱਥੇ ਉਹ, ਕਿੱਥੇ ਆਹ ਵੰਨ- ਸੁਵੰਨੀ ਦਾਨਿਸ਼ਵਰੀ। ਅਰਜਣ ਦੀ ਸੂਝ-ਸਿਆਣਪ ਦਾ ਵੱਡਾ ਸੋਮਾ।'

ਖਾਲੀ ਕੱਪ ਸਟੂਲ 'ਤੇ ਰੱਖ, ਮੈਂ ਮੁੜ ਵੱਡੇ ਮੇਜ਼ ਲਾਗੇ ਜਾ ਖੜੋਇਆ। ਪਿੱਛੇ ਪਿੱਛੇ ਅਰਜਣ। ਮੇਰੀ ਉਤਸੁਕਤਾ ਜਾਚ ਕੇ ਉਸ ਨੇ ਦੀਵਾਰ ਨਾਲ ਢੋਅ ਲੱਗੀ ਲੱਕੜ ਦੀ ਵੱਡੀ ਅਲਮਾਰੀ ਦੇ ਤਿੰਨੋਂ ਪੱਲੇ ਖੋਲ੍ਹ ਦਿੱਤੇ। ਅਲਮਾਰੀ ਪੁਸਤਕਾਂ ਨਾਲ ਤੂਸੀ ਪਈ ਸੀ।-- "ਹੈਂਅਅ...ਐਨੀਆਂ!" ਮੇਰੀ ਡੌਰ-ਭੌਰਤਾ ਨੂੰ ਅਰਜਣ ਨੇ ਝੱਟ ਸਾਂਭ ਲਿਆ-- "ਦੱਸ ਕੀ ਪੜ੍ਹਨਾ- ਕਵਿਤਾ, ਕਹਾਣੀ, ਨਾਵਲ, ਜੀਵਨੀ, ਵਾਰਤਕ, ਇਤਿਹਾਸ, ਮਿਥਿਹਾਸ?" ਮੈਂ ਫਿਰ ਗੁੰਮ-ਸੁੰਮ। ਇਹ ਨਾਂ ਤਾਂ ਮੈਂ ਸੁਣੇ ਹੀ ਉਸਦੇ ਮੂੰਹੋਂ ਸਨ। ਮੈਨੂੰ ਤਾਂ ਬੱਸ ਅੱਠਵੀਂ ਨੌਵੀਂ ਤਕ ਪੜ੍ਹੇ ਅੰਗਰੇਜੀ, ਹਿਸਾਬ, ਹਿੰਦੀ, ਪੰਜਾਬੀ ਵਰਗੇ ਪਾਠ-ਪੁਸਤਕੀ ਨਾਵਾਂ ਦਾ ਹੀ ਪਤਾ ਸੀ, ਜਾਂ ਡੇਰਿਆਂ, ਦੁਆਰਿਆਂ ਅੰਦਰ ਪੁੱਜਦੇ ਰਹੇ ਕਵੀਆਂ ਕੋਲ਼ੋਂ ਸੁਣ ਹੁੰਦੀ ਰਹੀ ਵੰਨਗੀ ਦਾ ਨਾਮ। ਮੈਂ ਝੱਟ ਦੇਣੀ ਆਖ ਦਿੱਤਾ - "ਕਵਿਤਾ"।

"ਲਉ ਕਵੀ ਜੀ ਆਹ ਪੜ੍ਹੋ ਤੇ ਅਪਣੀ ਸੁਣਾਓ। ਫਰਕ ਅਪਣੇ ਆਪ ਸਮਝ ਆ ਜਾਊ", ਉਸਨੇ ਮੈਨੂੰ ਇਕ ਦਰਮਿਆਨੀ ਜਿਹੀ ਪੁਸਤਕ ਫੜਾਉਂਦਿਆਂ ਕਿਹਾ।

ਮੇਜ਼ ਲਾਗੇ ਖੜ੍ਹੇ-ਖੜ੍ਹੇ ਮੈਂ ਤਤਕਰਾ-ਪੰਨੇ 'ਤੇ ਨਜ਼ਰ ਮਾਰੀ। ਵੀਹ-ਬਾਈ ਕਵੀਆਂ ਦੀ ਲੰਮੀ ਸੂਚੀ ਸੀ। ਨਾਵਾਂ ਨਾਲ ਉਹਨਾਂ ਕਵੀਆਂ ਦੀਆਂ ਕਵਿਤਾਵਾਂ ਦਰਜ ਸਨ, ਇਕ-ਇਕ, ਦੋ-ਦੋ, ਕਿਧਰੇ ਤਿੰਨ-ਤਿੰਨ ਵੀ। ਕਵਿਤਾਵਾਂ ਦੇ ਸਿਰਲੇਖ ਪੜ੍ਹਦਿਆਂ ਮੈਨੂੰ ਕੰਬਣੀ ਛਿੜ ਗਈ । ਮੈਂ ਪੁਸਤਕ-ਕਵਰ ਝੱਟ ਬੰਦ ਕਰ ਦਿੱਤਾ। ਅਰਜਣ ਨੇ ਮੇਰੀ ਬੇ-ਚੈਨੀ ਭਾਂਪਦਿਆ ਪੁੱਛਿਆ-- "ਕੀ ਹੋਇਆ?" "ਕੁਝ ਨਹੀਂ, ਬੱਸ ਐਵੇਂ ਹੀ", ਮੈਂ ਟਾਲ਼ਮਟੋਲ਼ ਕਰਨ ਦਾ ਯਤਨ ਕੀਤਾ। ਅਸਲ 'ਚ ਮੈਨੂੰ ਅਪਣੀ ਤੁਕਬੰਦ ਕਾਰਗੁਜ਼ਾਰੀ ਚੇਤੇ ਆ ਗਈ ਸੀ। "ਚੱਲ ਛੱਡ, ਇਹ ਤੂੰ ਫੇਅਰ ਪੜ੍ਹ ਲਈਂ, ਪਹਿਲਾਂ ਤੂੰ ਆਪਣੀ ਕਵਿਤਾ ਸੁਣਾ", ਉਸਨੇ ਮੇਰੇ ਹੱਥੋਂ ਕਿਤਾਬ ਫੜ ਕੇ ਪਾਸੇ ਰੱਖਦਿਆਂ, ਇਕ ਵਾਰ ਫਿਰ ਮੈਨੂੰ ਮੇਰੀ ਘੁਟਣ 'ਚੋਂ ਬਾਹਰ ਕੱਢ ਲਿਆ। "ਕਵਿਤਾ ਕੁਵਤਾ ਕੋਈ ਨਈਂ ਸੀ

ਹੁੰਦੀ, ਐਵੇਂ-ਕਿਮੇਂ ਦੀਆਂ ਤੁਕਾਂ ਜੋੜੀਆਂ ਹੁੰਦੀਆਂ ਸੀ ਮੈਂ। ਇਕ ਵਾਰ ਕੀ ਹੋਇਆ, ਇਕ ਡੇਰੇ ਵਾਲਿਆਂ ਵੱਲੋਂ 'ਚਾਰੇ ਦੇ ਚਾਰੇ' ਸਿਰਲੇਖ ਹੇਠ ਲਿਖਵਾਈਆਂ ਕਵਿਤਾਵਾਂ ਸੁਣ ਕੇ ਡੇਅਰੀ-ਫਾਰਮ ਵੱਲ ਮੁੜਦੇ ਨੂੰ ਮੈਨੂੰ ਵੀ ਜਿਵੇਂ ਪੌਣ ਜਿਹੀ ਆ ਗਈ। ਮੈਥੋਂ ਵੀ ਉਸੇ ਤਰ੍ਹਾਂ ਦੇ ਤਿੰਨ ਕੁ ਬੰਦ ਗੰਢੇ ਗਏ। ਮੈਂ ਜਾਂਦੇ ਨੇ ਈ ਜੁਗਾਲ਼ੀ ਕਰਦੇ ਡੰਗਰਾਂ ਨੂੰ ਸੁਣਾ ਦਿੱਤੀ। ਮੱਝਾਂ, ਗਾਵਾਂ ਅੰਤਰ-ਧਿਆਨ! ਅੱਖਾਂ ਅੱਧ ਮੀਚੀਆਂ ਗਈਆਂ। ਮੈਥੋਂ ਮੇਰੀ ਪ੍ਰਸੰਨਤਾ ਸਾਂਭੀ ਨਾ ਜਾਏ। ਮੈਂ ਅਗਲੇ ਹੀ ਦਿਨ ਦੋ-ਤਿੰਨ ਬੰਦ ਹੋਰ ਜੋੜ ਲਏ ਨਾਲ। ਆਉਂਦੇ ਐਤਵਾਰ, ਮਹੰਤ ਜੀ ਤੋਂ ਆਗਿਆ ਲੈ ਕੇ, ਹਫਤਾਵਾਰੀ ਜੋੜ-ਮੇਲੇ 'ਚ ਉਚਾਰ ਛੱਡੇ, ਵਾਹ-ਵਾਹ ਬਾਹਾਂ-ਛਾਂਹਾਂ ਉਲਾਰ ਕੇ। ਲਉ ਜੀ, ਉਦਣ ਮੈਨੂੰ ਪੂਰੇ ਅਠਾਰਾਂ ਰੁਪੈਏ ਵਾਰਨਾ ਵੀ ਮਿਲਿਆ ਸੰਗਤ ਵੱਲੋਂ। ਫੇਅਰ ਤਾਂ ਜਾਣੋਂ ਚਸਕਾ ਹੋਰ ਵਧ ਗਿਆ। ਮੈਨੂੰ ਜਦ ਵੀ ਵਿਹਲ ਮਿਲਦੀ, ਮੈਂ ਗੰਢ-ਤੁੱਪ ਦੇ ਆਹਰੇ ਲੱਗਾ ਰਹਿੰਦਾ। ਗੁਰੂਆਂ-ਬਾਬਿਆਂ ਦੇ ਸੋਹਲੇ ਲਿਖਦਾ ਰਹਿੰਦਾ। ਪਹਿਲਾਂ ਇਹ ਗੰਢ-ਤੁੱਪ ਡੇਰੇ 'ਚ ਕੰਮ ਆਉਂਦੀ ਰਹੀ। ਪਿੱਛੋਂ ਮੈਂ ਵੀ ਸੱਦੇ-ਬੁਲਾਏ ਕਵੀਆਂ 'ਚ ਸ਼ਾਮਿਲ ਹੋ ਗਿਆ। ...ਲੈਅ, ਆਹ ਸੀ ਮੇਰੀ ਕਾਰਗੁਜ਼ਾਰੀ, ਜਿਹਨੂੰ ਤੂੰ ਕਵਿਤਾ ਕਹਿ ਲਾ ਜਾਂ ਕੁਝ ਹੋਰ।" ਇਸ ਵੇਗ 'ਚ ਆਏ ਤੋਂ ਮੈਥੋਂ ਥੋੜ੍ਹੀ ਕੁ ਜਿੰਨੀ ਅੰਦਰਲੀ ਗੱਲ ਵੀ ਨਾਲ ਛੇੜੀ ਗਈ, "ਉਂ ਸੱਚੀ ਗੱਲ ਐ ਕਿ ਇਕ ਖਲਾਅ 'ਚ ਵਿਚਰਦਾ ਮੈਂ ਜਿਵੇਂ ਇਕ ਤਰ੍ਹਾਂ ਨਾ' ਆਹਰੇ ਲੱਗਾ ਰਿਹਾ। ਜੀਣ-ਰੁਝੇਵੇਂ 'ਚ ਬੱਝਾ ਰਿਹਾ। ਹਰ ਸਮੇਂ ਘੇਰੀ ਰੱਖਦੀ ਉਦਾਸੀ ਵੀ ਪੈਰ-ਦਰ-ਪੈਰ ਛਣਦੀ ਲੱਗੀ ਸੀ ਮੈਨੂੰ! ਮਾਂ-ਬਾਪ ਮਿਲ ਤਾਂ ਜਾਂਦੇ ਰਹੇ ਕਦੇ ਕਦਾਈਂ, ਪਰ ਘਰ ਪੁੱਜਣ ਦੀ ਤਾਂਘ ਕਦੇ ਮੱਠੀ ਨਈਂ ਸੀ ਪਈ", ਮੈਥੋਂ ਹੁਣ ਤਕ ਅਣਛੋਹੀ ਰਹੀ ਵਿਥਿਆ ਅਰਜਣ ਸਾਹਮਣੇ ਸਾਫ ਸਾਫ ਢੇਰੀ ਹੋ ਗਈ।

ਮੇਰੇ ਵੱਲ ਇਕ-ਟੱਕ ਵੇਖਦਾ ਅਰਜਣ ਘੜੀ-ਪਲ ਉਵੇਂ ਖੜ੍ਹਾ ਰਿਹਾ, ਚੁੱਪ ਦਾ ਚੁੱਪ। ਮੈਨੂੰ ਲੱਗਾ ਮੈਥੋਂ ਕੋਈ ਬੇ-ਲੋੜੀ ਵੱਧ-ਘੱਟ ਗੱਲ ਆਖੀ ਗਈ ਹੈ। ਪਰ ਅਗਲੇ ਹੀ ਪਲ ਉਸਦੀ ਗਹਿਰ-ਗੰਭੀਰ ਸੁਰ ਨੇ ਮੈਨੂੰ ਜਿਵੇਂ ਭਾਰ-ਮੁਕਤ ਕਰ ਦਿੱਤਾ। ਅਪਣਾ ਸੱਜਾ ਹੱਥ ਮੇਰੇ ਖੱਬੇ ਮੋਢੇ 'ਤੇ ਰੱਖ ਕੇ ਉਹ ਬੇ-ਹੱਦ ਆਤਮ-ਵਿਸ਼ਵਾਸ ਨਾਲ ਆਖ ਰਿਹਾ ਸੀ-- "ਪਤਆ ਤੂੰ...ਤੂੰ ਕਿੱਡੀ ਵੱਡੀ ਗੱਲ ਆਖੀ ਐ। ਸਾਹਿਤ ਸਮੇਤ ਸਭ ਕੋਮਲ-ਕਲਾਵਾਂ ਦਾ ਵੱਡਾ ਭੇਤ ਉਜਾਗਰ ਕੀਤਾ! ਪਰ, ਅਫਸੋਸ ਇਸ ਗੱਲ ਦਾ ਤਾਰੀ ਸਿਆਂ, ਕਿ ਅੱਜ ਦੇ ਗੰਧਲੇ ਪਾਸਾਰਾਂ ਨੇ ਸਭ ਕੁਝ ਦਾ ਵਪਾਰੀਕਰਨ ਕਰ ਛੱਡਿਆ, ਸਭ ਅਦਾਰੇ ਹੁਨਰੀ ਗੁਣਾਂ ਦਾ ਮੁੱਲ ਵੱਟੀ ਜਾਂਦੇ ਆ, ਅਪਣੇ ਸੱਚ-ਆਚਾਰ ਨੂੰ ਪਿਛਾਂਹ ਛੱਡ ਕੇ।"

ਮੇਰੇ ਲਈ ਇਹ ਨਵੀਂ ਤਰ੍ਹਾਂ ਦੀ ਉਲਝਣ ਸੀ। ਨਾ ਮੈਨੂੰ ਸਾਹਿਤ ਦੀ ਕੋਈ ਸਮਝ ਸੀ, ਨਾ ਹੋਰ ਕਿਸੇ ਕਲਾ ਦੀ। ਮੈਂ ਤਾਂ ਅਪਣੇ ਨਾਲ ਹੋਈ-ਵਾਪਰੀ ਦਾ ਥੋੜ੍ਹਾ ਕੁ ਅੰਸ਼ ਸਾਂਝਾ ਕੀਤਾ ਸੀ ਉਸ ਨਾਲ। ਪਰ, ਉਸਨੂੰ ਮੇਰੇ ਅੰਦਰੋਂ ਜਿਵੇਂ ਅਪਣੀ ਪਸੰਦ ਦਾ ਕੋਈ ਸਰੋਤ ਲੱਭ ਪਿਆ ਹੋਵੇ। ਮੇਰਾ ਮੋਢਾ ਥਾਪੜਦਿਆਂ ਉਸ ਨੇ ਮੈਨੂੰ ਮੁੜ ਕੁਰਸੀ 'ਤੇ ਲਿਆ ਬਿਠਾਇਆ, ਅਪਣੇ ਸਾਹਮਣੇ। ਮੈਥੋਂ ਕੜੀ-ਕਵਿਤਾ ਸੁਣਨ ਦੀ ਬਜਾਏ ਉਹ ਸਿੱਧਾ ਮੈਨੂੰ ਮੁਖਾਤਿਬ ਸੀ-- "ਪਤਆ, ਜਿਸਨੂੰ ਤੂੰ ਗੰਢ-ਤੁੱਪ ਦਾ ਨਾਂ ਦਿੰਨਾਂ, ਉਹ ਸ਼ੁਰੂਆਤ ਐ ਤੇਰੇ ਅੰਦਰ ਜਗਦੀ-ਮਘਦੀ ਕਲਾ-ਚਿਣਗ ਨੂੰ ਵਿਸਥਾਰ ਦੇਣ ਦੀ। ਤੇਰੇ ਕਵੀ-ਕਲਾਕਾਰ ਬਣਨ ਦੀ। ਤੈਨੂੰ ਪਤਆ, ਕਲਾਕਾਰ ਕੋਈ ਵਿਸ਼ੇਸ਼ ਕਿਸਮ ਦਾ ਵਿਅਕਤੀ ਨਈਂ ਹੁੰਦਾ, ਸਗੋਂ ਹਰ ਵਿਅਕਤੀ 'ਚ ਕੋਈ ਵਿਸ਼ੇਸ਼ ਕਿਸਮ ਦੀ ਕਲਾ ਹੁੰਦੀ ਐ।"

ਮੈਨੂੰ ਅਰਜਣ ਦੀ ਗਹਿਰ-ਗੰਭੀਰ ਗੱਲ-ਬਾਤ ਕਾਫੀ ਸਾਰੀ ਸਮਝ ਆਉਂਦੀ ਲੱਗੀ। ਸੱਚ-ਮੁੱਚ ਅਨੋਖਾ ਤੇ ਅਜੀਬ ਵੀ ਵਾਪਰਿਆ ਸੀ ਕਈ ਵਾਰ। ਪੁਰਬਾਂ-ਤਿਉਹਾਰਾਂ ਲਈ ਸਤਰਾਂ ਜੋੜਦੇ ਨੂੰ ਮੈਨੂੰ ਬਹੁਤੀ ਵਾਰ ਤਾਂ ਨਵੀਆਂ-ਨਿਵੇਕਲ਼ੀਆਂ ਸਤਰਾਂ ਅਹੁੜਦੀਆਂ ਰਹੀਆਂ, ਕਈ ਵਾਰ ਕੁਝ ਵੀ ਪੱਲੇ ਨਾ ਪੈਂਦਾ। ਉਦੋਂ ਮੈਨੂੰ ਸ਼ਰਾਰਤਬਾਜ਼ੀ ਸੁੱਝਦੀ। ਮੈਂ ਸ਼ਰਧਾਵਾਨ ਸਰੋਤਿਆਂ ਲਈ ਐਧਰ-ਓਧਰ ਦੀਆਂ ਗੱਲਾਂ ਜੋੜ ਲੈਂਦਾ, ਹਾਸੇ-ਵਾਸੇ ਵਾਲੀਆਂ। ਜਿਨ੍ਹਾਂ ਨੂੰ ਸੁਣ ਕੇ ਸਰੋਤੇ

ਅੱਛਾ-ਖਾਸਾ ਹੱਸਦੇ-ਮੁਸਕਰਾਉਂਦੇ।

ਬੀਤੇ ਅਤੀਤ 'ਚ ਹੋਏ-ਵਾਪਰੇ ਦਾ ਪ੍ਰਭਾਵ, ਅਰਜਣ ਲਾਗੇ ਬੈਠਿਆਂ ਸਹਿਵਨ ਮੇਰੇ ਚਿਹਰੇ 'ਤੇ ਪਸਰ ਗਿਆ। "ਕਿਉਂ 'ਕੱਲਾ ਈ ਹੱਸੀ ਜਾਨਾਂ, ਕੋਈ ਪ੍ਰੇਮਣ ਤਾਂ ਨਈਂ ਯਾਦ ਆ ਗਈ", ਅਰਜਣ ਨੇ ਵੀ ਤਿੱਖਾ ਵਿਅੰਗ ਕਸਿਆ। "ਕ੍ਹਾਨੂ ਜਿਹਨੂੰ ਤੂੰ ਕੋਮਲ ਕਲਾ ਕਹਿਨਾਂ, ਉਦ੍ਹਾ ਇਕ ਵਿਗੜਿਆ ਰੂਪ ਚੇਤੇ ਆ ਗਿਆ ਸੀ। ਆਖੇਂ ਤਾਂ ਸੁਣਾਵਾਂ?" "ਨੇਕੀ ਔਰ ਪੂਛ ਪੂਛ! ਮੈਂ ਤਾਂ ਕਦੋਂ ਦਾ ਕਹੀ ਜਾਨਾਂ ਸੁਣਾ ਕੋਈ ਅਪਣੀ ਕਿਰਤ", ਅਰਜਣ ਨੇ ਮੁੜ ਫਰਮਾਇਸ਼ ਕਰ ਦਿੱਤੀ। "ਲੈਅ ਫਿਰ, ਤਕੜਾ ਹੋ ਜਾ, ਸੁਣ-- 'ਲੁੱਧੇਹਾਣੇ ਸ਼ੈਅਰ ਦੀ ਸੁਣਾਵਾਂ ਵਾਰਤਾ, ਰਾਤ ਇਕ ਸੱਸ ਨੇ ਜਵਾਈ ਮਾਰਤਾ। ਮੋਗੇ ਆਲ਼ੇ ਪਿੰਡ 'ਚ ਏਦਾ ਈ ਵਾਪਰੀ, ਵੱਡੀ ਨੋਂਹ ਨੇ ਥਾਪੀਆਂ ਨਾ' ਸੱਸ ਥਾਪੜੀ।" ਅਰਜਣ ਅੱਗੋਂ ਹੱਸਣ-ਮੁਸਕਰਾਉਣ ਦੀ ਥਾਂ ਗੁੰਮ-ਸੁੰਮ ਤਾਂ ਕੀ, ਉਸਦਾ ਤਾਂ ਮੂੰਹ-ਚਿਹਰਾ ਰੋਣਹਾਕਾ ਹੋ ਗਿਆ। ਮੇਰੇ ਲਈ ਨਵੀਂ ਪਰੇਸ਼ਾਨੀ ਸੀ ਇਹ। ਮੈਨੂੰ ਸ਼ੱਕ ਸੀ ਉਹ ਕਹੇਗਾ 'ਕਰ ਦਿੱਤੀ ਨਾ ਕਵਿਤਾ ਸਿਨਫ ਦੀ ਹੇਠੀ। ਐਹੋ ਜਿਹੇ ਹੁੰਦੇ ਆ ਹਸਾਉਣੇ ਸ਼ਿਅਰ!? ਪਰ, ਜੋ ਕੁਝ ਉਸਨੇ ਅਫਸੋਸੀ ਸੁਰ ਵਿਚ ਕਿਹਾ, ਉਸ ਨਾਲ ਮੇਰੇ ਜਿਵੇਂ ਸਾਹ ਸੂਤੇ ਗਏ। ਉਸਨੇ ਕਿਹਾ, "ਤੂੰ...ਤੂੰ, ਲੁੱਧੇਹਾਣੇ, ਮੋਗੇ ਵਾਪਰੇ ਹਾਦਸੇ ਜੁ ਲੱਭਦਾ ਰਿਹਾ! ਅਪਣੇ ਪਿੰਡ 'ਚ, ਪਿੰਡ 'ਚ ਕੀ ਘਰ ਵਿਹੜੇ 'ਚ ਵਾਪਰੀ ਐਡੀ ਵੱਡੀ ਘਟਨਾ ਨਈਂ ਪੁੱਜੀ ਤੇਰੇ ਤਕ।.... ਉਹ ਤੇਰਾ ਚਾਚਾ ਲੱਗਦਾ ਕਿ ਤਾਇਆ ਮਝੈਲ ਸੂੰਹ! ਤਿੰਨ ਪੁੱਤ ਆ ਉਹਦੇ। ਇਕ ਖੇਤੀ ਕਰਦਾ, ਸੁਖਦੇਵ, ਦੂਜਾ ਬਾਹਰ ਗਿਆ ਆ ਕਿਧਰੇ 'ਮਰੀਕਾ-ਕਨੇਡਾ। ਤੀਜਾ ਛੋਟਾ ਪੁਲੀਸ 'ਚ ਆ ਮੋਹਣਾ। ਪੁਲਸ ਆਲ਼ੇ ਹੁੰਦੇ ਤਾਂ ਆ ਅਪਣੇ ਈ ਧੀਆਂ- ਪੁੱਤ; ਮਹਿਕਮੇ 'ਚ ਪੁੱਜ ਕੇ ਪਤਆ ਨਈਂ ਕੀ ਹੋ ਜਾਂਦਾ ਇਨ੍ਹਾਂ ਨੂੰ! ਸਿਰੇ ਦੇ ਲੀਚੜ ਬਣ ਜਾਂਦੇ, ਇਕ-ਦੂਜੇ ਦੀ ਦੇਖਾ-ਦੇਖੀ। ਕਈਆਂ ਨੂੰ ਘਰ-ਬਾਹਰ ਦਾ ਫਰਕ ਲੱਭਣਾ ਈ ਬੰਦ ਹੋ ਜਾਂਦਾ। ਏਦਾਂ ਹੀ ਮੋਹਣੇ ਨਾਲ ਵਾਪਰੀ। ਉਹਦੀ ਘਰ ਵਾਲੀ, ਭਲਾ ਜਿਹਾ ਨਾਂ ਸੀ ਉਹਦਾ, ਸਵਰਨੀ, ਇਕੋ ਇਕ ਧੀ ਸੀ ਮਾਪਿਆਂ ਦੀ। ਦੂਜਾ ਭਰਾ ਸੀ ਕਾਫੀ ਛੋਟਾ ਉਸ ਤੋਂ। ਪਿਉ ਉਹਨਾਂ ਦਾ ਕਿਸੇ ਹਾਦਸੇ 'ਚ ਪੂਰਾ ਹੋ ਗਿਆ। ਖੇਤ ਵਾਹਵਾ ਸੀ ਉਹਦੇ ਕੋਲ਼. ਮੁਰੱਬਾ ਭੂਢ ਮੁਰੱਬਾ। ਦੋਨਾਂ ਬੱਚਿਆਂ ਨੂੰ ਅੱਧੋ-ਅੱਧ, ਵੀਹ-ਵੀਹ ਖੇਤ ਆਉਣ। ਭੈਣ ਕਹੇ, ਮੈਂ ਅਪਣਾ ਹਿੱਸਾ ਭਰਾ ਨੂੰ ਦਊਂ। ਛੋਟਾ ਐ ਮੈਥੋਂ, ਮੇਰੇ ਬੱਚਿਆਂ ਬਰੋਬਰ। ਤੇਰਾ ਪੁਲਸੀਆ ਕਹੇ, ਨਾ, ਨਾ, ਨਾ। ਅਪਣਾ ਹਿੱਸਾ ਅਪਣੇ ਕੋਲ਼ ਰੱਖ, ਪੁੱਤ ਦੇ ਨਾਂ ਲੁਆਈਂ। ਸਿੱਧੀ ਤਰ੍ਹਾਂ ਨਾ ਆਖੇ ਮੇਰੇ ਨਾਂ ਲੁਆਈਂ। ਅੱਗੋਂ ਘਰ ਵਾਲੀ ਵੀ ਘਰ-ਘਰਾਣੇ ਦੀ ਧੀ, ਅੜੀ ਰਹੀ ਵਾਹਵਾ ਚਿਰ। ਦੂਜੇ-ਚੌਥੇ ਬੋਲ-ਬੁਲਾਰਾ. ਲੜਾਈ-ਝਗੜਾ ਵੀ ਹੁੰਦਾ ਰਿਹਾ। ਵਿਗੜਦੀ-ਵਿਗੜਦੀ ਗੱਲ ਹੋਰ ਵਿਗੜ ਗਈ। ਪੁਲਸੀਏ ਪਤੀ ਨੂੰ ਇਕ ਦਿਨ ਸਿਰੇ ਦੀ ਸੁੱਝੀ। ਸ਼ਾਮੀਂ ਅਪਣੇ ਨਾਲ ਦੋ ਜਣੇ ਹੋਰ ਲੈ ਆਇਆ ਘਰ, ਪਸਤੌਲ ਧਾਰੀ। ਗਈ ਰਾਤ ਤਕ ਦਾਰੂ ਪੀਂਦੇ ਰਹੇ। ਉੱਚਾ-ਨੀਵਾਂ ਬੋਲਦੇ ਵੀ ਰਹੇ ਆਪੋ ਵਿਚ ਦੀ, ਜਿਵੇਂ ਸੱਚ-ਮੁੱਚ ਝਗੜਦੇ ਹੋਣ। ਇਸੇ ਰੌਂਅ 'ਚ ਰੁੜ੍ਹਦਿਆਂ ਇਕ ਨੇ ਗੋਲ਼ੀ ਚਲਾ ਦਿੱਤੀ, ਜਿਵੇਂ ਅਗਲੇ ਨੂੰ ਚਿੱਤ ਕਰਨਾ ਹੋਵੇ। ਸਵਰਨੀ ਦੌੜੀ ਦੌੜੀ ਆਈ। ਉਹਨੂੰ ਸ਼ੱਕ ਸੀ, ਕੋਈ ਭਾਣਾ ਵਰਤ ਗਿਆ। ਪਰ, ਉਵੇਂ ਨਹੀਂ ਸੀ ਹੋਇਆ। ਸਾਰੇ ਸਹੀ ਸਲਾਮਤ ਸਨ। ਇਸ ਵਾਰ ਦੀ ਸੇਧ ਸਵਰਨੀ ਸੀ, ਕੰਧ ਨਹੀਂ। ਸਵਰਨੀ ਲੰਮੀ ਲੇਅਰ ਕਰ ਕੇ ਲੁੜ੍ਹਕ ਗਈ। ਡਿਗਦੀ-ਡਿਗਦੀ ਦਾ ਅੰਗੂਠਾ ਮੋਹਣੇ ਨੇ ਕਿਸੇ ਕਾਗ਼ਜ਼ 'ਤੇ ਲੁਆ ਲਿਆ। ਔਖਾ-ਭਾਰਾ ਹੋਏ ਦਿਸਦੇ ਨੇ, ਉਸਨੇ ਰੱਜਵਾਂ ਰੋਸ ਕੀਤਾ ਅਪਣੇ ਜੋਟੀਦਾਰਾਂ 'ਤੇ। ਉਸੇ ਵੇਲ਼ੇ ਘਰੋਂ ਬਾਹਰ ਕੱਢ ਦਿੱਤੇ। ਅਪਣੇ ਵੱਲੋਂ ਤਾਂ ਉਸਨੇ ਪੁਲਸੀਆ ਚਾਲ ਚੱਲੀ ਸੀ। ਸਹਿਸੁਭਾ ਚੱਲੀ ਗੋਲ਼ੀ ਦਾ ਬਹਾਨਾ ਵੀ ਘੜਿਆ ਸੀ। ਅੰਗੂਠਾ ਲੱਗੇ ਕਾਗ਼ਜ਼ ਰਾਹੀਂ ਪਤਨੀ ਹਿੱਸੇ ਦੇ ਖੇਤ ਅਪਣੇ ਨਾਂ ਲੁਆਉਣ ਦੇ ਉਪਰਾਲੇ ਵੀ ਸਾਰੇ ਕੀਤੇ। ਪਰ, ਕਚਹਿਰੀ ਪੁੱਜੇ ਕੇਸ 'ਤੇ ਕਿਸੇ ਇਸਤਰੀ ਜੱਜ ਦਾ ਗੁਣਾ ਪੈ ਗਿਆ। ਉਹਨੇ ਪਹਿਲੋਂ ਤਾਂ ਮੋਹਣੇ ਸਮੇਤ ਦੋਵੇਂ ਗਵਾਹ ਨੌਕਰੀਉਂ ਕੁਢਵਾਏ, ਫਿਰ ਮੋਹਣੇ ਨੂੰ ਵੀਹ ਸਾਲ, ਗਵਾਹਾਂ

ਨੂੰ ਦਸ-ਦਸ ਸਾਲ ਬਾ-ਮੁਸ਼ੱਕਤ ਕੈਦ ਦੀ ਸਜ਼ਾ ਸੁਣਵਾਈ। ਤਿੰਨਾਂ ਨੇ ਉੱਪਰ ਤਕ ਅਪੀਲਾਂ ਪਾਈਆਂ। ਸਭ ਵਿਅਰਥ। ਹੁਣ ਮੁੱਕਣ ਵਾਲੀ ਐ ਸਜ਼ਾ, ਆਇਆ ਤਾਂ ਮਿਲ ਆਈਂ। ਕਰ ਲਈਂ ਬਾਤ-ਚੀਤ। ਤੈਨੂੰ ਤੇਰੀ ਕਵਿਤਾ ਲਈ ਮਸਾਲਾ ਲੱਭੂ ਕੰਮ ਦਾ! ਘਰ ਦੇ, ਪਤਨੀ ਦੇ, ਜ਼ਮੀਨ-ਜਾਇਦਾਦ ਦੇ ਅਰਥਾਂ ਦੇ ਨਵੇਂ ਅਰਥ ਕਰਦਾ ਮਸਾਲਾ!

ਅਪਣੇ ਘਰਾਂ 'ਚ ਹੋਈ-ਵਾਪਰੀ ਮੈਨੂੰ ਪੂਰੀ ਤਰ੍ਹਾਂ ਸ਼ਰਮਸਾਰ ਕਰ ਗਈ। ਨੀਵੇਂ ਡਿੱਗੀ ਨਿਗਾਹ ਹੋਰ ਵੀ ਹੇਠਾਂ ਗੱਡੀ ਗਈ। ਅਠਾਰਾਂ-ਵੀਹ ਵਰ੍ਹੇ ਡੇਰਿਆ-ਦੁਆਰਿਆਂ 'ਚ ਵਿਚਰਦੇ ਦੀ ਮੇਰੀ ਸੋਚ-ਸਮਝ ਕਿਸੇ ਵੀ ਤਰ੍ਹਾਂ ਦੀ ਕੌੜ-ਕੜਵਾਹਟ ਤੋਂ ਵਾਹ ਲਗਦੀ ਨੂੰ ਬਚੀ ਹੀ ਰਹੀ। ਪਰ ਹੁਣ, ਅਪਣੇ ਘਰਾਂ, ਅਪਣੇ ਸਕਿਆਂ ਦੀ ਇਸ ਕਰਤੂਤ ਨੇ ਮੇਰਾ ਅੰਦਰ-ਬਾਹਰ ਰੋਹ-ਰੰਜ ਨਾਲ ਡੰਗ ਹੀ ਦਿੱਤਾ। ਇਸ ਖਿਝ-ਕੁੜੱਤਣ 'ਚੋਂ ਬਾਹਰ ਆਉਣ ਲਈ ਥੋੜ੍ਹੇ ਕੁ ਜਿੰਨੇ ਥਿੜਕਵੇਂ ਜਿਹੇ ਬੋਲ ਮੈਥੋਂ ਮਸਾਂ ਬੋਲੇ ਗਏ--"ਬੱਚੇ ਦਾ ਕੀ ਬਣਿਆ, ਮੋਹਣੇ ਦੇ ਮੁੰਡੇ ਦਾ?" "ਉਹਨੂੰ ਤਾਏ ਤਾਈ ਨੇ ਪਾਲ਼ਿਆ ਮਝੈਲ ਦੇ ਵੱਡੇ ਪੁੱਤਰ ਸੁਖਦੇਵ ਨੇ, ਅਪਣੇ ਧੀ-ਪੁੱਤ ਨਾਲ। ਜੇ ਉਹ ਵੀ ਪੁਲਸੀਏ ਵਰਗਾ ਹੁੰਦਾ ਤਾਂ ਰੁਲ਼ ਜਾਣਾ ਸੀ ਬੱਲੀ ਵਿਚਾਰੇ ਨੇ। ਹੁਣ ਤਾਂ ਖ਼ੈਰ ਜੁਆਨ ਐ, ਰੱਜ ਕੇ ਇਮਦਾਦ ਕਰਦਾ ਤਾਏ-ਤਾਈ ਦੀ। ਉਹ ਵੀ ਉਹਨੂੰ ਅਪਣੇ ਜੀਤੇ ਦੇ ਬਰਾ-ਬਰੋਬਰ ਈ ਗਿਣਦੇ ਆ। ਸੁਖਦੇਵ ਸ਼ੁਰੂ ਤੋਂ ਈ ਐਹੋ ਜਿਹਾ, ਸਿੱਧਾ-ਪੱਧਰਾ। ਬਾਹਲ਼ੀ ਚੁਸਤੀ-ਚਲਾਕੀ ਨਈਂ ਕਰਦਾ। ਨਾ ਅਪਣਿਆਂ ਨਾਲ, ਨਾ ਕਿਸੇ ਬੇਗਾਨੇ...।" ਸੁਖਦੇਵ ਦਾ ਪੱਖ ਪੂਰਦੇ ਅਰਜਣ ਦੀ ਬੋਲ-ਲੜੀ ਅਚਾਨਕ ਟੁੱਟ ਗਈ। ਪਲ ਕੁ ਪਿੱਛੋਂ ਇਕ ਅਜੀਬ ਤਰ੍ਹਾਂ ਦੀ ਹਉਕਾ- ਲੈਅ ਮੇਰੇ ਕੰਨੀਂ ਪਈ। "ਕੀ ਗੱਲ! ਬੜਾ ਹੋਰ ਈ ਤਰ੍ਹਾਂ ਦਾ ਸਾਹ ਲਿਆ, ਸੁੱਖ ਤਾਂ ਹੈਅ?" ਮੈਂ ਸਿਰ ਤੋਂ ਪੈਰਾਂ ਤਕ ਫਿਕਰਮੰਦ ਸੀ। "ਕੀ ਦੱਸਾਂ ਭਰਾ, ਭਲੇ ਲੋਕਾਂ ਨੂੰ ਕਿੱਥੇ ਜੀਣ ਦਿੰਦੀ ਦੁਨੀਆ...।" ਅਰਜਣ ਦੀ ਧੀਮੀ ਸੁਰ ਜਿਵੇਂ ਰੋਣਹਾਕੀ ਹੋ ਗਈ ਸੀ-- "ਸੁਖਦੇਵ ਨੇ ਆਂਢ-ਗੁਆਂਢ ਦੀ ਦੇਖਾ-ਦੇਖੀ ਅਪਣੀ ਇਕੋ-ਇਕ ਧੀ ਬਾਹਰਲੇ ਕਿਸੇ ਮੁੰਡੇ ਨਾਲ ਨਰੜ ਦਿੱਤੀ। ਸਾਲ-ਖੰਡ ਖਰਾ ਲੰਘ ਗਿਆ, ਮੁੜਕੇ ਨਾ ਮੁੰਡਾ ਲੱਭਾ, ਨਾ ਉਹਦਾ ਅੱਗਾ-ਪਿੱਛਾ। ਕੁੜੀ ਹੁਣ ਬੈਠੀ ਆ ਮਾਂ-ਪਿਓ ਕੋਲ਼। ਉਸ ਗ਼ਰੀਬ ਦੇ ਅੱਧ-ਪਚੱਧ ਖੇਤ ਵਿਆਹ ਦੇ ਲੇਖੇ ਲੱਗ ਗਏ, ਰਹਿੰਦੇ-ਬਚਦੇ ਹੁਣ ਤਰੀਕਾਂ-ਕਚਹਿਰੀਆਂ ਨੇ ਚਟਮ ਕਰ ਦੇਣੇ ਆਂ।"

ਇਸ ਤੋਂ ਅੱਗੇ ਨਾ ਅਰਜਣ ਤੋਂ ਕੁਝ ਦੱਸ ਹੋਇਆ, ਨਾ ਮੇਰੇ ਅੰਦਰ ਸੁਣਨ ਦੀ ਹਿੰਮਤ ਬਚੀ। ਕੀ ਕੀ ਵਾਪਰ ਗਿਆ ਸੀ ਮੇਰੇ ਘਰੋਂ ਬਾਹਰ ਰਹਿੰਦਿਆਂ! ਵਿਚ-ਵਾਰ ਮਿਲਦੇ ਰਹੇ ਬਾਪੂ ਨੇ ਵੀ ਇਵੇਂ ਦੀ ਕੋਈ ਗੱਲ ਨਹੀਂ ਸੀ ਦੱਸੀ। ਤੇ ਹੁਣ...ਹੁਣ ਵਾਪਸ ਆਏ ਨੂੰ ਜੋ ਕੁਝ ਲੱਭਦਾ ਸੀ, ਦਿਸਦਾ ਸੀ, ਉਹ ਬੇ-ਹੱਦ ਤਿੱਖੀ ਰੌਂਅ 'ਚ ਮੇਰੇ ਮਨ-ਮਸਤਕ 'ਤੇ ਅਸਰ-ਅੰਦਾਜ਼ ਹੁੰਦਾ ਸੀ। ਮੈਨੂੰ ਲੱਗਦਾ ਅਪਣੀ ਵੱਲੋਂ ਵਿਹਲੇ ਸਮੇਂ ਤੋਂ ਖਹਿੜਾ ਛੁਡਾਉਣ ਲਈ ਅਪਨਾਇਆ ਤੁਕ-ਬੰਦੀ ਅਭਿਆਸ ਐਵੇਂ-ਕਿਮੇਂ ਦੀ ਸਿਰ-ਖਪਾਈ ਨਹੀਂ, ਸਗੋਂ ਇਸਦੀ ਲੜੀ ਕਿਸੇ ਵਡੇਰੇ ਮਕਸਦ ਨਾਲ ਜੁੜਦੀ ਐ, ਕਿਸੇ ਮੁੱਲਵਾਨ ਉਦੇਸ਼ ਨਾਲ, ਜਿਸ ਦੇ ਪੂਰੇ ਅਰਥ ਮੈਨੂੰ ਅਰਜਣ ਤੋਂ ਸਮਝਣੇ ਪੈਣੇ ਆਂ। ਅਰਜਣ ਨੇ ਵੀ ਕਿਸੇ ਅੰਤਰਯਾਮੀ ਵਾਂਗ ਮੇਰੀ ਚੁੱਪ ਦੇ ਅਰਥ ਪੜ੍ਹ ਲਏ। ਬੇ-ਹੱਦ ਸਹਿਜ-ਧੀਰਜ ਨਾਲ ਉਸ ਨੇ ਮੇਰੇ ਵੱਲ ਨੂੰ ਛੋਟਾ ਜਿਹਾ ਪ੍ਰਸ਼ਨ ਉਲਾਰ ਦਿੱਤਾ--"ਕਿਉਂ ਕੀ ਗੱਲ! ਲੱਗਦਾ, ਕਿਧਰੇ ਸ਼ੇਅਰੋ-ਸ਼ਾਇਰੀ ਦੀ ਤਰਕੀਬ 'ਚ ਖੁਭ ਗਿਆਂ!! ਕਿਹੋ ਜਿਹਾ ਲਿਖੇਂਗਾ ਹੁਣ! ਦੱਸ ਕਿਹੋ ਜਿਹੀ ਉਕਰੇਂਗਾ, ਬਾਬੇ ਅਪਣੇ ਮਝੈਲ ਸੂੰਹ ਦੇ ਘਰ-ਉਜਾੜੇ ਦੀ ਵਾਰਤਾ। ਪਹਿਲੋਂ ਵਰਗੀ ਸਿਫਤ ਸਲਾਹੀ ਜਾਂ...?"

ਮੈਂ ਅੱਗੋਂ ਚੁੱਪ। ਇਹ 'ਜਾਂ' ਨੂੰ ਸਮਝਣ ਲਈ ਤਾਂ ਮੈਨੂੰ ਬੜਾ ਕੁਝ ਸੁਣਨਾ ਪੜ੍ਹਨਾ ਪੈਣਾ ਸੀ ਅਰਜਣ ਤੋਂ। ਇਕ ਤਰ੍ਹਾਂ ਨਾਲ ਸ਼ਾਗਿਰਦੀ ਕਰਨੀ ਪੈਣੀ ਸੀ ਉਸਦੀ। ਕਲਾਸ ਪੜ੍ਹਨੀ ਪੈਣੀ ਸੀ ਸਕੂਲੀ ਸ਼ਿਸ਼ ਵਾਂਗ।

ਇਸ ਗਹਿਰ-ਗੰਭੀਰ ਮਸਲੇ ਨੂੰ ਅਗਲੇ ਦਿਨਾਂ 'ਚ ਵਿਚਾਰਨ ਲਈ, ਮੈਂ ਅਰਜਣ ਦਾ ਧਿਆਨ ਮੁੜ ਉਸ ਦੇ ਘਰ ਵੱਲ ਨੂੰ ਮੋੜ ਲਿਆਂਦਾ, "ਭਾਬੀ ਨਈਂ ਆਈ ਅਜੇ! ਤਿੰਨ ਵੱਜਣ ਵਾਲੇ ਨੇ, ਛੁੱਟੀ ਦੋ ਵਜੇ ਨਈਂ ਹੁੰਦੀ ਸਕੂਲੇ?" "ਛੁੱਟੀ ਤਾਂ ਹੋ ਗਈ ਹੋਣੀ ਆਂ, ਪਰ ਉਹ ਇਥੇ ਨਹੀਂ ਆਉਂਦੀ। ਸ਼ੈਹਰ ਚਲੀ ਜਾਂਦੀ ਐ ਮੁੰਡਿਆਂ ਕੋਲ਼। ਕਹਿੰਦੀ, ਜਿੱਥੇ ਮੁੰਡੇ ਓਥੇ ਮੈਂ। ਮੈਨੂੰ ਸ਼ਹਿਰ ਘਰ ਚੰਗੇ ਲੱਗਦੇ ਆ, ਮੈਂ ਕੀ ਲੈਣਾ ਪਿੰਡ ਤੋਂ।"

"ਸ਼ਾਬਾਸ਼ੇ, ਅੱਧੀਉਂ ਬਹੁਤੀ ਉਮਰ ਏਥੇ ਕੱਟੀ ਐ ਪਿੰਡ! ਪਿੰਡ ਆਲ਼ੇ ਘਰ 'ਚ, ਹੁਣ ਐਥੋਂ ਨਾਲ ਈ ਨਫਰਤ, ਕਮਾਲ ਹੋ ਗਈ ਏਹ ਤਾਂ ਬਈ ਅਰਜਣਾ!"

"ਕਮਾਲ-ਕਮੂਲ ਤਾਂ ਉਸ ਨੂੰ ਪਤਾਅ ਹੋਊ। ਉਂ ਮੈਂ ਉਹਨੂੰ ਨਾ ਰੋਕਿਆ ਨਾ ਝਿੜਕਿਆ-ਤਾੜਿਆ। ਉਂਝ ਨਿੰਮੇ ਮਿਸਤਰੀ ਦੀ ਕਹਾਣੀ ਜ਼ਰੂਰ ਸੁਣਾ ਦਿੱਤੀ ਸੀ।"

"ਕੌਣ! ਕਿਹੜਾ ਨਿੰਮਾ?" ਮੈਂ ਉਸ ਬਾਰੇ ਨਹੀਂ ਸੀ ਜਾਣਦਾ।

"ਰਾਜ ਮਿਸਤਰੀ ਨਿੰਮਾ, ਨੱਥੇ ਲੁਹਾਰ ਦਾ ਨਿਰਮਲ। ਸਾਡੇ ਆਧਰਮੀ ਵਿਹੜੇ ਦੀ ਪਿਛਵਾੜੀ ਛੱਪੜ-ਕੰਢੇ ਘਰ ਨਈਂ ਸੀ ਹੁੰਦਾ ਨੱਥਾ ਸੂੰਹ ਲੁਹਾਰ ਦਾ। ਆਪ...ਆਪ ਤਾਂ ਉਸਨੇ ਸੇਪੀ ਸਾਂਭੀ ਰੱਖੀ ਸਾਰੇ ਪਿੰਡ ਦੀ, ਡਟ ਕੇ। ਅਗਾਂਹ ਉਹਦਾ ਮੁੰਡਾ ਨਿਰਮਲ, ਇਕ ਨੰਬਰ ਦਾ ਢਿੱਲੜ। ਦੋ ਦਿਨ ਕੰਮ, ਚਾਰ ਦਿਨ ਛੁੱਟੀ। ਉਸਨੇ ਰੁਲ਼ਦੇ-ਖੁਲ਼ਦੇ ਨੇ ਅਪਣੇ ਪੁੱਤਰ ਮਸਾਂ ਹੀ ਪਾਲ਼ੇ। ਪਰ ਮੁੰਡਿਆਂ ਨੇ ਅਪਣਾ ਆਪ ਛੇਤੀ ਹੀ ਸੰਭਲ ਲਿਆ। ਰੇੜ੍ਹੀਆਂ-ਫੜ੍ਹੀਆਂ ਲਾਉਂਦੇ ਉਹ ਸ਼ਹਿਰ ਪੁੱਜ ਕੇ ਹੋਰ ਕਮਾਊ ਕੰਮਾਂ ਨੂੰ ਹੱਥ-ਪੈਰ ਮਾਰਦੇ ਵਿਆਹੇ-ਵਰੇ ਗਏ। ਵਿਹਲੜ-ਢਿੱਲੜ ਪਤੀ ਨਾਲ ਲੜ-ਝਗੜ ਕੇ ਮੁੰਡਿਆਂ ਦੀ ਮਾਂ ਜੀਤ ਕੌਰ ਅਪਣੀ ਵੱਲੋਂ ਬੜੇ ਮਾਣ ਨਾਲ ਸ਼ਹਿਰ ਪੁੱਜ ਗਈ। ਛੇਤੀ ਹੀ ਮੁੰਡਿਆਂ ਨੂੰ ਮਾਂ ਇਕ ਬੇ-ਲੋੜਾ ਭਾਰ ਜਾਪਣ ਲੱਗ ਪਈ। ਪਹਿਲਾਂ ਉਹਨਾਂ ਜੀਤ ਕੌਰ ਦਾ ਰੋਟੀ-ਪਾਣੀ ਮਹੀਨਾ-ਵਾਰ ਵੰਡ ਲਿਆ। ਫਿਰ ਡੰਗ-ਵਾਰ ਇਕ ਜਣਾ ਸਵੇਰੇ ਚਾਹ-ਰੋਟੀ ਦਿਆ ਕਰੇ, ਦੂਜਾ ਜਣਾ ਸ਼ਾਮ ਵੇਲ਼ੇ। ਵਿਚ-ਵਿਚਾਲ਼ੇ ਜੇ ਉਹ ਕੁਝ ਮੰਗੇ ਤਾਂ ਅੱਗੋਂ ਝਿੜਕਾਂ। ਖਿਝੀ-ਖਪੀ ਜੇ ਕੁਝ ਉੱਚਾ-ਨੀਵਾਂ ਬੋਲਦੀ ਤਾਂ ਮਾਰ-ਕੁੱਟ। ਉਸਦੀ ਇਸ ਲਾਚਾਰਗੀ ਦਾ ਨਿੰਮੇਂ ਨੂੰ ਓਦੋਂ ਪਤਾ ਲੱਗਾ, ਜਦੋਂ ਇਕ ਦਿਨ ਸਵੇਰੇ-ਸਵੇਰੇ ਦੋਨਾਂ 'ਚੋਂ ਕੋਈ ਇਕ ਜਣਾ ਉਹਨੂੰ ਪਿੰਡ ਵਾਲੇ ਘਰ ਦੀਆਂ ਬਰੂਹਾਂ 'ਤੇ ਸੁੱਟ ਕੇ ਓਥੋਂ ਹੀ ਮੁੜ ਗਿਆ।"

"ਗੱਲ ਐਥੋਂ ਤਕ ਕਾਹਤੋਂ ਵਿਚਲ ਗਈ ਐ ਅਰਜਣਾ?" ਵੱਡੇ ਵਿਸਥਾਰ ਮੰਗਦਾ ਇਹ ਛੋਟਾ ਜਿਹਾ ਪ੍ਰਸ਼ਨ-ਵਾਕ ਮੈਥੋਂ ਮਸਾਂ ਹੀ ਬੋਲਿਆ ਗਿਆ, ਰੋਣਹਾਕਾ ਹੋਏ ਤੋਂ।

"ਬੜਾ ਔਖਾ ਸਵਾਲ ਪੁੱਛ ਲਿਆ ਤਾਰੀ ਸਿਆਂ। ਇਹਦਾ ਉੱਤਰ ਤਾਂ ਕਿਸੇ ਸਿਆਣੀ ਰੂਹ ਤੋਂ ਸਮਝਣਾ ਪਊ।...ਉਂ ਆਸ-ਪਾਸ ਵਾਪਰਦੇ ਵਰਤਾਰੇ ਨੂੰ ਦੇਖਦਿਆ ਐਂ ਲੱਗਦਾ, ਕਿ ਘਰਾਂ-ਵਿਹੜਿਆਂ ਦੀ ਥਾਂ ਕੋਠੀਆਂ-ਬੰਗਲਿਆਂ ਦੇ ਉਸਾਰ ਨੇ ਵਾਹੀਯੋਗ ਖੇਤਾਂ ਦੇ ਜੀਣ-ਸਭਿਆਚਾਰ ਦੀ ਕਦਰ ਨਹੀਂ ਕੀਤੀ। ਵਪਾਰਕ ਕਾਰ-ਕਿੱਤਿਆਂ ਵਾਂਗ ਇਸ ਨੂੰ ਵੀ ਨਿਰੀ-ਪੁਰੀ ਮਾਇਕ ਤਮ੍ਹਾਂ ਨਾਲ ਹੀ ਜੋੜ ਲਿਆ।ਇਹ ਤਮ੍ਹਾਂ ਹੀ ਸਾਡੇ ਘਰਾਂ-ਵਿਹੜਿਆਂ, ਪਿੰਡਾਂ-ਸ਼ਹਿਰਾਂ, ਮੁਲਕਾਂ-ਦੇਸ਼ਾਂ ਵਿਚਕਾਰ ਖਿੱਚ-ਧੂਹ, ਲੜਾਈਆਂ-ਝਗੜਿਆਂ ਤੇ ਵੱਡੀ ਜੰਗ ਤਕ ਦਾ ਕਾਰਨ ਵੀ ਬਣ ਜਾਂਦੀ ਐ। ਤੇ ਸਿੱਟਾ ਕੀ ਨਿਕਲਦਾ? ਸਮਾਜੀ ਸਾਂਝਾਂ ਸਮੇਤ ਖ਼ੂਨ ਦੇ ਰਿਸ਼ਤਿਆਂ ਤਕ ਦੀ ਵਿਨਾਸ਼ਕਾਰੀ।"

"ਮੈਨੂੰ ਨਹੀਂ ਭਰਾਵਾ ਤੇਰੇ ਗੂੜ੍ਹ ਗਿਆਨ ਦੀ ਸਮਝ ਆਈ। ਜ਼ਰਾ ਸੌਖੀ ਤਰ੍ਹਾਂ ਦੱਸ," ਮੇਰੇ ਝੱਟ-ਪੱਟ ਦੇ ਉੱਤਰ ਨੇ ਜਿਵੇਂ ਅਰਜਣ ਨੂੰ ਨਿਰਾਸ ਕਰ ਦਿੱਤਾ ਹੋਵੇ।

"ਅੱਛਾ ਲੈਅ..." ਉਸਨੇ ਨਵੇਂ ਸਿਰਿਉਂ ਨਵੀਂ ਵਾਰਤਾ ਛੇੜੀ-- "ਅਪਣੇ ਲੰਬੜਦਾਰ ਭਾਨ ਸੂੰਹ ਦੀ ਗੱਲ ਸੁਣ। ਲੰਬੜ-ਛੰਬੜ ਤਾਂ ਉਹ ਹੁਣ ਨਾਂ ਦਾ ਈ ਆ। ਪੈਲ਼ੀ ਸਾਰੀ ਪਲਾਟ ਬਣਾ ਕੇ ਵੇਚ ਲਈ ਤੇ ਆਪ...ਆਪ ਕਿੱਲਾ ਭਰ ਥਾਂ ਵੱਡੀ ਸੜਕ ਕੰਢੇ ਖਰੀਦ ਕੇ, ਸੀਮਿੰਟ-ਸਰੀਆ, ਰੇਤ-ਬਜਰੀ, ਰੰਗ-ਰੋਗਨ ਵਰਗੀਆਂ ਕਿੰਨੀਆਂ ਸਾਰੀਆਂ ਵੰਨ-ਸੁਵੰਨੀਆਂ ਵਸਤਾਂ ਅੰਦਰ ਤਾੜ

ਲਈਆਂ। ਪਿੱਠ ਵੰਨੀਂ ਸਟੋਰੋਂ ਹਟਵੀਂ ਦਰਸ਼ਨੀ ਕੋਠੀ ਬਣਾ ਲਈ। ਉਹਦੀ ਇਕੋ-ਇਕ ਧੀ ਸੀ, ਹੋਰ ਈ ਤਰ੍ਹਾਂ ਦਾ ਨਾਂ ਸੀ ਉਸਦਾ, ਵਲ਼ੇਵੇਂਦਾਰ ਜਿਹਾ। ਉਹਨੂੰ ਭਾਨ ਸੂੰਹ ਲੰਬੜ ਨੇ ਡਾਕਟਰੀ ਕੋਰਸ 'ਚ ਭਰਤੀ ਕੁਰਆ ਦਿੱਤਾ, ਕਿਧਰੇ ਦੂਰ-ਪਾਰ। ਉਹਨੇ ਮਾਂ ਦੀ ਧੀ ਨੇ ਪੜ੍ਹਾਈ ਨਾਲੋਂ ਵੱਧ ਹੋਰ ਈ ਤਰ੍ਹਾਂ ਦੇ ਸ਼ੌਕ ਪਾਲ਼ ਲਏ। ਆਈ ਵਾਰ ਉਹਦਾ ਜੋਟੀਦਾਰ ਨਵੇਂ ਤੋਂ ਨਵਾਂ। ਨਾ ਉਹਤੋਂ ਡਾਕਟਰੀ ਪੂਰੀ ਹੋਈ, ਨਾ ਉਹ ਕਿਸੇ ਘਰ ਵਸਣ ਜੋਗੀ ਰਹੀ। ਹੁਣ ਪਤਆ ਨਈਂ ਕਿੱਥੇ ਆ। ਕੋਈ ਕਹਿੰਦਾ ਈਸਾਈਆਂ ਦੇ ਕਿਸੇ ਬੰਦੇ ਨਾਲ ਇੰਗਲੈਂਡ ਚਲੀ ਗਈ, ਕੋਈ ਕਹਿੰਦਾ ਨਹਿਰ 'ਚ ਛਾਲ਼ ਮਾਰ ਕੇ ਮਰ ਗਈ। ਉਹਦਾ ਮਾਂ-ਪਿਓ ਨਾ ਹੁਣ ਜਿਉਂਦਿਆਂ 'ਚ, ਨਾ ਮੋਇਆਂ 'ਚ। ਰੋ ਰੋ ਕੇ ਮਾਈ ਦੀਆਂ ਅੱਖਾਂ ਜਾਂਦੀਆਂ ਰਹੀਆਂ। ਸ਼ਰਮ-ਹਯਾ ਦਾ ਭੰਨਿਆ ਭਾਨ ਸੂੰਹ ਘਰੋਂ ਬਾਹਰ ਨਿਕਲਣ ਜੋਗਾ ਨਹੀਂ। ਕਾਮੇ-ਕਾਰਿੰਦੇ ਸਾਰੇ ਖਿੰਡ-ਪੁੰਡ ਗਏ। ਸਟੋਰ ਬੰਦ। ਹੁਣ ਤਾਂ ਜਾਣੋਂ ਰੋਟੀਉਂ ਵੀ ਆਤੁਰ ਹੋਏ ਪਏ ਆ ਦੋਵੇਂ ਜੀਅ...", ਦੱਸੀ ਵਿਥਿਆ ਦਾ ਪ੍ਰਭਾਵ ਜਾਚਣ ਲਈ ਅਰਜਣ ਨੇ ਜ਼ਰਾ ਕੁ ਰੁਕ ਕੇ ਅਪਣੀ ਰਾਇ ਵੀ ਨਾਲ ਜੋੜ ਦਿੱਤੀ--"ਮੈਨੂੰ ਲੱਗਦਾ ਜੇ ਉਹ ਪਿੰਡ-ਘਰ ਨਾ ਛੱਡਦਾ, ਤਾਂ ਇਉਂ ਨਹੀਂ ਸੀ ਵਾਪਰਨੀ। ਆਂਢ-ਗੁਆਂਢ ਦੀ ਸ਼ਰਮ ਕਰਨੀ ਸੀ ਕੁੜੀ ਨੇ, ਤੇ ਮਾਂ-ਪਿਓ ਨੂੰ ਸੌ ਸੁਖ ਹੁੰਦਾ ਭਾਈਚਾਰੇ ਦਾ।"

ਘਰਾਂ-ਕੋਠੀਆਂ ਦੇ ਰਹਿਣ-ਚਲਣ ਵਿਚਲੇ ਅੰਤਰ ਦੀ ਥੋੜ੍ਹੀ ਕੁ ਜਿੰਨੀ ਤਾਂ ਸਮਝ ਮੈਨੂੰ ਪਈ, ਪਰ ਅਰਜਣ ਦੀ ਵਿਆਖਿਆ, ਮੈਨੂੰ ਅਪਣੀ ਦੁਬਿਧਾ ਦਾ ਢੁਕਵਾਂ ਉੱਤਰ ਨਾ ਜਾਪੀ। ਭਾਨ ਸਿੰਘ ਲੰਬੜ ਦੀ ਦੁਰਦਸ਼ਾ ਕਿਆਸਦਾ, ਮੈਂ ਹੋਰ ਵੀ ਬੇ-ਚੈਨ ਹੁੰਦਾ ਗਿਆ। ਅਰਜਣ ਨੇ ਮੇਰੀ ਲਾਚਾਰਗੀ ਫਿਰ ਬੁੱਝ ਲਈ-- "ਲੱਗਦਾ ਨਈਂ ਸਮਝ ਆਈ ਤੈਨੂੰ ਚੰਗੀ ਤਰ੍ਹਾਂ...।" ਮੈਂ ਟਾਲ਼ਮ-ਟੋਲ਼ ਵਜੋਂ ਸਹਿਜ ਦੇਣੀ ਸੱਜੇ-ਖੱਬੇ ਸਿਰ ਹਿਲਾਇਆ।

"ਲੈਅ ਫਿਰ ਹੋਰ ਸੁਣ, ਇਕ ਚਟਪਟੀ ਜਿਹੀ ਗੱਲ", ਉਹਦਾ ਲਹਿਜਾ ਇਸ ਵਾਰ ਵਾਹਵਾ ਹਲਕਾ-ਫੁਲਕਾ ਸੀ।...."ਇਕ ਮੁੰਡਾ ਹੁੰਦਾ ਸੀ ਬਖਸ਼ੀਸ਼, ਅਪਣੀ ਕੁ ਉਮਰ ਦਾ, ਬਖਸ਼ੀ ਬਖਸ਼ੀ ਕਹਿ ਕੇ ਬੁਲਾਉਂਦੇ ਸੀ ਜਿਹਨੂੰ, ਯਾਦ ਈ...?" ਅਰਜਣ ਨੇ ਸੰਖੇਪ ਜਿਹੀ ਭੂਮਿਕਾ ਬੰਨ੍ਹੀ।

"ਹਾਂਅ, ਹਾਂ, ਯਾਦ ਈ ਆ। ਕਬੱਡੀ ਖੇਡਦਾ ਹੁੰਦਾ ਸੀ ਅਪਣੇ ਨਾ'। ਊਂ ਤਕੜਾ ਸੀ ਸਾਡੇ ਦੋਨਾਂ ਤੋਂ, ਪਰ ਸੀ ਭਲਾ ਲੋਕ। ਐਵੇਂ ਕਿਸੇ ਦੇ ਗਲ਼ ਨਹੀਂ ਸੀ ਪੈਂਦਾ।" ਉਸਦੇ ਹੁੰਦੜ-ਹੇੜ ਅੰਗ-ਪੈਰ ਝੱਟ ਮੇਰੇ ਚੇਤੇ 'ਚ ਉਭਰ ਆਏ।

"ਉਹ ਮਾਈ ਮਾਲਾਂ ਦੀ ਅਪਣੀ ਔਲਾਦ ਨਹੀਂ ਸੀ, ਗੋਦ ਲਿਆ ਸੀ ਉਸਨੂੰ, ਕਿਸੇ ਸਕੇ-ਸੰਬੰਧੀ ਤੋਂ। ਕਈ ਸਾਲ ਉਹਦੇ ਪਤੀ ਅਮਰੂ ਅਮਲੀ ਤੋਂ ਮਾਲਾਂ ਦੀ ਕੁੱਖ ਹਰੀ ਨਾ ਹੋਈ। ਹਾਰ ਕੇ ਉਸਨੇ ਗਲ਼ੀ-ਗੁਆਂਢ ਤੋਂ ਬਚ ਕੇ ਆਸੇ-ਪਾਸੇ ਦੀ ਗੰਢ-ਤੁੱਪ ਦਾ ਆਸਰਾ ਭਾਲ਼ ਲਿਆ। ਤਿੱਖੜ ਦੁਪ੍ਹੈਰਾਂ ਜਾਂ ਸ਼ਾਹ ਕਾਲ਼ੀਆਂ ਰਾਤਾਂ ਵੀ ਉਸਦੀ ਝੋਲ਼ੀ ਖੈਰ ਨਾ ਪਾ ਸਕੀਆਂ। ਆਖਿਰ ਗੋਦ ਲਏ ਬਖਸ਼ੀ ਨੇ ਉਸਨੂੰ ਧੁਰ ਅੰਦਰ ਤਕ ਪਾਕਿ-ਪਵਿੱਤਰ ਕਰ ਦਿੱਤਾ। ਉਸਨੇ ਸਾਰੀ ਰੂਹ-ਜਾਨ ਬਖਸ਼ੀ ਨੂੰ ਸੌਂਪ ਦਿੱਤੀ। ਅੱਗੋਂ ਬਖਸ਼ੀ ਨੇ ਵੀ ਉੱਚੇ ਦਰਜੇ ਤਕ ਦੀ ਪੜ੍ਹਾਈ ਕਰ ਕੇ ਉਸਦੀ ਮਮਤਾ ਨੂੰ ਕਿਸੇ ਵੀ ਤਰ੍ਹਾਂ ਦੀ ਆਂਚ ਨਹੀਂ ਸੀ ਆਉਣ ਦਿੱਤੀ। ਅੱਜ-ਕੱਲ ਉਹ ਜੰਗਲਾਤ ਮਹਿਕਮੇਂ ਦੀ ਅਫਸਰੀ ਕਰਦਾ। ਬਣਾਉਣ ਨੂੰ ਉਹ ਵੀ ਪੁਰਾਣਾ ਘਰ ਢਾਹ ਕੇ ਵਧੀਆ ਕੋਠੀ ਬਣਾ ਸਕਦਾ ਸੀ, ਪਰ ਉਹ ਪੁਰਾਣਾ ਘਰ ਬਣਾ- ਸੰਵਾਰ ਕੇ ਮਾਈ ਮਾਲਾਂ ਦੇ ਸਾਹ 'ਚ ਸਾਹ ਪਾ ਕੇ ਜਿਉਂਦਾ," ਗਹਿਰ-ਗੰਭੀਰ ਵਿਥਿਆ ਦੱਸਦਾ ਅਰਜਣ ਅਗਲੇ ਪਲ ਮੁਸਕਰਾਉਣ ਦੀ ਮੁਦਰਾ 'ਚ ਸੀ...."ਇਸ ਜੀਣ-ਵੇਗ 'ਚ ਵਹਿੰਦੀ ਮਾਲਾਂ ਮਾਈ ਅਪਣੇ ਹਾਣ ਦੀਆਂ ਨੂੰ ਹਾਸੇ-ਬਲਾਸੇ 'ਚ ਅਮਰੂ-ਬਾਹਰੇ ਬੰਦਿਆਂ ਦੀ ਗਿਣਤੀ ਵੀ ਦੱਸ ਛੱਡਦੀ ਐ ਤੇ...ਤੇ ਖਿੱਦੋ-ਖੇਡ ਖੇਡਦੀਆਂ ਹੁੰਦੜ-ਹੇੜ ਕੁੜੀਆਂ ਨੂੰ ਹੋਰ ਮਚਲਦਾ ਕਰਨ ਲਈ ਇਕੱਠੀਆਂ ਕਰ ਕੇ ਪਰਦੇ ਜਿਹੇ ਨਾਲ ਆਖ

ਛੱਡਦੀ ਐ--ਬੀਬਾ ਪੁੱਤ ਕਾਹਲ਼ ਨੀ ਕਰਨੀ। ਲਾਵਾਂ ਲੈਣ ਤੋਂ ਪਹਿਲਾਂ ਟੋਹ-ਪਰਖ ਲੈਣਾ ਪੂਰੀ ਤਰ੍ਹਾਂ ਅਗਲੇ ਨੂੰ। ਬੰਦਾ ਕੰਮ ਦਾ ਹੋਵੇ ਤਾਂ ਰੱਖਣਾ, ਨਹੀਂ ਮਾਰ ਕੇ ਲੱਤ ਢੂਹੀ 'ਤੇ ਘਰੋਂ ਕੱਢਣਾ ਬਾਹਰ। ਐਵੇਂ ਨਾ ਤਰਲੇ ਲੈਣੇ ਪੈਣ ਮੇਰੇ ਆਂਗੂੰ। ਮੇਰੀ ਅੱਧੀ ਉਮਰ ਅਮਰੂ ਢਿੱਲੜ ਨੇ ਊਈਂ ਖਰਾਬ ਕਰ ਦਿੱਤੀ। ਉਪਰ ਡਿਗਦਾ ਈ ਸੌਂ ਜਾਂਦਾ ਸੀ।"

ਅਪਣੀ ਵੱਲੋਂ ਤਾਂ ਅਰਜਣ ਨੇ, ਕੁੜੀਆਂ ਦੇ ਸ਼ਰਮਾਕਲ਼ ਹਾਸੇ ਵਾਂਗ ਮੈਨੂੰ ਵੀ ਹਸਾਉਣ-ਵਰਚਾਉਣ ਦਾ ਯਤਨ ਕੀਤਾ ਸੀ, ਪਰ ਮੈਂ ਸਾਂ ਜਿਵੇਂ ਅੰਦਰੋ-ਅੰਦਰ ਤੜਫ ਰਿਹਾ ਹੋਵਾਂ। ਇਕ ਤਰ੍ਹਾਂ ਦੀ ਲਾਟ ਮੇਰਾ ਅੰਦਰ-ਬਾਹਰ ਸੇਕ ਰਹੀ ਹੋਵੇ। ਮੈਨੂੰ ਇਸ ਤੜਪ 'ਚੋਂ ਕੱਢਣ ਲਈ ਉਸ ਨੇ ਆਖਰੀ ਦਾਅ ਵਰਤਿਆ-- "ਕਿਉਂ ਮਧੋਲ਼ ਹੋਇਆ ਪਿਆਂ! ਅਜੇ ਤਾਂ ਤੈਨੂੰ ਪਿੰਡ ਅੰਦਰਲੇ ਐਬ ਈ ਗਿਣਾਏ ਆ, ਉਹ ਵੀ ਅੱਧ-ਪਚੱਧ। ਅਜੇ ਤਾਂ ਹੋਰ ਬੜਾ ਕੁਝ ਪਿਆ ਘਟੀਆ, ਨਿਕੰਮਾ, ਮੰਦਭਾਗਾ। ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਮਿਸਾਲੀ-ਉਤਸ਼ਾਹੀ, ਹਾਂ-ਪੱਖ ਦਾ ਹੋਇਆ ਈ ਕੁਝ ਨਹੀਂ। ਬੜਾ ਕੁਝ ਹੋਇਆ-ਵਾਪਰਿਆ। ਵੱਡੇ-ਵੱਡੇ ਨਾਂ ਉਜਾਗਰ ਹੋਏ ਆ ਗਿਆਨ-ਵਿਗਿਆਨ, ਪੜ੍ਹਨ-ਲਿਖਣ, ਸਾਹਿਤ-ਕਲਾ, ਖੇਡ-ਖਿਡਾਰੀ ਖੇਤਰ 'ਚ। ਕਈ ਸਾਰੇ ਮਾਅਰਕੇ ਮਾਰੇ ਐ ਪਿੰਡ ਦੀ ਨੌਜਵਾਨ ਪੀੜ੍ਹੀ ਨੇ। ਰਹਿਣ-ਵਸਣ ਉਹ ਜਿੱਥੇ ਮਰਜ਼ੀ, ਜੜ੍ਹਾਂ ਤਾਂ ਏਸੇ ਪਿੰਡ ਦੀਆਂ ਈ ਨਾ। ਨਾਂ ਤਾਂ ਨਿਹਾਲਪੁਰ ਦਾ ਹੀ ਉੱਚਾ ਹੋਇਆ।

ਇਹ ਸਾਰਾ ਕੁਝ ਤੈਨੂੰ ਦੱਸਣ ਵਾਲਾ ਪਿਆ ਅਜੇ...।"

ਅਰਜਣ ਦੇ ਇਹਨਾਂ ਬੋਲਾਂ ਨੇ ਮੇਰੇ ਅੰਦਰ ਮਘਦੀ ਲਾਟ 'ਤੇ ਜਿਵੇਂ ਸੱਚਮੁੱਚ ਠੰਡੇ-ਠਾਰ ਜਲ ਦੇ ਛਿੱਟੇ ਮਾਰ ਦਿੱਤੇ। ਅੰਦਰ ਫੈਲੇ ਸੇਕ 'ਤੇ ਯਖ ਬਰਫ ਦੇ ਫੂੰਦੇ ਰੱਖੇ ਗਏ।

ਇਹਨਾਂ ਫੂੰਦਿਆਂ, ਇਹਨਾਂ ਫੈਹਿਆਂ ਦੀ ਛੋਹ ਤੋਂ ਮਿਲਿਆ ਸਕੂਨ ਮੈਨੂੰ ਇਉਂ ਕਹਿੰਦਾ ਲੱਗਾ-- 'ਤੂੰ ਕਿਹੜੇ ਹੇਰਵੇ 'ਚ ਡੁੱਬ ਗਿਆਂ। ਤਕੜਾ ਹੋ ਤਕੜਾ। ਖਰੀ ਤਰ੍ਹਾਂ ਵਾਚ। ਆਕਾਰ ਹੀ ਬਦਲਿਆ ਹੈ ਪਿੰਡ ਨੇ, ਢਹਿ-ਢੇਰੀ ਤਾਂ ਨਈਂ ਹੋਇਆ। ਨਕਸ਼ ਈ ਸੁੰਗੜੇ ਐ ਜਾ ਖਿੱਲਰੇ-ਫੈਲੇ ਐ, ਰੂਹ-ਜਾਨ ਤਾਂ ਕਿਧਰੇ ਨਈਂ ਗਈ। ਇਹ ਪ੍ਰਕਿਰਿਆ ਤਾਂ ਤੇਰੇ ਪਿੰਡ ਸਮੇਤ ਧਰਤੀ ਦੀ ਹਰ ਥਾਂ, ਹਰ ਸ਼ੈਅ-ਵਸਤ 'ਤੇ ਵੀ ਲਾਗੂ ਐ। ਜੀਵਾਂ-ਜੰਤੂਆਂ, ਫੁੱਲਾਂ-ਬੂਟਿਆਂ ਸਮੇਤ ਮਨੁੱਖੀ ਨਸਲ ਦੇ ਹਰ ਵਰਤਾਰੇ, ਹਰ ਖੇਤਰ 'ਚ ਚਿਰਾਂ ਤੋਂ ਕਾਰਜਸ਼ੀਲ ਰਹੀ ਐ। ਫਿਰ...ਫਿਰ...!?"

ਇਹ 'ਫਿਰ-ਫਿਰ' ਦੇ ਕਰਮ-ਪ੍ਰਤੀਕਰਮ ਨੇ ਮੇਰੇ ਮਿੱਟੀ ਹੋਏ ਆਲਸ-ਭਰੇ ਅੰਗਾਂ-ਪੈਰਾਂ 'ਚ ਤੁਰਨ-ਫਿਰਨ ਜੋਗੀ ਹਰਕਤ ਪੈਦਾ ਕਰ ਦਿੱਤੀ।

ਮੇਰੀ ਕਵਿਤਾ-ਕਾਰੀ ਦੀ ਵੀ ਕਿੰਨੀ ਸਾਰੀ ਜਾਗ ਖੁਲ੍ਹ ਗਈ ਸੀ।

ਉਸ ਦਿਨ ਘਰ ਨੂੰ ਵਾਪਸ ਤੁਰੇ ਆਉਂਦੇ ਨੂੰ ਮੇਰੇ ਅੰਦਰੋਂ ਹੀ ਕੋਈ ਜਣਾ ਮੇਰੀ ਕਲਮ ਸਮੇਤ ਮੈਨੂੰ ਵੀ ਹੁੱਝਾਂ ਮਾਰਦਾ ਆਖ ਰਿਹਾ ਸੀ-- "ਤਾਰੀ ਸਿਆਂ, ਤੂੰ...ਤੂੰ ਅਰਜਣ ਤੋਂ ਇਹ ਪਤਆ ਕਰਨ ਗਿਆ ਸੀ ਕਿ 'ਨਸੀਬ ਚਾਚੇ ਦਾ ਘਰ ਹੁੰਦਾ ਸੀ ਏਥੇ ਕੁ' ਜਾਂ ਫਿਰ ਇਹ ਪੁੱਛਣ ਗਿਆ ਸੀ ਕਿ 'ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ, ਅਰਜਣਾ.....!?' 000

***(ਨੇੜੇ ਸੇਂਟ ਪਾਲ ਕਾਨਵੈਂਟ ਸਕੂਲ, ਨਿਹਾਲਪੁਰ, ਡਾਕਖਾਨਾ ਦਸੂਹਾ,
ਜ਼ਿਲ੍ਹਾ ਹੁਸ਼ਿਆਰਪੁਰ-144 205 ਫੋਨ: +91-94655-74866)***

# ਕੰਧ: ਕਹਾਣੀ: ਕਮਲ ਸੇਖੋਂ

ਮੈਨੂੰ ਉਸ ਨਾਲ ਖਿੱਚ ਜਿਹੀ ਮਹਿਸੂਸ ਹੋਈ। ਫਲਰਟ ਕਰਨ ਵਾਲੀ ਦੁਨੀਆ ਨਾਲ ਤਾਂ ਸੋਸ਼ਲ ਮੀਡੀਆ ਭਰਿਆ ਪਿਆ ਆ। ਘਰ ਦੀ ਔਰਤ ਲਈ ਚਾਹੇ ਟਾਈਮ ਕੱਢਣ ਨਾ ਕੱਢਣ, ਪਰ ਫੇਸਬੁੱਕ ਵਾਲੀ ਨਾਲ ਚੈਟਿੰਗ ਲਈ ਟਾਈਮ ਹੀ ਟਾਈਮ ਆ ਇਨ੍ਹਾਂ ਕੋਲ਼। ਪੁੱਛਣ ਵਾਲਾ ਹੋਵੇ ਬਈ ਜੋ ਘਰੇ ਵਿਆਹ ਕੇ ਲਿਆਂਦੀ ਆ, ਉਹਦੇ ਨਾਲ ਲਈਆਂ ਲਾਵਾਂ ਫੇਰਿਆਂ ਦਾ ਮਾਣ ਹੀ ਰੱਖ ਲਓ, ਖ਼ੈਰ ...।

ਮਿਲਿਆ ਤਾਂ ਉਹ ਵੀ ਮੈਨੂੰ ਫੇਸਬੁੱਕ ਰਾਹੀਂ ਹੀ ਸੀ ਪਰ ਸਾਡੇ ਦੋਨਾਂ ਦੇ ਇਕੋ ਸ਼ੌਕ ਨੇ ਸਾਨੂੰ ਇਕ ਦੂਜੇ ਨਾਲ ਜੋੜ ਦਿੱਤਾ। ਦੋਵੇਂ ਕਵਿਤਾਵਾਂ ਲਿਖਦੇ ਹਾਂ। ਮੈਂ ਮੁਹੱਬਤ ਦੀ ਕਵਿਤਾ ਲਿਖਦੀ ਹਾਂ ਤੇ ਉਹ ਕ੍ਰਾਂਤੀਕਾਰੀ ਕਵੀ ਹੈ। ਅੰਮ੍ਰਿਤਾ ਪ੍ਰੀਤਮ ਲਿਖਦੀ ਹੈ –

*"ਜ਼ਿੰਦਗੀ ਤੁਹਾਡੇ ਉਸ ਗੁਣ ਦਾ ਇਮਤਿਹਾਨ ਲੈਂਦੀ ਏ*
*ਜਿਹੜਾ ਤੁਹਾਡੇ ਧੁਰ ਅੰਦਰ ਮੌਜੂਦ ਹੁੰਦਾ ਹੈ*
*ਮੇਰੇ ਅੰਦਰ ਮੁਹੱਬਤ ਸੀ।"*

ਮੈਂ ਵੀ ਮੁਹੱਬਤ ਨਾਲ ਭਰੀ ਪਈ ਹਾਂ। ਮੁਹੱਬਤ ਨੂੰ ਕਾਗ਼ਜ਼ਾਂ 'ਤੇ ਕਵਿਤਾ ਬਣਾ ਉਤਾਰ ਲੈਂਦੀ ਹਾਂ। ਮਨ ਦੀ ਭਟਕਣ ਨੂੰ ਸ਼ਾਂਤ ਕਰਨ ਦਾ ਇਹ ਸੋਹਣਾ ਢੰਗ ਹੈ। ਕਵਿਤਾ ਲਿਖ ਫੇਸਬੁੱਕ 'ਤੇ ਪੋਸਟ ਕਰਦੀ ਹਾਂ ਤਾਂ ਸੰਕਿਟਾਂ ਵਿਚ ਲਾਈਕ ਤੇ ਕੁਮੈਂਟਾਂ ਦੇ ਢੇਰ ਲੱਗ ਜਾਂਦੇ ਹਨ। ਜਿਸ ਦਿਨ ਨਵੀਂ ਕਵਿਤਾ ਪੋਸਟ ਕਰਦੀ ਹਾਂ ਤਾਂ ਸਾਰਾ ਦਿਨ ਸੋਹਣਾ ਲੰਘ ਜਾਂਦਾ ਹੈ। ਵਾਰੀ-ਵਾਰੀ ਫੇਸਬੁੱਕ ਖੋਲ੍ਹ ਲਾਈਕ ਤੇ ਕੁਮੈਂਟ ਦੇਖ ਕੇ ਖੁਸ਼ ਹੁੰਦੀ ਰਹਿੰਦੀ ਹਾਂ।

ਮੇਰਾ ਪਤੀ ਸ਼ਹਿਰ ਦਾ ਮੰਨਿਆ ਪ੍ਰਮੰਨਿਆਂ ਬਿਜ਼ਨਸਮੈਨ ਆ। ਮੇਰੇ ਲਈ ਉਹਦੇ ਕੋਲ਼ ਸਭ ਕੁਝ ਆ, ਬਰੈਂਡਡ ਕੱਪੜੇ, ਗਹਿਣੇ, ਕੋਠੀਆਂ, ਕਾਰਾਂ, ਨੌਕਰ-ਚਾਕਰ; ਬਸ ਨਹੀਂ ਆ ਤਾਂ ਟਾਈਮ ਨਹੀਂ ਆ। ਉਹਨੂੰ ਨਹੀਂ ਪਤਾ ਕਿ ਮੇਰੇ ਲਈ ਹੋਰ ਕੁਝ ਵੀ ਮੈਟਰ ਨਹੀਂ ਕਰਦਾ, ਬਸ ਟਾਈਮ ਚਾਹੀਦਾ, ਜੋ ਉਸ ਕੋਲ਼ ਹੈ ਨਹੀਂ।

ਸ਼ਾਨਦਾਰ ਕੋਠੀ ਮੈਨੂੰ ਜੇਲ੍ਹ ਲੱਗਦੀ। ਚੱਪੇ ਚੱਪੇ 'ਤੇ ਕੈਮਰੇ ਦੀਆਂ ਨਜ਼ਰਾਂ, ਜੇਲ੍ਹਰ ਵਾਂਗ ਮੇਰੀ ਹਰ ਹਰਕਤ 'ਤੇ ਨਜ਼ਰ ਰੱਖਦੀਆਂ। ਮੈਨੂੰ ਘੁਟਣ ਹੋਣ ਲੱਗਦੀ। ਨੌਕਰ ਚਾਕਰਾਂ ਦੀ ਭੀੜ ਵਿਚ ਇਕ ਪਾਣੀ ਦਾ ਗਲਾਸ ਵੀ ਚੁੱਕ ਕੇ ਨਹੀਂ ਪੀਣ ਹੁੰਦਾ। ਕੋਈ ਵੀ ਆਮ ਔਰਤ ਇਹੀ ਤਾਂ ਚਾਹੇਗੀ, ਰਾਣੀਆਂ ਵਰਗੀ ਜ਼ਿੰਦਗੀ। ਪਰ ਮੈਂ ਇਸ ਸਭ ਤੋਂ ਖ਼ੁਸ਼ ਨਹੀਂ ਆਂ।

ਮੈਂ ਜ਼ਿੰਦਗੀ ਨੂੰ ਜਿਊਣਾ ਚਾਹੁੰਦੀ ਆਂ। ਜਿੱਥੇ ਜੀਅ ਕਰੇ ਜਾ ਸਕਾਂ, ਰੇਹੜੀ 'ਤੇ ਖੜ੍ਹ ਕੇ ਗੋਲ਼-ਗੱਪੇ ਜਾਂ ਆਮ ਜਿਹੀ ਦੁਕਾਨ ਤੋਂ ਡੋਸਾ ਖਾ ਸਕਾਂ। ਅਫ਼ਸੋਸ, ਮੈਂ ਇਹ ਸਭ ਚਾਹ ਕੇ ਵੀ ਨਹੀ ਕਰ ਸਕਦੀ।

ਮੈਂ ਹੈਰਾਨ ਹਾਂ ਕਿ ਉਹ ਏਨਾ ਵੱਡਾ ਬਿਜ਼ਨਸ ਕਿੱਦਾਂ ਸਾਂਭ ਲੈਂਦਾ, ਜਦੋਂ ਕਿ ਉਹਨੂੰ ਕੁਝ ਵੀ ਯਾਦ ਨਹੀ ਰਹਿੰਦਾ। ਬਰਥ ਡੇ, ਮੈਰਿਜ ਐਨਵਰਸਰੀ ਮੈਂ ਹੀ ਯਾਦ ਕਰਾਉਂਦੀ ਆਂ। ਐਨਵਰਸਰੀ 'ਤੇ ਡਾਈਮੈਂਡ ਦੀ ਜਿਵੈਲਰੀ ਗਿਫਟ ਕਰ ਸਕਦਾ ਹੈ ਪਰ 'ਕੱਲੀ ਨੂੰ ਟਾਈਮ ਨਹੀਂ ਦੇ ਸਕਦਾ। ਉਹ ਮੇਰੇ ਬਰਥ ਡੇ 'ਤੇ ਸ਼ਹਿਰ ਦੇ ਸਭ ਤੋ ਵੱਡੇ ਹੋਟਲ ਵਿਚ ਪਾਰਟੀ ਤਾਂ ਦੇ ਸਕਦਾ ਏ ਪਰ ਇਕ ਵਾਰੀ ਮੇਰਾ ਮੱਥਾ ਚੁੰਮ ਕੇ ਵਿਸ਼ ਨਹੀਂ ਕਰ ਸਕਦਾ। ਬੋਰ ਹੋਈ ਪਈ ਆਂ ਮੈਂ ਇਸ ਜ਼ਿੰਦਗੀ ਤੋਂ। ਜੀਅ ਕਰਦਾ ਕਿਤੇ ਦੂਰ ਚਲੀ ਜਾਵਾਂ ਜਿੱਥੇ ਮੈਨੂੰ ਕੋਈ ਨਾ ਜਾਣਦਾ ਹੋਵੇ।

ਸਾਰਾ ਦਿਨ 'ਕੱਲੀ ਬੋਰ ਹੁੰਦੀ ਹਾਂ ਤਾਂ ਲਿਖ ਪੜ੍ਹ ਲੈਂਦੀ ਹਾਂ। ਇਹ ਸ਼ੌਕ ਮੈਨੂੰ ਸਕੂਲ

ਪੜ੍ਹਦਿਆਂ ਤੋਂ ਹੀ ਆ। ਇਕ ਵਾਰੀ ਪੰਜਾਬੀ ਦੀ ਕਾਪੀ ਪਿੱਛੇ ਕੁਝ ਲਿਖਿਆ। ਪੇਜ ਪਾੜਨਾ ਭੁੱਲ ਗਈ। ਸਰ ਕਾਪੀਆਂ ਚੈੱਕ ਕਰਨ ਲਈ ਸਟਾਫ ਰੂਮ ਵਿਚ ਲੈ ਗਏ। ਕਲਾਸ ਵਿਚ ਆ ਕੇ ਸਰ ਨੇ ਸਭ ਦੀਆਂ ਕਾਪੀਆਂ ਦੇ ਦਿੱਤੀਆਂ। ਮੇਰੀ ਵਾਰੀ ਲਾਸਟ ਵਿਚ ਆਈ।

"ਇਹ ਤੂੰ ਲਿਖਿਆ ਏ?" ਸਰ ਨੇ ਕਾਪੀ ਦਾ ਪੇਜ ਕੱਢ ਕੇ ਮੇਰੇ ਮੂਹਰੇ ਕਰ ਪੁੱਛਿਆ।

ਡਰਦੀ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

"ਤੈਨੂੰ ਪਤੈ ਇਹ ਕੀ ਆ?"

ਮੈਂ ਡਰ ਨਾਲ ਸਿਰ ਤੋਂ ਪੈਰਾਂ ਤੀਕ ਕੰਬ ਗਈ। ਜਵਾਬ ਦੇਣ ਦੀ ਬਜਾਏ ਮੈਂ ਨੀਵੀਂ ਪਾ ਲਈ।

"ਝੱਲੀਏ, ਇਹ ਕਵਿਤਾ ਆ।" ਸਰ ਨੇ ਕਾਪੀ ਮੈਨੂੰ ਫੜਾਉਂਦਿਆਂ ਕਿਹਾ।

"ਸੋਹਣੀ ਲਿਖੀ ਆ, ਸਕੂਲ ਦੇ ਮੈਗਜ਼ੀਨ ਲਈ ਦੇ ਦੇਈਂ ਮੈਨੂੰ।" ਸਰ ਨੇ ਮੁਸਕਰਾ ਕੇ ਕਿਹਾ।

ਸੋ ਇਸ ਤਰ੍ਹਾ ਮੇਰੀ ਲਿਖਣ ਦੀ ਸ਼ੁਰੂਆਤ ਹੋ ਗਈ। ਅਖਬਾਰਾਂ, ਮੈਗਜ਼ੀਨਾਂ ਵਿਚ ਛਪਣ ਕਰ ਕੇ ਲੇਖਕਾਂ ਵਿਚ ਪਹਿਚਾਣ ਬਣ ਗਈ। ਕਾਲਿਜ ਦੀ ਸਟੇਜ ਉੱਤੇ ਬੋਲੀ ਕਵਿਤਾ 'ਤੇ ਤਾੜੀਆਂ ਦੀ ਗੂੰਜ ਨੇ ਸੁਫ਼ਨਿਆਂ ਨੂੰ ਖੰਭ ਲਾ ਦਿੱਤੇ।

ਮੈਂ ਮਿਡਲ ਕਲਾਸ ਫੈਮਲੀ ਤੋਂ ਆਂ। ਪਾਪਾ ਰੇਲਵੇ ਵਿਚ ਕਲਰਕ ਨੇ। ਅਸੀਂ ਦੋ ਭੈਣ ਭਰਾ ਆਂ। ਭਰਾ ਛੋਟਾ ਆ। ਮੈਂ ਬਚਪਨ ਤੋ ਹੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਰੱਬ ਨੇ ਸੁਹੱਪਣ ਵੱਲੋਂ ਵੀ ਕੋਈ ਘਾਟ ਨਾ ਰੱਖੀ। ਬਲੌਰੀ ਅੱਖਾਂ ਕਰਕੇ ਕੁਝ ਸਹੇਲੀਆਂ ਬਿੱਲੋ ਕਹਿ ਕੇ ਛੇੜਦੀਆਂ ਤੇ ਕੁਝ ਕੱਦ ਵੇਖ ਲੰਬੋ ਕਹਿ ਦਿੰਦੀਆਂ। ਗੋਰਾ ਰੰਗ ਧੁੱਪ ਵਿਚ ਗੁਲਾਬੀ ਹੋ ਜਾਂਦਾ ਤਾਂ ਉਹ ਗੁਲਾਬੋ ਵੀ ਕਹਿ ਛੱਡਦੀਆਂ। ਹੁਸ਼ਿਆਰ ਤੇ ਸੋਹਣੀ ਹੋਣ ਕਰਕੇ ਸਹੇਲੀਆਂ ਵਿਚ ਵੱਖਰੀ ਹੀ ਟੌਹਰ ਸੀ।

ਬੀ.ਏ., ਬੀ.ਐੱਡ ਤੋਂ ਬਾਅਦ ਐੱਮ.ਏ. ਕਰਨ ਬਾਰੇ ਸੋਚ ਹੀ ਰਹੀ ਸੀ ਕਿ ਰੁਪਿੰਦਰ ਦਾ ਰਿਸ਼ਤਾ ਆ ਗਿਆ। ਰੁਪਿੰਦਰ ਸ਼ਹਿਰ ਦੇ ਕਹਿੰਦੇ ਕਹਾਉਂਦੇ ਬਿਜ਼ਨਸਮੈਨ ਸਰਦਾਰ ਚੰਦਨ ਸਿੰਘ ਸਿੱਧੂ ਦਾ ਬੇਟਾ ਏ। ਉਸਦੀ ਮਦਰ ਪਹਿਲਾ ਹੀ ਗੁਜ਼ਰ ਚੁੱਕੀ ਹੈ ਤੇ ਹੁਣ ਚੰਦਨ ਸਿੰਘ ਹਰਟ ਅਟੈਕ ਨਾਲ 'ਤੁਰ' ਗਏ ਤਾਂ ਸਾਰਾ ਬਿਜ਼ਨਸ ਉਨ੍ਹਾਂ ਦਾ ਇਕਲੌਤਾ ਬੇਟਾ ਰੁਪਿੰਦਰ ਦੇਖਦਾ ਆ। ਘਰ ਬੈਠੇ ਬਿਠਾਏ ਏਨੇ ਤਕੜੇ ਘਰ ਦਾ ਰਿਸ਼ਤਾ ਆਇਆ ਤਾਂ ਮੰਮਾ ਪਾਪਾ ਦੇ ਪੈਰ ਧਰਤੀ 'ਤੇ ਨਾ ਲੱਗਣ। ਰੁਪਿੰਦਰ ਨੂੰ ਸਿਰਫ ਕੁੜੀ ਸੋਹਣੀ ਤੇ ਸਿਆਣੀ ਚਾਹੀਂਦੀ ਸੀ। ਪਹਿਲੀ ਨਜ਼ਰ ਵਿਚ ਹੀ ਉਸ ਦੀਆਂ ਅੱਖਾਂ ਵਿਚੋਂ 'ਹਾਂ' ਮੈਂ ਪੜ੍ਹ ਲਈ। ਬਸ ਫਿਰ ਕੀ, ਛੇਤੀ ਹੀ ਮੈਂ ਮਿਸਿਜ਼ ਰੁਪਿੰਦਰ ਸਿੰਘ ਸਿੱਧੂ ਬਣ ਗਈ।

ਮੈਂ ਤੇ ਰੁਪਿੰਦਰ ਦੋਵੇਂ ਅੱਡ-ਅੱਡ ਸੁਭਾਅ ਦੇ ਆਂ। ਰੁਪਿੰਦਰ ਬੜੇ ਰਿਜ਼ਰਵ ਜਿਹੇ ਨੇਚਰ ਦਾ ਹੈ ਤੇ ਮੈਂ ਹੱਸਣ ਖੇਡਣ ਵਾਲੀ। ਵਿਆਹ ਤੋ ਪਹਿਲਾਂ ਆਪਣੇ ਜੀਵਨ ਸਾਥੀ ਵਾਲੇ ਦੇਖੇ ਸੁਫਨੇ ਨਾਲ ਰੁਪਿੰਦਰ ਬਿਲਕੁਲ ਮੇਲ ਨਹੀਂ ਖਾਂਦਾ। ਉਹ ਮੇਰੇ ਸੁਫ਼ਨਿਆਂ ਦੇ ਰਾਜਕੁਮਾਰ ਵਰਗਾ ਤਾਂ ਬਿਲਕੁਲ ਵੀ ਨਹੀਂ ਆ। ਮੈਂ ਜਿੰਨਾ ਮਰਜ਼ੀ ਸਜ ਫੱਬ ਕੇ ਬਹਿ ਜਾਵਾਂ, ਉਹਦੇ ਮੂੰਹੋਂ ਕਦੇ ਦੋ ਬੋਲ ਤਾਰੀਫ਼ ਦੇ ਨਹੀਂ ਨਿਕਲੇ। ਕਦੇ ਉਹਨੇ ਸ਼ੀਸ਼ੇ ਮੂਹਰੇ ਖੜ੍ਹੀ ਨੂੰ ਪਿੱਛੋਂ ਗਲ਼ਵੱਕੜੀ ਪਾ ਕੇ ਪਿਆਰ ਨਹੀਂ ਜਿਤਾਇਆ। ਮੈਂ ਚਾਹੁੰਦੀ ਆਂ ਉਹ ਮੇਰੇ ਨਾਲ ਲਾਡ ਕਰੇ, ਲੜੇ, ਰੁੱਸੇ ਤੇ ਕਦੇ ਰੁੱਸੀ ਨੂੰ ਮਨਾਵੇ। ਪਰ ਉਹ ਏਦਾਂ ਦਾ ਕੁਝ ਵੀ ਨਹੀਂ ਕਰਦਾ। ਉਹਨੂੰ ਤਾਂ ਬਸ ਬਿਜ਼ਨਸ, ਬਿਜ਼ਨਸ ਦੀ ਪਈ ਰਹਿੰਦੀ ਆ। ਪਿਆਰ ਕਰਨਾ ਤਾਂ ਉਸਨੂੰ ਆਉਂਦਾ ਈ ਨਹੀਂ। ਮੇਰੇ ਸਾਰੇ ਅਰਮਾਨ ਧਰੇ ਧਰਾਏ ਰਹਿ ਗਏ।

ਦੋ ਗੱਲਾਂ ਰੁਪਿੰਦਰ ਦੀਆਂ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਨੇ।ਪਹਿਲੀ ਇਹ ਕਿ ਮੈਨੂੰ ਬੱਚਾ ਕੰਨਸੀਵ ਕਰਨ ਵਿਚ ਪ੍ਰੋਬਲਮ ਆ ਰਹੀ ਸੀ। ਨੁਕਸ ਮੇਰੇ ਵਿਚ ਹੀ ਨਿਕਲ ਰਿਹਾ ਸੀ ਪਰ ਰੁਪਿੰਦਰ ਦੀ ਸਿਫ਼ਤ ਆ ਕਿ ਉਹਨੇ ਕਦੇ ਮੈਨੂੰ ਇਸ ਦਾ ਤਾਅਨਾ ਨਹੀਂ ਮਾਰਿਆ ਤੇ ਦੂਜੀ ਰੁਪਿੰਦਰ ਨੇ ਨਾ ਹੀ ਮੈਨੂੰ ਕਦੇ ਲਿਖਣ ਪੜ੍ਹਨ ਤੋਂ ਤੇ ਨਾ ਹੀ ਕਿਤੇ ਜਾਣ ਤੋਂ ਰੋਕਿਆ ਆ।

ਸਭਾਵਾਂ ਵਿਚ ਜਾਣ ਕਰਕੇ ਫੇਸਬੁੱਕ 'ਤੇ ਵੀ ਦੋਸਤਾਂ ਵਿਚ ਇਜ਼ਾਫਾ ਹੋਇਆ। ਕਈ ਵੱਡੇ ਛੋਟੇ ਲੇਖਕ ਲੇਖਿਕਾਵਾਂ ਮੇਰੀ ਫਰੈਂਡ ਲਿਸਟ ਵਿਚ ਸ਼ਾਮਿਲ ਹੋ ਗਏ। ਮੈਂ ਫ਼ੋਨ ਨੰਬਰ ਕਦੇ ਕਿਸੇ ਨੂੰ ਨਾ ਦਿੱਤਾ, ਬਸ ਮੈਸੰਜਰ 'ਤੇ ਹੀ ਸਭਾਵਾਂ ਵਾਲੇ ਇਨਵੀਟੇਸ਼ਨ ਭੇਜ ਦਿੰਦੇ। ਹੋਰ ਵੀ ਬਹੁਤ ਲੇਖਕਾਂ

ਜਾਂ ਪਾਠਕਾਂ ਦੇ ਮੈਸਿਜ ਆਉਂਦੇ, ਪਰ ਮੈਂ ਇਗਨੋਰ ਕਰ ਦਿੰਦੀ।

ਉਸਦਾ ਮੈਸਿਜ ਵੀ ਮੈਸੰਜਰ 'ਤੇ ਆਇਆ ਸੀ। ਉਹਨੇ ਮੇਰੀ ਕਵਿਤਾ ਦੀ ਤਾਰੀਫ਼ ਕੀਤੀ, ਸੋ ਚੰਗਾ ਲੱਗਾ। ਵੈਸੇ ਤਾਂ ਮੈਂ ਕਿਸੇ ਵੀ ਮੈਸਿਜ ਦਾ ਰਿਪਲਾਈ ਨਹੀਂ ਕਰਦੀ। ਮੈਂ ਉਹਦੀ ਪ੍ਰੋਫਾਇਲ ਦੇਖਣ ਲੱਗ ਪਈ। ਫਿਰ ਪਤਾ ਨਹੀਂ ਕਿਉਂ ਮੈਂ ਉਸਦੇ ਮੈਸਿਜ ਦੇ ਰਿਪਲਾਈ ਵਿਚ 'ਸ਼ੁਕਰੀਆ' ਲਿਖ ਕੇ ਪੋਸਟ ਕਰ ਦਿੱਤਾ। ਉਹ ਮੇਰੇ ਸ਼ਹਿਰ ਦੇ ਨਾਲ ਹੀ ਲੱਗਦੇ ਕਸਬੇ ਦਾ ਸੀ।

ਮੈਸੰਜਰ 'ਤੇ ਰੋਜ਼ ਹੀ ਗੱਲ-ਬਾਤ ਹੋਣ ਲੱਗੀ। ਮੈਂ ਆਪਣੇ ਬਾਰੇ ਤੇ ਉਹਨੇ ਆਪਣੇ ਬਾਰੇ ਦੱਸਿਆ। ਸਾਡੇ ਫ਼ੋਨ ਨੰਬਰ ਐਕਸਚੇਂਜ ਹੋਏ। ਉਹ ਪੇਸ਼ੇ ਵਜੋਂ ਡਾਕਟਰ ਹੈ। ਹੁਣ ਅਸੀਂ ਦੋਵੇਂ ਫ਼ੋਨ 'ਤੇ ਚੰਗੇ ਦੋਸਤ ਬਣ ਗਏ। ਕਵਿਤਾਵਾਂ ਬਾਰੇ ਗੱਲਾਂ ਹੋਣ ਲੱਗੀਆਂ। ਉਸ ਨਾਲ ਗੱਲ ਕਰ ਕੇ ਬਹੁਤ ਚੰਗਾ ਲੱਗਦਾ। ਜਿਸ ਦਿਨ ਉਹਦਾ ਮੈਸਿਜ ਜਾਂ ਕਾਲ ਨਾ ਆਉਂਦੀ ਤਾਂ ਮੇਰਾ ਮਨ ਖਿਝਿਆ ਖਿਝਿਆ ਰਹਿੰਦਾ। ਅਜੀਬ ਜਿਹਾ ਬਦਲਾਅ ਮਹਿਸੂਸ ਕਰਨ ਲੱਗੀ ਸੀ ਮੈਂ ਆਪਣੇ ਆਪ 'ਚ। ਉਹ ਮੇਰੀ ਜ਼ਿੰਦਗੀ ਦਾ ਹਿੱਸਾ ਬਣਨ ਲੱਗਾ। ਮੇਰਾ ਦਿਲ ਉਹਨੂੰ ਮਿਲਣ ਨੂੰ ਕਰਨ ਲੱਗਾ। ਆਹਮੋ ਸਾਹਮਣੇ ਬਹਿ ਕੇ ਗੱਲਾਂ ਕਰਨ ਨੂੰ। ਪਰ ਮੇਰੇ ਚੰਗੇ ਸੰਸਕਾਰ ਮੈਨੂੰ ਪਹਿਲ ਕਰਨ ਤੋਂ ਰੋਕਦੇ। ਇਕ ਦਿਨ ਰੱਬ ਨੇ ਮੇਰੀ ਸੁਣ ਲਈ।

"ਆਪਾਂ ਮਿਲੀਏ?" ਆਖ ਜਿਵੇਂ ਉਹਨੇ ਮੇਰੇ ਮਨ ਦੀ ਗੱਲ ਬੁੱਝ ਲਈ ਸੀ।

ਦਿਲ ਅੰਦਰੋ-ਅੰਦਰੀ ਖੁਸ਼ ਹੋਈ ਜਾਵੇ ਪਰ ਮੈਂ ਉਤਲੇ ਮਨੋਂ ਨਾਂਹ ਨੁੱਕਰ ਜਿਹੀ ਕਰੀ ਜਾਵਾਂ। ਵਿਚੋ ਵਿਚ ਡਰੀ ਵੀ ਜਾਵਾਂ ਕਿ ਉਹ ਕਿਤੇ ਬੁਰਾ ਈ ਨਾ ਮੰਨ ਜਾਵੇ। ਤਿੰਨ ਕੁ ਵਾਰ 'ਨਾਂਹ' ਕਰਨ ਤੋ ਬਾਅਦ ਮੇਰੇ ਬੁੱਲ੍ਹਾਂ ਨੇ ਮੁਸਕਰਾਉਂਦਿਆਂ 'ਹਾਂ' ਕਰ ਦਿੱਤੀ।

"ਮੈਂ ਉੱਥੇ ਡਾਕਟਰ ਨਹੀਂ, ਦੋਸਤ ਬਣ ਕੇ ਆਉਣਾਂ, ਬਸ ਇਹ ਯਾਦ ਰੱਖੀਂ," ਉਹਨੇ ਹਿਦਾਇਤ ਕੀਤੀ।

"ਜੀ।" ਆਖ ਮੈਂ ਸਹਿਮਤੀ ਪ੍ਰਗਟਾਈ।

ਉਸ ਤੋਂ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਉਸ ਨੂੰ ਵੀ ਮੇਰੇ ਨਾਲ ਲਗਾਵ ਜਿਹਾ ਹੋ ਗਿਆ ਏ। ਦੂਜੇ ਦਿਨ ਉਸਨੂੰ ਮਿਲਣਾ ਸੀ। ਏਨੀਆ ਬਰੈਂਡਡ ਡਰੈੱਸਿਜ਼ ਨੇ ਮੇਰੇ ਕੋਲ, ਪਰ ਉਸ ਦਿਨ ਪਾ ਕੇ ਜਾਣ ਵਾਸਤੇ ਕੋਈ ਚੰਗੀ ਨਾ ਲੱਗੀ। ਸਾਰੀ ਅਲਮਾਰੀ ਫਰੋਲ ਮਾਰੀ। ਦਰਅਸਲ ਮੈਂ ਕੋਈ ਪਿਆਰਾ ਜਿਹਾ ਸੂਟ ਪਾ ਕੇ ਜਾਣਾ ਚਾਹੁੰਦੀ ਸਾਂ। ਫਿਰ ਯਾਦ ਆਇਆ ਉਹ ਪਿੰਕ ਸੂਟ ਜੋ ਬੜੀ ਰੀਝ ਨਾਲ ਖ਼ਰੀਦਿਆ ਸੀ ਪਰ ਪਾਇਆ ਇਕ ਵਾਰ ਵੀ ਨਹੀਂ ਸੀ। ਪਿੰਕ ਤੇ ਹਾਟ ਪਿੰਕ ਦਾ ਕੰਬੀਨੇਸ਼ਨ ਬਹੁਤ ਹੀ ਪਿਆਰਾ ਲੱਗ ਰਿਹਾ ਸੀ। ਉਪਰ ਸੀਕਵਿਨਸ ਦਾ ਕੰਮ ਹੋਇਆ ਸੀ। ਉਹ ਸੂਟ ਪਾ ਕੇ ਸ਼ੀਸ਼ੇ ਵਿਚ ਵੇਖਣ ਲੱਗੀ ਤਾਂ ਆਪਣੇ ਆਪ 'ਤੇ ਪਿਆਰ ਜਿਹਾ ਆਇਆ। ਹਲਕਾ ਜਿਹਾ ਮੇਕਅਪ ਕਰ, ਨਾਲ ਮੈਚਿੰਗ ਜਵੈਲਰੀ ਪਾ ਕੇ ਕਾਰ ਨੂੰ ਮਿਥੀ ਥਾਂ ਵਾਲੇ ਰਾਹ 'ਤੇ ਪਾ ਲਿਆ।

ਦਸ ਮਿੰਟ ਦਾ ਤਾਂ ਰਾਹ ਸੀ ਸਾਰਾ। ਕਾਰ ਸਾਇਡ 'ਤੇ ਲਾ ਕੇ ਮੈਂ ਉਹਦਾ ਫ਼ੋਨ ਮਿਲਾਇਆ। ਉਹਨੂੰ ਹਾਲੇ ਪੰਜ ਕੁ ਮਿੰਟ ਲੱਗਣੇ ਸੀ। ਮੇਰੇ ਕੋਲ਼ੋਂ ਉਡੀਕ ਨਹੀਂ ਸੀ ਹੋ ਰਹੀ। ਉਹਨੂੰ ਵੇਖਣ ਲਈ ਦਿਲ ਕਾਹਲ਼ਾ ਪਿਆ ਹੋਇਆ ਸੀ। ਅੱਜ ਉਸਨੇ ਤਸਵੀਰ 'ਚੋਂ ਨਿਕਲ ਕੇ ਮੇਰੇ ਸਾਹਮਣੇ ਹੋਣਾ ਸੀ। ਮੇਰਾ ਝੱਲਾ ਜਿਹਾ ਦਿਲ ਵਾਰੀ ਵਾਰੀ ਫ਼ੋਨ 'ਤੇ ਟਾਈਮ ਦੇਖ ਰਿਹਾ ਸੀ। ਇਕ ਇਕ ਪਲ ਵਰ੍ਹੇ ਵਾਂਗ ਲੱਗ ਰਿਹਾ ਸੀ।

ਫੋਟੋਆਂ ਦੇਖੀਆਂ ਹੋਣ ਕਰਕੇ ਦੋਵਾਂ ਨੇ ਇਕ ਦੂਜੇ ਨੂੰ ਝੱਟ ਹੀ ਪਹਿਚਾਣ ਲਿਆ।

"ਤੂੰ ਫੋਟੋਆਂ ਨਾਲ਼ੋਂ ਕਿਤੇ ਵੱਧ ਸੋਹਣੀ ਏਂ," ਉਸਨੇ ਮਿਲਦਿਆਂ ਹੀ ਮੁਸਕਰਾ ਕੇ ਕਿਹਾ।

ਇਹੋ ਜਿਹੇ ਸ਼ਬਦ ਮੈਂ ਰੁਪਿੰਦਰ ਦੇ ਮੂੰਹੋਂ ਸੁਣਨ ਨੂੰ ਤਰਸਦੀ ਰਹੀ। 'ਸ਼ੁਕਰੀਆ' ਆਖ ਮੇਰੇ ਨੈਣ ਸ਼ਰਮ ਨਾਲ ਝੁਕ ਗਏ। ਅਸੀਂ ਦੋਵੇਂ ਰੈਸਟੋਰੈਂਟ ਦੇ ਅੰਦਰ ਚਲੇ ਗਏ। ਕੌਫੀ ਆਰਡਰ ਕਰਕੇ ਆਹਮੋ ਸਾਹਮਣੀਆਂ ਕੁਰਸੀਆਂ 'ਤੇ ਬਹਿ ਗਏ।

"ਕੁਝ ਬੋਲ ਤਾਂ ਜੋ ਅਹਿਸਾਸਾਂ ਦਾ ਪਤਾ ਲੱਗੇ।" ਮੈਨੂੰ ਚੁੱਪ ਵੇਖ ਉਸਨੇ ਕਿਹਾ।

"ਮੈਂ ਕੀ ਸੁਣਾਵਾਂ, ਤੁਸੀਂ ਸੁਣਾਉ।"

"ਤੇਰਾ ਸੱਚ ਜੋ ਸਿਰਫ ਤੂੰ ਜਾਣਦੀ ਏਂ।" ਉਹ ਮੇਰੇ ਬਾਰੇ ਜਾਣਨ ਲਈ ਕਾਹਲ਼ਾ ਸੀ।

ਮੈਂ ਆਪਣਾ ਲਿਖਿਆ ਇਕ ਸ਼ਿਅਰ ਸੁਣਾਇਆ।

"ਇਹ ਤਾਂ ਬਹੁਤ ਇਸ਼ਾਰੇ ਕਰ ਰਿਹਾ ਏ, ਕੀ ਸਮਝੀਏ?" ਸ਼ਿਅਰ ਸੁਣ ਕੇ ਉਹ ਤੁਰੰਤ ਬੋਲਿਆ।

"ਹਾ ਹਾ ਹਾ...ਕੁਝ ਵੀ ਨਈਂ, ਇਹ ਤਾਂ ਸਿਰਫ ਕਾਗ਼ਜ਼ 'ਤੇ ਝਰੀਟਾਂ ਨੇ।" ਮੈਂ ਆਪਣੇ ਜਜ਼ਬਾਤ ਲੁਕੋਣ ਦੀ ਕੋਸ਼ਿਸ਼ ਕੀਤੀ।

"ਝਰੀਟਾਂ ਨਿਸ਼ਾਨ ਪਾਉਂਦੀਆਂ ਨੇ।" ਉਹਨੇ ਮੇਰੇ ਚਿਹਰੇ 'ਤੇ ਨਜ਼ਰਾਂ ਗੱਡ ਲਈਆਂ। ਜਿਵੇਂ ਕੁਝ ਪੜ੍ਹ ਰਿਹਾ ਹੋਵੇ।

"ਹੁਣ ਇਸ ਸਭ ਦੀ ਨਾ ਉਮਰ ਏ ਤੇ ਨਾ ਹੀ ਹਿੰਮਤ।" ਮੇਰੇ ਅੰਦਰੋਂ ਹਉਂਕਾ ਜਿਹਾ ਨਿਕਲਿਆ।

"ਤੇਰੇ ਸ਼ਿਅਰ ਬੋਲ ਰਹੇ ਆ।"

"ਉਹ ਤਾਂ ਮੇਰੇ ਅੰਦਰ ਬੈਠੀ ਕਵਿੱਤਰੀ ਦੇ ਨੇ।"

"ਫਿਰ ਉਹ ਤਾਂ ਚਾਹੁੰਦੀ ਏ ਨਾ?" ਉਹ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਦਾ ਹੈ।

"ਚਾਹੀ ਜਾਏ।" ਮੈਂ ਨਜ਼ਰਾਂ ਚੁਰਾ ਲੈਂਦੀ ਹਾਂ।

"ਨਾ ਮਾਰ ਉਹਦੀਆਂ ਖਵਾਹਿਸ਼ਾਂ ਨੂੰ।"

"ਉਹਦੀ ਮਰਜ਼ੀ।"

"ਮਰਜ਼ੀ ਤੇਰਾ ਸਾਥ ਭਾਲ਼ ਰਹੀ ਏ, ਇਕ ਜ਼ਰੀਏ ਵਾਂਗ।"

"ਹੁਣ ਤਾਂ ਰੁੱਤਾਂ ਬਦਲ ਗਈਆਂ, ਸ਼ਾਮਾਂ ਪੈ ਗਈਆਂ।"

"ਸ਼ਾਮਾਂ ਚਾਨਣੀਆਂ ਵੀ ਹੁੰਦੀਆਂ, ਧੁੱਪ ਦਾ ਸੇਕ ਨਹੀਂ ਲੱਗਦਾ।"

"ਵਾਹ! ਬਹੁਤ ਸੋਹਣੀ ਗੱਲ ਆ, ਚੰਗੇ ਸ਼ਾਇਰ ਹੋ ਤੁਸੀਂ।" ਮੈਂ ਗੱਲ ਬਦਲਣੀ ਚਾਹੀ।

"ਸਿਰਫ ਗੱਲ ਸੋਹਣੀ ਤੀਕ ਸੀਮਿਤ ਕਰਨਾ?" ਉਹ ਗੁੱਝਾ ਜਿਹਾ ਮੁਸਕਰਾਇਆ।

"ਗੱਲਾਂ ਬਹੁਤ ਆਉਂਦੀਆਂ ਨੇ ਤੁਹਾਨੂੰ।"

"ਨਹੀਂ ਪਸੰਦ ਤਾਂ ਬੰਦ ਕਰ ਦਿੰਦੇ ਆਂ।"

"ਨਹੀਂ, ਨਹੀਂ...ਸੋਹਣੀਆਂ ਨੇ, ਕਰੋ। ਸ਼ਾਇਦ ਇਸ 'ਚੋਂ ਕੋਈ ਕਹਾਣੀ ਜਨਮ ਲੈ ਲਵੇ।" ਮੈਨੂੰ ਉਸਦੀਆਂ ਗੱਲਾਂ ਚੰਗੀਆਂ ਲੱਗ ਰਹੀਆਂ ਸੀ।

"ਕਹਾਣੀ ਨਹੀਂ, ਹਕੀਕਤ ਹੋਵੇ ਬਸ। ਮੈਂ ਤੈਨੂੰ ਪੜ੍ਹਨਾ ਚਾਹੁੰਦਾ ਆਂ।"

"ਔਖੀ ਆ, ਡਾਕਟਰੀ ਨਾਲ਼ੋਂ।"

"ਕੋਈ ਨਾ, ਚਲ ਦੱਸ ਕਿਸ ਚੀਜ਼ ਵਿਚ ਵਿਸ਼ਵਾਸ ਆ ?"

"ਖ਼ੂਨ ਦੇ ਰਿਸ਼ਤਿਆਂ 'ਚ ਜਾਂ ਫਿਰ ਦੋਸਤੀ।"

"ਮੁਹੱਬਤ...?"

"ਉੱਕਾ ਵੀ ਨਹੀਂ।" ਮੈਂ ਝੂਠ ਬੋਲ ਦਿੰਦੀ ਹਾਂ।

"ਕਵਿੱਤਰੀ ਆ ਜੋ?"

"ਉਹ ਮੇਰੇ ਅੰਦਰ ਆ ਜਾਂ ਫਿਰ ਕਾਗ਼ਜ਼ਾਂ 'ਤੇ...ਉਹਨੂੰ ਕਲਪਨਾ ਵਿਚ ਹੀ ਜਿਉਣ ਦਿਓ।"

"ਮੈਂ ਕਵਿੱਤਰੀ ਨੂੰ ਮਿਲਣਾ ਏ।"

"ਉਹ ਬਾਹਰ ਨਹੀਂ ਆਉਣਾ ਚਾਹੁੰਦੀ, ਡਰਪੋਕ ਆ।"

"ਚਾਹੁੰਦੀ ਆ, ਤੂੰ ਬੰਨ੍ਹ ਰੱਖੀ ਆ। ਕੋਈ ਨਾ, ਮੈਂ ਸਨਮਾਨ ਨਾਲ ਬਾਹਰ ਲੈ ਕੇ ਆਵਾਂਗਾ।"

"ਦੇਖਦੇ ਆਂ।" ਆਖ ਮੈਂ ਮੁਸਕਰਾ ਪਈ।

"ਲੇਖਕ ਕਿਹੜੇ-ਕਿਹੜੇ ਪਸੰਦ ਨੇ।"

"ਸ਼ਿਵ ਕੁਮਾਰ ਬਟਾਲਵੀ 'ਤੇ ਫਿਦਾਅ ਸੀ ਕਿਸੇ ਟਾਈਮ ਮੈਂ। ਪਰ ਅਫ਼ਸੋਸ ਉਹ ਮੇਰੇ ਜੰਮਣ ਤੋਂ ਪਹਿਲਾਂ ਹੀ ਤੁਰ ਗਿਆ।"

"ਕੋਈ ਟੁੱਟਿਆ ਭੱਜਿਆ ਲੇਖਕ ਵੀ ਪਸੰਦ ਆ ਮੇਰੇ ਵਰਗਾ।" ਉਹਨੇ ਆਪਣੇ ਆਪ ਵੱਲ ਹੱਥ ਕਰ ਕੇ ਆਖਿਆ।

"ਲੇਖਕ ਤਾਂ ਟੁੱਟੇ ਭੱਜੇ ਹੀ ਹੁੰਦੇ ਆ, ਸਾਬਤ ਬੰਦਾ ਤਾਂ ਲਿਖਦਾ ਹੀ ਨਹੀਂ ਕੁਝ।"

ਕੁਝ ਦੇਰ ਦੋਵਾਂ ਵਿਚਾਲ਼ੇ ਚੁੱਪ ਛਾ ਗਈ। ਏਨੇ ਨੂੰ ਵੇਟਰ ਕੌਫੀ ਲੈ ਆਇਆ।

"ਬੋਲੋ ਕੁਝ।" ਕੌਫੀ ਦੀ ਘੁੱਟ ਭਰਦਿਆਂ ਮੈਂ ਉਹਨੂੰ ਕਿਹਾ।

"ਤੂੰ ਉਹ ਆਂ ਜੀਹਨੇ ਮੇਰੇ ਸ਼ਬਦ ਖਤਮ ਕਰ ਦਿੱਤੇ।" ਕੁਝ ਦੇਰ ਚੁੱਪ ਰਹਿਣ ਪਿੱਛੋਂ ਉਹ ਬੋਲਿਆ।

"ਕਮਾਲ ਆ, ਮੈਂ ਤਾਂ ਸੁਣਿਆ ਸੀ ਕਿ ਕੁੜੀਆਂ ਸ਼ਬਦ ਵੰਡਦੀਆਂ ਨੇ। ਸੰਪੂਰਨ ਕਵਿਤਾ ਹੁੰਦੀਆਂ ਨੇ ਕੁੜੀਆਂ।"

"ਅਪਣਾ ਰਿਹਾ ਆਂ ਕਵਿਤਾ ਨੂੰ, ਕਵਿਤਾ ਸਮਝੇ ਤਾਂ ਈ ਆ।" ਉਹ ਮੇਰੀਆਂ ਅੱਖਾਂ ਵਿਚ ਝਾਕਿਆ।

ਉਹਨੂੰ ਮਿੱਠਾ ਪਸੰਦ ਹੈ, ਤਾਂ ਹੀ ਉਹ ਕੌਫੀ ਵਿਚ ਹੋਰ ਸ਼ੂਗਰ ਮਿਲਾਉਣ ਲੱਗਾ।

"ਕੁਝ ਮਹਿਸੂਸ ਹੋ ਰਿਹਾ ਏ?" ਮੈਨੂੰ ਲੱਗਾ ਉਹ ਮੇਰੇ ਅੰਦਰ ਹੋਈ ਹਲਚਲ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਏ।

"ਦੋਸਤੀ।"

"ਇਕ ਸ਼ਬਦ ਵਿਚ ਹੀ ਸਮੇਟਣਾ ਸਭ ਕੁਝ?" ਸ਼ਾਇਦ ਉਹ ਮੇਰੇ ਮੂੰਹੋਂ ਕੁਝ ਹੋਰ ਸੁਣਨਾ ਚਾਹੁੰਦਾ ਸੀ।

"ਸ਼ਬਦ ਚਾਹੇ ਇਕ ਆ ਪਰ ਬਹੁਤ ਕੁਝ ਸਮੇਟ ਲੈਂਦਾ ਇਹ ਆਪਣੇ ਅੰਦਰ।"

"ਦੋਸਤੀ ਕਬੂਲ ਆ?" ਉਹਨੇ ਆਪਣਾ ਸੱਜਾ ਹੱਥ ਮੇਰੇ ਵੱਲ ਵਧਾਉਂਦਿਆਂ ਪੁੱਛਿਆ।

"ਕਬੂਲ ਆ।" ਉਹਦੇ ਹੱਥ 'ਤੇ ਮੈਂ ਆਪਣਾ ਹੱਥ ਧਰਦਿਆਂ ਕਿਹਾ।

ਉਹਨੇ ਹਲਕਾ ਜਿਹਾ ਹੱਥ ਘੁੱਟਿਆ ਤਾਂ ਮੇਰੇ ਅੰਦਰ ਇਕ ਕਰੰਟ ਜਿਹਾ ਫਿਰ ਗਿਆ।

ਮੇਰੀ ਉਮੀਦ ਤੋਂ ਉਲਟ ਜਦੋਂ ਦਾ ਉਹਨੇ ਮੇਰਾ ਹੱਥ ਫੜ ਕੇ ਘੁੱਟਿਆ ਉਦੋਂ ਦੀ ਮੈਂ ਸਹਿਜ ਨਹੀਂ ਸਾਂ।

"ਚੱਲੀਏ?" ਕੌਫੀ ਖਤਮ ਕਰਦਿਆਂ ਹੀ ਮੈਂ ਪੁੱਛਿਆ।

"ਡਰ ਲੱਗਦੈ?"

"ਨਹੀਂ ਤਾਂ।"

"ਮੈਨੂੰ ਲੱਗਾ ਹੁਣ ਤੂੰ ਡਰ ਰਹੀ ਏਂ ਮੇਰੇ ਤੋਂ।"

"ਦੋਸਤ ਤੋਂ ਕਾਹਦਾ ਡਰ!" ਮੈਂ ਨਾਰਮਲ ਹੋਣ ਦੀ ਕੋਸ਼ਿਸ਼ ਕੀਤੀ।

"ਵਾਅਦਾ ਕਰ ਛੇਤੀ ਮਿਲੇਂਗੀ।"

"ਹੂੰਅ" ਮੇਰੇ ਮੂੰਹੋਂ ਹੋਰ ਸ਼ਬਦ ਨਾ ਨਿਕਲਿਆ।

ਰੈਸਟੋਰੈਂਟ ਵਿਚੋਂ ਨਿਕਲ ਅਸੀਂ ਆਪੋ ਆਪਣੇ ਰਾਹ ਪੈ ਗਏ। ਘਰ ਆ ਕੇ ਉਹਦੇ ਬਾਰੇ ਹੀ ਸੋਚੀ ਗਈ। ਹੈ ਭਾਵੇਂ ਉਹ ਡਾਕਟਰ ਪਰ ਚਿਹਰੇ ਪੜ੍ਹਨੇ ਬਾਖੂਬੀ ਜਾਣਦਾ ਆ। ਮੈਂ ਹਰ ਗੱਲ ਵਿਚ ਉਹਦੀ ਤੇ ਰੁਪਿੰਦਰ ਦੀ ਤੁਲਨਾ ਕਰਦੀ ਤਾਂ ਹਰ ਥਾਂ 'ਤੇ ਉਹਦਾ ਪੱਲੜਾ ਹੀ ਭਾਰੀ ਰਿਹਾ। ਉਹ ਮੁਹੱਬਤੀ ਇਨਸਾਨ ਔਰਤ ਦੀਆਂ ਭਾਵਨਾਵਾਂ ਸਮਝਦਾ ਆ। "ਕਾਸ਼! ਰੁਪਿੰਦਰ ਵੀ ਉਹਦੇ ਵਰਗਾ ਹੁੰਦਾ।" ਮੈਂ ਲੰਬਾ ਜਿਹਾ ਸਾਹ ਲੈ ਕੇ ਛੱਡਦੀ ਹਾਂ।

"ਅੱਜ ਬੜੀ ਖੁਸ਼ ਏਂ।" ਰੁਪਿੰਦਰ ਦੇ ਇਸ ਸਵਾਲ ਨੇ ਮੈਨੂੰ ਚੌਂਕਾ ਦਿੱਤਾ। ਅੱਜ ਉਸਨੇ

ਇਹ ਸਵਾਲ ਆਪਣੇ ਸੁਭਾਅ ਦੇ ਉਲਟ ਕੀਤਾ। ਪਹਿਲਾਂ ਉਹਨੇ ਕਦੇ ਏਦਾਂ ਨਹੀਂ ਕਿਹਾ। ਹੋ ਸਕਦਾ ਉਹ ਬਿਨਾਂ ਕਹੇ ਨੋਟ ਕਰਦਾ ਹੋਵੇ।

ਮਨ ਵਿਚ ਚੋਰ ਹੋਣ ਕਰਕੇ ਮੈਂ ਉਹਨੂੰ ਮਿਲਣ ਵਾਲੀ ਗੱਲ ਰੁਪਿੰਦਰ ਤੋਂ ਛੁਪਾ ਲਈ। ਅੱਜ ਪਹਿਲੀ ਵਾਰ ਸੀ ਕਿ ਰੁਪਿੰਦਰ ਨਾਲ ਨਜ਼ਰ ਮਿਲਾਉਂਦਿਆਂ ਮੈਨੂੰ ਘਬਰਾਹਟ ਜਿਹੀ ਹੋ ਰਹੀ ਸੀ।

ਉਹ ਸ਼ਬਦਾਂ ਦਾ ਜਾਦੂਗਰ ਆ। ਕੀਲਣਾ ਜਾਣਦਾ ਏ। ਹੌਲ਼ੀ ਹੌਲ਼ੀ ਰੁਪਿੰਦਰ ਵੱਲੋਂ ਧਿਆਨ ਹਟਦਾ ਉਹਦੇ ਵੱਲ ਲੱਗਣ ਲੱਗਾ। ਉਹ ਹੀ ਸਾਰਾ ਦਿਨ ਦਿਲ ਦਿਮਾਗ਼ 'ਤੇ ਛਾਇਆ ਰਹਿੰਦਾ। ਫ਼ੋਨ 'ਤੇ ਘੰਟਿਆਂ ਬੱਧੀ ਗੱਲ ਕਰਕੇ ਵੀ ਮਨ ਨਾ ਭਰਦਾ।

"ਮਹੀਨਾ ਹੋ ਚੱਲਿਆ ਚੰਨ ਨੂੰ ਤੱਕਿਆਂ, ਹੁਣ ਤਾਂ ਆ ਜੋ ਚੰਨ ਜੀ।" ਉਹ ਫ਼ੋਨ 'ਤੇ ਆਖਦਾ।

ਮੇਰਾ ਜੀਅ ਵੀ ਕਰਦਾ ਮਿਲਣ ਨੂੰ ਪਰ ਮੈਂ ਬਹਾਨੇ ਜਿਹੇ ਮਾਰ ਦਿੰਦੀ ਕਿਉਂਕਿ ਜਦੋਂ ਵੀ ਜਾਣ ਲਈ ਮਨ ਪੱਕਾ ਜਿਹਾ ਕਰਦੀ ਤਾਂ ਰੁਪਿੰਦਰ ਨਾਲ ਧੋਖਾ ਕਰਨ ਨੂੰ ਮਨ ਨਾ ਕਰਦਾ। ਮੈਂ ਦੋ ਚੱਕੀਆਂ ਵਿਚ ਪਿਸਣ ਲੱਗੀ।

ਇਸੇ ਕਸ਼ਮਕਸ਼ ਵਿਚ ਭੁੱਲ ਗਈ ਕਿ ਇਸ ਵਾਰ ਪੀਰੀਅਡਸ ਨਹੀਂ ਆਏ। ਦਿਨ ਗਿਣੇ ਤਾਂ ਦਸ ਦਿਨ ਉੱਤੇ ਹੋ ਗਏ ਸੀ। ਟੈੱਸਟ ਕੀਤਾ ਤਾਂ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਰੁਪਿੰਦਰ ਦਾ ਅੰਸ਼ ਮੇਰੀ ਕੁੱਖ ਵਿਚ ਧੜਕ ਰਿਹਾ ਸੀ।

"ਕਿਵੇਂ ਦੱਸਾਂਗੀ, ਕੀ ਕਹਾਂਗੀ।" ਮੈਂ ਰੁਪਿੰਦਰ ਨੂੰ ਇਹ ਖ਼ੁਸ਼ਖ਼ਬਰੀ ਸੁਣਾਉਣ ਲਈ ਸ਼ਬਦ ਲੱਭਣ ਲੱਗੀ। ਸ਼ੀਸ਼ੇ ਮੂਹਰੇ ਖੜ੍ਹ ਕੇ ਦੇਖਿਆ ਤਾਂ ਆਪਣਾ ਅਕਸ ਬਹੁਤ ਪਿਆਰਾ ਲੱਗਾ। ਮੱਲੋ ਜ਼ੋਰੀ ਹੱਥ ਪੇਟ ਨੂੰ ਟੋਹਣ ਲੱਗੇ।

ਰੁਪਿੰਦਰ ਆਇਆ ਤਾਂ ਮੈਂ ਉਹਦੇ ਗਲ਼ ਦੁਆਲੇ ਬਾਂਹਾਂ ਵਲ਼ ਕੇ ਉਹਦੀਆਂ ਅੱਖਾਂ ਵਿਚ ਦੇਖਣ ਲੱਗੀ। ਉਹਨੇ ਮੇਰੇ ਅੰਦਰ ਖੌਰੂ ਪਾਉਂਦੀ ਖ਼ੁਸ਼ੀ ਨੂੰ ਝੱਟ ਵੇਖ ਲਿਆ।

"ਕੀ ਗੱਲ ਸੋਹਣਿਓ, ਖ਼ੈਰ ਆ?"

"ਕੰਨ ਕਰੋ।" ਕਹਿ ਕੇ ਮੈਂ ਰੁਪਿੰਦਰ ਦੇ ਕੰਨ ਕੋਲ਼ ਆਪਣਾ ਮੂੰਹ ਕੀਤਾ।

"ਤੁਸੀਂ ਪਾਪਾ ...।" ਕਹਿ ਮੈਂ ਰੁਪਿੰਦਰ ਦਾ ਹੱਥ ਫੜ ਆਪਣੇ ਪੇਟ 'ਤੇ ਰੱਖ ਦਿੱਤਾ।

ਰੁਪਿੰਦਰ ਨੇ ਖ਼ੁਸ਼ੀ ਨਾਲ ਮੈਨੂੰ ਘੁੱਟ ਕੇ ਕਲ਼ੇਜੇ ਨਾਲ ਲਾ ਲਿਆ। ਖ਼ੁਸ਼ੀ ਵਿਚ ਖੀਵਾ ਹੋਇਆ ਉਹ ਮੁੜ ਮੁੜ ਮੇਰਾ ਮੱਥਾ ਚੁੰਮ ਰਿਹਾ ਸੀ।

"ਤਿਆਰ ਹੋ, ਬਾਹਰ ਡਿਨਰ ਕਰਕੇ ਆਉਂਦੇ ਆਂ।"

"ਪਹਿਲਾਂ ਸ਼ੁਕਰਾਨੇ ਲਈ ਗੁਰੂ ਘਰ ਚੱਲਾਂਗੇ।" ਆਖ ਮੈਂ ਤਿਆਰ ਹੋਣ ਲੱਗ ਪਈ।

ਉਹਦਾ ਫ਼ੋਨ ਆ ਗਿਆ। ਮੈਂ ਕੱਟ ਦਿੱਤਾ। ਬੜੀ ਵਾਰੀ ਆਇਆ। ਹਰ ਵਾਰੀ ਕੱਟਿਆ।

ਰੁਪਿੰਦਰ ਨੇ ਏਨੀਆਂ ਗੱਲਾਂ ਕੀਤੀਆਂ ਜੋ ਉਹਨੇ ਏਨੇ ਸਾਲਾਂ ਵਿਚ ਨਹੀਂ ਕੀਤੀਆਂ ਸੀ। ਆਪਣੇ ਬਚਪਨ ਦੀਆਂ, ਸਕੂਲ ਦੀਆਂ, ਕਾਲਿਜ ਦੀਆਂ, ਸਭ। ਘਰ ਪਰਤਦਿਆਂ ਅਹਿਸਾਸ ਹੋਇਆ ਕਿ ਰੁਪਿੰਦਰ ਵਧੀਆ ਇਨਸਾਨ ਆ। ਉਹ ਬਸ ਚੁੱਪ ਤੇ ਸ਼ਾਂਤ ਰਹਿ ਕੇ ਆਪਣੇ ਅੰਦਰਲੀ ਤਕਲੀਫ਼ ਨੂੰ ਲਕੋਣਾ ਜਾਣਦਾ ਆ।ਅੱਜ ਉਹ ਖ਼ੁਸ਼ ਆ ਤਾਂ ਲੀਰਾਂ ਦੀ ਖਿੱਦੋ ਵਾਂਗ ਖੁੱਲ੍ਹਦਾ ਹੀ ਚਲਾ ਗਿਆ। ਮੈਨੂੰ ਲੱਗਾ ਕਿ ਮੈਂ ਇਸ ਰੁਪਿੰਦਰ ਨੂੰ ਤਾਂ ਕਦੇ ਮਿਲੀ ਹੀ ਨਹੀਂ ਸੀ। ਰੁਪਿੰਦਰ ਦੇ ਇਸ ਨਵੇਂ ਰੂਪ 'ਤੇ ਮੈਨੂੰ ਪਿਆਰ ਆਈ ਜਾਵੇ।

ਅੱਜ ਦਾ ਦਿਨ ਯਾਦਗਾਰੀ ਦਿਨ ਬਣ ਗਿਆ। ਮੈਂ ਬੇਹੱਦ ਖ਼ੁਸ਼ ਸੀ ਤੇ ਮੇਰੇ ਤੋਂ ਵੀ ਵੱਧ ਰੁਪਿੰਦਰ। ਫ਼ੋਨ ਵੱਜਿਆ। ਉਹਦਾ ਨੰਬਰ ਵੇਖ ਮੈਂ ਨੰਬਰ ਬਲੌਕ ਲਿਸਟ ਵਿਚ ਪਾ ਦਿੱਤਾ। ਆਪਣੇ ਵਿਚ ਉਸਰਦੀ ਕੰਧ ਨੂੰ ਢਾਹ ਕੇ ਮੈਂ ਰੁਪਿੰਦਰ ਦੀ ਬਾਂਹ ਨੂੰ ਸਿਰਹਾਣਾ ਬਣਾ ਕੇ ਪੈ ਗਈ। 000

***(307 ਬਾਜਵਾ ਕਲੋਨੀ, ਨੇੜੇ DMW ਗੁਰਦੁਆਰਾ ਸਾਹਿਬ, ਪਟਿਆਲਾ-147 001***
***ਫੋਨ: +91-78886-85044 Email: kamal.sekhon307@yahoo.com)***

# ਮੇਰਾ ਤਾਇਆ ਸੂਬੇਦਾਰ: ਅਵਤਾਰ ਸਿੰਘ ਬਿਲਿੰਗ

ਸਵਾ ਦੋ ਸਾਲਾਂ ਦਾ ਸਾਂ ਜਦੋਂ ਮੇਰਾ ਤਾਇਆ ਪੈਨਸ਼ਨ ਆਇਆ। ਮੈਨੂੰ ਸੋਝੀ ਨਹੀਂ। ਉਸ ਦੇ ਲਿਆਂਦੇ ਵਧੀਆ ਪਲਾਸਟਿਕ ਦੇ ਕੁੱਤੇ ਨਾਲ ਮੈਂ ਕਈ ਸਾਲਾਂ ਤਕ ਖੇਡਦਾ ਰਿਹਾ ਹਾਂ। ਤਾਏ ਦਾ ਮਕਾਨ ਸਾਡੇ ਤੋਂ ਵੱਖਰਾ ਸੀ। ਥੋੜ੍ਹਾ ਵੱਡਾ ਹੋਇਆ, ਤਾਏ ਨੂੰ ਮਾਘੀ ਦੀ ਪਿੱਪਲੀ ਹੇਠ ਮੁੰਗਲੀਆਂ ਫੇਰਦਾ ਵੇਖਦਾ। ਉਸ ਦੇ ਕਰਤੱਵ ਦੇਖਣ ਲਈ ਚੰਗਾ ਇਕੱਠ ਹੋ ਜਾਂਦਾ। "ਓ ਬੱਲੇ ਜਮਾਂਦਾਰਾ!" "ਨਹੀਂ ਰੀਸਾਂ ਸਾਡੇ ਸੂਬੇਦਾਰ ਦੀਆਂ!" ਦੀਆਂ ਆਵਾਜ਼ਾਂ ਆਉਂਦੀਆਂ। ਚੀਨ ਨਾਲ ਜੰਗ ਹੋ ਕੇ ਹਟੀ ਤਾਂ ਪਿੰਡ ਵਿਚ 'ਰਕਸ਼ਾ ਦਲ' ਬਣ ਗਿਆ ਜਿੱਥੇ ਪਿੰਡ ਦੇ ਤੰਦਰੁਸਤ ਗੱਭਰੂਆਂ ਨੂੰ ਤਾਇਆ ਪਰੇਡ ਕਰਾਉਂਦਾ। ਸਾਰੇ ਉਸ ਨੂੰ ਜਮਾਂਦਾਰ ਆਖਦੇ। ਜਮਾਂਦਾਰ ਯਾਨੀ ਕਿ ਨਾਇਬ ਸੂਬੇਦਾਰ। ਸਾਡੇ ਘਰ ਉਸ ਦੇ ਦਿੱਤੇ ਦੋ ਬਕਸੇ ਸਨ ਜਿਹਨਾਂ ਉਪਰ ਅੰਗਰੇਜ਼ੀ ਵਿਚ ਲਿਖਿਆ ਨਾਮ 'ਜਮਾਂਦਾਰ ਜਾਗੀਰ ਸਿੰਘ' ਮੈਂ ਛੇਵੀਂ ਜਮਾਤ ਵਿਚ ਪਹਿਲੀ ਵਾਰ ਪੜ੍ਹਨ ਦੇ ਸਮਰੱਥ ਹੋਇਆ।

ਉਹ ਤਕੜੀਆਂ ਦੋ ਮੱਝਾਂ ਰੱਖਦਾ। ਆਪਣੇ ਹਿੱਸੇ ਦੀ ਜ਼ਮੀਨ ਦਾ ਠੇਕਾ ਲੈਂਦਾ। ਕਦੇ ਕਦਾਈਂ ਮੈਂ ਤਾਏ ਦੇ ਘਰ ਜਾਂਦਾ, ਜਮਾਂਦਾਰਨੀ ਤਾਈ ਮੈਨੂੰ ਦੁੱਧ ਵਿਚ ਆਂਡਾ ਫੈਂਟ ਕੇ ਦਿੰਦੀ। ਉਸ ਮਕਾਨ ਦੀ ਅੰਦਰਲੀ ਦੀਵਾਰ ਉਪਰ ਕਾਲ਼ੀਆਂ ਚਿੱਟੀਆਂ ਧਾਰੀਆਂ ਵਾਲੇ ਚੀਤੇ ਦੀ ਖੱਲ ਟੰਗੀ ਹੁੰਦੀ ਜਿਸ ਦਾ ਤਾਏ ਨੇ ਫੌਜ ਵਿਚ ਰਹਿੰਦਿਆਂ ਸ਼ਿਕਾਰ ਕੀਤਾ ਸੀ। ਸਾਡਾ ਖੂਹ ਲਾਹੁਣ ਵੇਲ਼ੇ ਬਾਬੇ ਵੱਲੋਂ ਸਾਂਝੇ ਥਾਂ ਗਹਿਣੇ ਧਰੇ ਛੇ ਕਿੱਲੇ ਤਾਏ ਨੇ ਪੈਨਸ਼ਨ ਆਉਂਦੇ ਸਾਰ ਬਿਗਾਨੇ ਬੰਦਿਆਂ ਤੋਂ ਆਪ ਛੁਡਵਾ ਲਏ ਸਨ। ਸਾਲ ਕੁ ਮਗਰੋਂ ਬਾਪੂ ਤੇ ਛੋਟਾ ਤਾਇਆ ਗਹਿਣੇ ਦੀ ਸਾਰੀ ਰਕਮ ਤਿੰਨ ਏਕੜ ਉੱਤੇ ਪਵਾ ਕੇ ਕੁਝ ਹੋਰ ਸਿਆੜ ਵਾਹੁਣ ਬੀਜਣ ਲਈ ਮੁਕਤ ਕਰਵਾਉਣੇ ਲੋਚਦੇ ਤਾਏ ਨਾਲ ਖਹਿਬੜ ਪੈਂਦੇ। "ਵਾਹ ਬਈ ਬਈ। ਚੰਗੀ ਸ਼ਾਬਾਸ਼ ਦੇਣ ਲੱਗੇ ਓ। ਫੌਜ ਦੀ ਕਮਾਈ ਮੈਂ ਖਾਨਦਾਨ ਦੀ ਇੱਜ਼ਤ ਬਚਾਉਣ 'ਤੇ ਲਾਤੀ। ਕਰਤੀ ਨਾ ਉਹੀ ਗੱਲ। ਸੂਤ ਨਾ ਪਤਾਣ ਜੁਲਾਹੇ ਨਾਲ਼ ਠੈਂਗਾ ਠੈਂਗੀ। ਕੁਛ ਦਿੱਤੇ ਲਏ ਬਿਨਾਂ ਮੈਂ ਅੱਧੇ ਸਿਆੜ ਕਿਵੇਂ ਛੱਡ ਦੇਵਾਂ?" ਤਾਇਆ ਵੀ ਮਾਂਹ ਦੇ ਆਟੇ ਵਾਂਗ ਆਕੜ ਜਾਂਦਾ।

ਸੱਠਵਿਆਂ ਵਿਚ ਉਸ ਨੇ ਖੇਤੀ ਕਰਨੀ ਸ਼ੁਰੂ ਕੀਤੀ ਪਰ ਚੜਸਾਂ ਹਰਟਾਂ ਦੇ ਜ਼ਮਾਨੇ ਤੋਂ ਮੋਟਰਾਂ ਬੰਬਿਆਂ ਤਕ ਲੰਬਾ ਅਰਸਾ ਇਸ ਤੋਂ ਦੂਰ ਰਹਿਣ ਕਰ ਕੇ ਉਹ ਕਿਰਸਾਣੀ ਦੀ 'ਕਰਤ ਵਿੱਦਿਆ' ਭੁੱਲ ਚੁੱਕਾ ਸੀ। ਤਿੰਨ ਤੋਂ ਵੱਧ ਦਹਾਕਿਆਂ ਬਾਅਦ ਜਦੋਂ ਹੁਣ ਹਰਾ ਇਨਕਲਾਬ ਵੀ ਬੂਹੇ ਆ ਵੜਿਆ ਸੀ, ਉਹ ਬਦਲ ਰਹੀ ਖੇਤੀ ਬਾੜੀ ਬਾਰੇ ਬਾਪੂ ਜਿੰਨੀ ਮੁਹਾਰਤ ਨਾ ਰੱਖਦਾ। ਦੋ ਤਿੰਨ ਵਰ੍ਹਿਆਂ ਮਗਰੋਂ ਕਣਕ ਕੱਢਣ ਲਈ ਛੋਟੇ ਥਰੈਸ਼ਰ ਆ ਗਏ, ਜਿਹਨਾਂ ਨੂੰ 'ਡਰੰਮੀਆਂ' ਆਖਦੇ। ਤਾਏ ਦੀ ਖਰੀਦੀ ਮਹਿੰਗੀ ਕਣਕ ਕੱਢਣੀ ਮਸ਼ੀਨ ਨਾਲੋਂ ਸਾਡੀ ਡਰੰਮੀ ਸਸਤੀ ਹੋਣ ਦੇ ਬਾਵਜੂਦ ਦਾਣੇ ਵੱਧ ਸਾਫ਼ ਕੱਢਦੀ। ਤਾਇਆ ਜਦੋਂ ਕਾਲ਼ੀਆਂ ਐਨਕਾਂ ਲਾ ਕੇ ਰੁੱਗ ਲਾਉਂਦਾ ਤਾਂ ਵੀ ਦਾਣੇ ਤਿੜਕ ਕੇ ਉਸ ਦੀਆਂ ਨਾਸਾਂ ਉਤੇ ਵੱਜਦੇ। ਕਣਕ ਵਿਚ ਤੂੜੀ ਰਲ਼ੀ ਹੁੰਦੀ। ਕਣਕ ਦੀਆਂ ਬੱਲੀਆਂ ਦੀ ਰਹਿੰਦ ਖੂੰਹਦ, ਸੁੱਕੀ ਨਾਲ਼ੀ ਦੀਆਂ ਗੰਢਾਂ ਜਿਹਨਾਂ ਨੂੰ 'ਮੱਖੀ' ਆਖਦੇ, ਦਾਣਿਆਂ ਵਿਚ ਰਲ਼ੀਆਂ ਡਰੰਮੀ ਦੀਆਂ ਲੱਤਾਂ ਵਿਚਾਲੇ ਡਿੱਗਦੀਆਂ। "ਏਹਨੂੰ ਅੱਗ ਲੱਗਣੀ ਮਣਾਂ ਮੂੰਹੀਂ ਲੋਹਾ ਥੱਪੀ ਨੂੰ ਪਤਾ ਨਹੀਂ ਕੀ ਖਾ ਗਿਐ? ਔਹ ਛੋਟੇ ਦੀ ਏਦੋਂ ਸਸਤੀ ਹਲਕੀ ਜੇਹੀ ਢਮਢਮੀ ਭੋਰਾ ਮੱਖੀ ਨਹੀਂ ਛੱਡਦੀ, ਮੋਤੀਆਂ ਵਰਗੀ ਕਣਕ ਕੱਢਦੀ।" ਤਾਇਆ ਕਲਪਦਾ।

ਇੰਝ ਡਰੰਮੀ ਨਾਲ ਜੁੱਧ ਲੜਦੇ ਤਾਏ ਦਾ ਇਹ ਤੀਜਾ ਸੀਜ਼ਨ ਸੀ ਜਦੋਂ ਅਚਾਨਕ ਉਹੀ

ਮਿਸਤਰੀ ਜਿਸ ਤੋਂ ਇਹ ਛੋਟਾ ਥਰੈਸ਼ਰ ਬਣਵਾਇਆ ਸੀ, ਇਕ ਦੁਪਹਿਰ ਡਰੰਮੀ ਚਲਦੀ ਮੌਕੇ ਆ ਗਿਆ। ਉਸ ਨੇ ਰੁੱਗ ਲਾਉਂਦੇ, ਬੇਹੱਦ ਦੁਖੀ ਹੋਏ ਤਾਏ ਨੂੰ ਵੇਖਿਆ। ਪਾੜਛੇ ਵਿਚੋਂ ਤਿੜਕਦੇ ਦਾਣੇ ਬੰਦੂਕ ਦੇ ਛਰਲਿਆਂ ਵਾਂਗ ਉਸ ਦੇ ਨੱਕ ਮੂੰਹ ਉੱਤੇ ਵੱਜਦੇ। ਬਚਾਅ ਲਈ ਤਾਏ ਨੇ ਅੱਖਾਂ ਉਤੇ ਬੇਸ਼ੱਕ ਕਾਲ਼ੇ ਖੋਪੇ ਚੜ੍ਹਾਏ ਅਤੇ ਨੱਕ ਮੂੰਹ ਉਪਰ ਮੋਟਾ ਢਾਠਾ ਬੰਨ੍ਹਿਆ ਹੋਇਆ ਸੀ।

"ਡਰੰਮੀ ਰੋਕ, ਬਈ ਸੂਬੇਦਾਰ ਸਾਹਬ।" ਗੁਆਂਢੀ ਪਿੰਡ ਗੋਹ ਤੋਂ ਆਏ ਧਰਮੇ ਮਿਸਤਰੀ ਨੇ ਮੁਸਕਰਾਉਂਦਿਆਂ ਇਸ਼ਾਰਾ ਕੀਤਾ, "ਮਖਿਆ, ਆਹ ਕੀ ਮਖਿਆਲ਼ ਚੋਣ ਆਲ਼ਿਆਂ ਵਾਂਗੂੰ ਝੁੰਗਲ਼ਮਾਟਾ ਮਾਰਿਐ?" ਤਾਏ ਦੇ ਮੂੰਹ ਵੱਲ ਵੇਖਦਾ ਮਿਸਤਰੀ ਹੱਸਣੋਂ ਨਾ ਹਟੇ। ਉਸ ਨੇ ਪੁਲ਼ੀ ਤੋਂ ਪਟਾ ਲਾਹ ਕੇ ਦੋਬਾਰਾ ਚੜ੍ਹਾਇਆ। ਡਰੰਮੀ ਰਵਾਂ ਹੋ ਕੇ 'ਗਰਨ ਗਰਨ' ਚੱਲਣ ਲੱਗੀ। ਤੂੜੀ ਅਲੱਗ। ਮੋਤੀਆਂ ਵਰਗੇ ਦਾਣੇ ਅਲਹਿਦਾ।

"ਪਤੰਦਰਾ, ਤਿੰਨ ਸਾਲ ਪੁੱਠੀਓ ਡਰੰਮੀ ਚਲਾਈ ਗਿਐਂ। ਪਟਾ ਲਾਹ ਕੇ ਕੈਂਚੀ ਚੜ੍ਹਾ ਕੇ ਤਾਂ ਦੇਖ ਲੈਂਦਾ?"

"ਸਾਨੂੰ ਫੌਜੀ ਐਵੇਂ ਨ੍ਹੀਂ ਕਹਿੰਦੇ, ਭਾਈ ਧਰਮਿਆਂ। ਚੌਵੀ ਸਾਲ ਦੀ ਅਫਸਰੀ ਕਿਤੇ ਏਨੀ ਸੁੱਧ ਬੁੱਧ ਰਹਿਣ ਦਿੰਦੀ? ਤੈਂ ਵੀ ਕਿਹੜਾ ਮੁੜ ਕੇ ਗੇੜਾ ਮਾਰਿਐ?" ਹਰਸ਼ਾਈ ਹੋਈ ਤਾਈ ਚਹਿਕ ਪਈ।

ਤਾਏ ਦਾ ਇਹ ਦੂਜਾ ਵਿਆਹ ਸੀ।ਪਹਿਲਾ 'ਗਾਂਢਾ ਸਾਂਢਾ' ਉਸ ਦਾ ਬਹੁਤ ਪਹਿਲਾਂ ਹੋਇਆ ਸੀ। ਜਦੋਂ ਉਸ ਦੇ ਕਹਿਣ ਅਨੁਸਾਰ 'ਸਨਿੱਚਰ ਦੀ ਸਾੜ੍ਹਸਤੀ' ਚਲਦੀ। ਉਹ ਨਾਬਾਲਗ਼ ਗੱਭਰੂ ਸੀ। "ਛੋਟੇ ਭਾਈ, ਆਹ ਗੰਧਾਲ਼ੀ ਫੜਾਈਂ ਤਾਂ 'ਕੇਰਾਂ।" ਆਥਣ ਵਕਤ ਖੇਤ ਨੂੰ ਵਾੜ ਗੱਡ ਕੇ ਘਰ ਨੂੰ ਮੁੜਦੇ ਤਾਏ ਤੋਂ ਉਸ ਦੇ ਨੇੜ ਸਕਿਆਂ ਵਿਚੋਂ ਇੰਦਰ ਸਿਹੁੰ ਬਿੱਲੇ ਨੇ ਕੰਧਾਲੀ ਖੋਹ ਲਈ। ਉਸ ਕੰਧਾਲੀ ਨਾਲ ਬਿੱਲੇ ਨੇ ਰਾਤ ਨੂੰ ਦੋ ਕਤਲ ਕਰ ਦਿੱਤੇ। ਸਨਾਖ਼ਤ ਹੋਈ। ਅਸਲ ਕਾਤਲ ਬੇਸ਼ੱਕ ਬਿੱਲਾ ਬਰਿਆੜ ਤੇ ਮਸਤੂ ਅਮਲੀ ਸਨ। ਪਰ ਦੋਹਾਂ ਮੁੱਖ ਮੁਲਜ਼ਮਾਂ ਨਾਲ ਤਾਏ ਸਮੇਤ ਪੱਤੀ ਦੇ ਪੰਜ ਹੋਰ ਬੰਦੇ ਮੁਫ਼ਤ ਵਿਚ ਬੰਨ੍ਹੇਂ ਗਏ। ਉਸ ਨੂੰ ਵਾਇਦਾ ਮਾਫ਼ ਗਵਾਹ ਬਣਾਉਣ ਲਈ ਥਾਣੇਦਾਰ ਹਰੀ ਰਾਮ ਪੁਲਸ ਲਾਈਨ ਵਿਚ ਰੱਖ ਕੇ ਤਿੰਨ ਮਹੀਨੇ ਤਸੀਹੇ ਦਿੰਦਾ ਰਿਹਾ। ਅਖੀਰ ਤਾਏ ਦੀ ਅਮਲੀ ਸਿਪਾਹੀ ਚਿਰਾਗ਼ਦੀਨ ਨਾਲ ਪਈ ਲਿਹਾਜ਼ ਕੰਮ ਆਈ।"ਕੱਲ੍ਹ ਵਾਲ਼ੀ ਤਾਰੀਖ਼ ਉੱਤੇ ਵੇਖੀਂ ਕਿਤੇ ਡੀ ਸੀ ਸਾਹਿਬ ਮੋਹਰੇ ਮੰਨ ਨਾ ਜਾਵੀਂ। ਹੁਣ ਏਸ ਜ਼ਾਲਮ ਦਰੋਗੇ ਨੂੰ ਹੋਰ ਰਿਮਾਂਡ ਨਹੀਂ ਮਿਲਣ ਲੱਗਿਆ," ਸਿਪਾਹੀ ਨੇ ਗੁਣਗੁਣੀ ਆਵਾਜ਼ ਵਿਚ ਚਿਤਾਵਨੀ ਦਿੱਤੀ। ਹਰੀਰਾਮ ਕੋਲ਼ ਮੰਨਿਆ ਤਾਇਆ ਡੀ ਸੀ ਅੱਗੇ ਜਾ ਕੇ ਮੁੱਕਰ ਗਿਆ। ਦਰੋਗ਼ੇ ਨੇ ਦੁਬਾਰਾ ਰਿਮਾਂਡ ਮੰਗਿਆ ਤਾਂ ਤਾਏ ਨੇ ਆਪਣੀ ਹਵਾਲਾਤ ਵਾਲੀ ਟੋਪੀ ਹੇਠ ਲੁਕਾਇਆ ਉਖੜੇ ਵਾਲ਼ਾਂ ਦਾ ਗੁੱਛਾ ਡੀ ਸੀ ਦੇ ਮੇਜ਼ ਉਪਰ ਰੱਖ ਦਿੱਤਾ, "ਐਹ ਨਿੱਤ ਦੇ ਤਸੀਹਿਆਂ ਨਾਲੋਂ ਮੇਰੇ ਗੋਲ਼ੀ ਮਾਰ ਦਿਓ ਸਾਹਿਬ," ਸਿਰ ਵਿਚ ਪਿਆ ਤਾਜ਼ਾ ਗੰਜ ਵਿਖਾਉਂਦਾ ਉਹ ਗਿੜਗਿੜਾਇਆ।

"ਦੇਖੀਏ ਆਪ ਕਾਤਲੋਂ ਕੇ ਸਾਥ ਥੇ। ਹਥਿਆਰ ਭੀ ਤੁਮ੍ਹਾਰਾ ਥਾ। ਤੇਰੀ ਉਮਰ ਦੇਖ ਕਰ ਛੋੜ ਰਹਾ ਹੂੰ।" ਗੋਰੇ ਡਿਪਟੀ ਕਮਿਸ਼ਨਰ ਨੂੰ ਤਰਸ ਆ ਗਿਆ। ਹਵਾਲਾਤੋਂ ਛੁੱਟੇ ਤਾਏ ਨੇ ਕੋਠੀ ਲੱਗੇ ਛੇ ਮੁਲਜ਼ਮਾਂ ਨੂੰ ਛੁਡਵਾਉਣ ਲਈ ਲਾਹੌਰ ਜਾ ਕੇ ਅਪੀਲ ਪਾਈ। ਸਵਾ ਮਹੀਨਾ ਵਕੀਲ ਭਗਤ ਰਾਮ ਪੁਰੀ ਦੀ ਕੋਠੀ ਵਿਚ ਰਹਿੰਦਾ, ਹਾਈ ਕੋਰਟ ਵਿਚ ਪਈ ਅਪੀਲ ਦਾ ਨਤੀਜਾ ਉਡੀਕਦਾ, ਉਹ ਵਕੀਲ ਦੀ ਹਲਟੀ ਹੱਕਦਾ ਸਬਜ਼ੀ ਭਾਜੀ ਸਿੰਜਦਾ ਰਿਹਾ। 'ਅਪੀਲ ਹਰੀ ਹੋਈ।' ਸਾਰੇ ਬਰੀ ਹੋ ਗਏ ਤਾਂ ਤਾਇਆ ਭੱਜ ਕੇ 'ਬੰਗਾਲ ਇੰਜੀਨੀਅਰਜ਼' ਵਿਚ ਭਰਤੀ ਜਾ ਹੋਇਆ। ਪਹਿਲੀ ਛੁੱਟੀ ਆਇਆ। ਮੁੱਲ ਦੀ ਔਰਤ ਦਾ ਜੁਗਾੜ ਬਣਿਆ ਜਿਹੜੀ ਕੁਝ ਅਰਸੇ

ਮਗਰੋਂ ਪਿੱਛਾ ਕਰਦੇ ਵਾਰਿਸ ਨੂੰ ਮੋੜਨੀ ਪਈ।

"ਮੁੱਲ ਦੀ ਤੀਮੀ ਕਿਉਂ ਤਾਇਆ ਜੀ?" ਇਕ ਵਾਰੀ ਮੈਂ ਪੁੱਛਿਆ। "ਪੈਸੇ ਧੇਲੇ ਪੱਖੋਂ ਭੁਰੇ ਹੋਏ ਅਰ ਕਤਲਾਂ ਦੇ ਝੰਜਲਾਏ ਵੈਲੀ ਠੈਲੀ ਨੂੰ ਪੁੰਨ ਦਾ ਸਾਕ ਕਿਹੜਾ ਕਰਦੈ, ਕਾਕਾ? ਪੂਰਾ ਇਕ ਹਜ਼ਾਰ ਰੁਪਈਆ ਉਹਨੀਂ ਦਿਨੀਂ ਹਾਈ ਕੋਰਟ ਦੇ ਵਕੀਲ ਭਗਤ ਰਾਮ ਪੁਰੀ ਨੂੰ ਦੇਣਾ ਪਿਆ ਸੀ। ਬਾਕੀ ਹੇਠਾਂ ਉੱਤੇ ਹੋਇਆ ਖਰਚਾ ਅਲਹਿਦਾ ਰਿਹਾ।" ਤੇ ਫੇਰ ਤਾਇਆ ਭਲੇ ਵੇਲਿਆਂ ਦੇ ਉਸ ਰੁਪਏ ਦੀ ਮਹਿਮਾ ਸੁਣਾਉਂਦਾ ਜਦੋਂ ਇਕ ਦੰਮੜੇ ਦੀ ਸਵਾ ਮਣ ਕਣਕ ਜਾਂ ਸਵਾ ਸੇਰ ਦੇਸੀ ਘਿਓ ਮੁੱਲ ਮਿਲਦਾ। ਐਪਰ ਕਤਲ ਵਿਚ ਪਰੁੰਨੇ ਸਾਰੇ ਮੁਲਜ਼ਮਾਂ ਦੀ ਘਰ ਗ੍ਰਹਿਸਤੀ ਮਾਇਕ ਪੱਖ ਤੋਂ ਫੰਗ੍ਹ ਹੋਈ ਅਗਲੇ ਤਿੰਨ ਚਾਰ ਦਹਾਕਿਆਂ ਤਕ ਤਾਬ ਨਾ ਆ ਸਕੀ।

ਅਨਪੜ੍ਹ ਹੋਣ ਦੇ ਬਾਵਜੂਦ ਉਹ ਫੌਜ ਦੀ ਰੋਮਨ ਭਾਸ਼ਾ ਵਿਚ ਪਰਬੀਨ ਬੜਾ ਚੁਸਤ ਦਰੁਸਤ, ਦਲੇਰ ਸਿਪਾਹੀ ਤੇ ਰੋਹਬਦਾਰ ਅਫ਼ਸਰ ਸੀ। ਕੋਇਟੇ ਦੇ ਭੂਚਾਲ ਮੌਕੇ ਉਹ ਬਾਬੂ ਮਹੱਲੇ ਵਿਚੋਂ ਜ਼ਖ਼ਮੀਆਂ ਨੂੰ ਕੱਢਦਾ, ਰਾਸ਼ਨ ਦੀ ਸਪਲਾਈ ਟੁੱਟ ਜਾਣ ਕਰ ਕੇ ਕਈ ਦਿਨ ਆਪਣੇ ਸਾਥੀ ਫੌਜੀਆਂ ਨਾਲ ਭੁੱਖਾ ਪਿਆਸਾ ਫਾਕੇ ਕੱਟਦਾ ਡੰਗ ਟਪਾਉਂਦਾ ਰਿਹਾ। ਦੂਜੀ ਸੰਸਾਰ ਜੰਗ ਦੌਰਾਨ ਕੋਹੀਮਾ ਦੇ ਬਾਰਡਰ ਉੱਤੇ ਜ਼ਾਲਮ ਜਾਪਾਨੀਆਂ' ਵਿਰੁੱਧ ਜੌਹਰ ਵਿਖਾਉਂਦਾ ਜ਼ਖ਼ਮੀ ਹੋ ਗਿਆ ਸੀ। ਉੱਤਰੀ ਪੱਛਮੀ ਸਰਹੱਦੀ ਸੂਬੇ ਵਿਚ ਡਿਊਟੀ ਕਰਦਾ, ਜੇ ਫੁਰਤੀ ਨਾਲ ਪਹਿਲਾਂ ਵਾਰ ਨਾ ਕਰਦਾ ਤਾਂ ਪਹਾੜੀ ਉਹਲੇ ਸ਼ਿਸਤ ਲਾਈਂ ਬੈਠੇ ਕਬਾਇਲੀ ਨੇ ਉਸ ਨੂੰ ਫੰਡ ਸੁੱਟਣਾ ਸੀ। ਸੰਨ ਸੰਨਤਾਲੀ ਦੀ ਲਹੂ ਭਿੱਜੀ ਵੰਡ ਸਮੇਂ ਵੀ ਆਪਣੀ ਜਾਨ ਨਾਲ ਖੇਡਦਾ, ਲਹਿੰਦੇ ਪੰਜਾਬ ਦੇ ਧੁਰ ਅੰਦਰੋਂ ਹਿੰਦੂ ਸਿੱਖ ਰਿਫਿਊਜੀਆਂ ਨੂੰ ਅੰਮ੍ਰਿਤਸਰ ਤਕ ਢੋਂਹਦਾ ਰਿਹਾ ਸੀ।

ਆਪਣੇ ਛੋਟੇ ਭਰਾਵਾਂ ਤੋਂ ਵੀਹ ਵਰ੍ਹੇ ਵੱਡੇ ਤਾਏ ਨੂੰ ਹਾਲਾਤ ਅਤੇ ਮੇਰੇ ਦਾਦੇ ਦੇ ਕਹਿਣ ਮੁਤਾਬਕ 'ਫੌਜ ਦੀ ਨੌਕਰੀ ਨੇ ਨਿਰਮੋਹਾ' ਬਣਾ ਦਿੱਤਾ। ਉਸ ਜ਼ਮਾਨੇ ਵਿਚ ਫੌਜ ਰਾਹੀਂ ਤੁਰਦਾ ਪੱਛਮੀ ਪਦਾਰਥਵਾਦ ਆਪਮੁਹਾਰੇ ਫੌਜੀਆਂ ਦੇ ਮਨਾਂ ਵਿਚ ਘਰ ਕਰ ਰਿਹਾ ਸੀ। ਸਿੰਗਲ ਫੈਮਲੀ ਅੰਗਰੇਜ਼ ਅਫ਼ਸਰ ਆਪਣੇ ਜਵਾਨਾਂ ਨੂੰ ਕੁੱਲ ਮਿਲਾ ਕੇ ਸਾਂਝੇ ਪਰਿਵਾਰ ਰੂਪੀ ਖੂਹ ਤੋਂ ਬਚ ਕੇ ਰਹਿਣ ਦਾ ਸੁਨੇਹਾ ਦਿੰਦੇ। ਸੋ ਭਾਈਚਾਰਕ ਏਕਤਾ ਤੇ ਆਪਸੀ ਸਾਂਝ ਦੇ ਉਸ ਜ਼ਮਾਨੇ ਵਿਚ ਤਾਇਆ 'ਮੈਂ-ਸਿਰਫ ਮੇਰੇ ਲਈ' ਵਾਲੀ ਅੱਜੋਕੀ ਪਦਾਰਥਵਾਦੀ ਸੋਚ ਦਾ ਧਾਰਨੀ ਬਣ ਚੁੱਕਾ ਸੀ। ਮੇਰੇ ਬਾਪੂ ਨੇ ਫਿਰਨੀ ਨਾਲ ਲੱਗਦਾ ਖੱਲ੍ਹਾ ਡੁੱਲ੍ਹਾ ਮਕਾਨ ਖਰੀਦਣਾ ਸੀ। ਮਾਇਆ ਕੋਲ਼ ਨਹੀਂ ਸੀ। ਹੋਰ ਕਿਸੇ ਪਾਸੇ ਹੱਥ ਨਾ ਪੈਂਦਾ ਵੇਖ ਕੇ ਭਰਾਤਰੀ ਭਾਵਨਾ ਦਾ ਭਰਮਾਇਆ ਬਾਪੂ ਪੈਸੇ ਧੇਲੇ ਪੱਖ ਤੋਂ ਸਮਰੱਥ ਆਪਣੇ ਸੂਬੇਦਾਰ ਭਰਾ ਤੋਂ ਮਾਇਕ ਮਦਦ ਮੰਗ ਬੈਠਾ।

"ਨਾ ਬਈ। ਉਧਾਰ ਦੇਣ ਨਾਲ਼ ਆਪਣਾ ਭਰੱਪਣ ਜਾਂਦਾ ਲੱਗੂ, ਛੋਟੇ ਭਾਈ। ਇਕੋ ਹੱਲ ਹੈਗਾ। ਤੇਰਾ ਇੱਖ ਆਲ਼ਾ ਖੇਤ ਰਹਿਣ ਰੱਖ ਲੈਂਦੇ ਹਾਂ। ਇਉਂ ਹਜ਼ਾਰ ਦੋ ਹਜ਼ਾਰ ਲੈ ਕੇ ਤੂੰ ਆਪਣਾ ਬੁੱਤਾ ਸਾਰ ਲੈ। ਮੁੰਡਾ ਤੇਰਾ ਹੋਣਹਾਰ ਐ। ਕੱਲ੍ਹ ਨੂੰ ਨੌਕਰੀ ਲੱਗੀ ਤੋਂ ਆਪੇ ਛੁਡਾ ਲਊ।" ਇਸ ਕੋਰੀ ਕਰਾਰੀ ਗੱਲ ਦਾ ਬਾਪੂ ਨੂੰ ਗ਼ੁੱਸਾ ਲੱਗਿਆ ਸੀ। "ਬਾਈ ਨੇ ਡਿੱਗੇ ਪਏ ਦੀ ਇਮਦਾਦ ਤਾਂ ਕੀ ਕਰਨੀ ਤੀ, ਜਿਹਨਾਂ ਸੇਂਜੂ ਸਿਆੜਾਂ ਦੇ ਆਸਰੇ ਮੇਰੀ ਰੋਟੀ ਚੱਲਦੀ, ਉਹੀ ਡੁੱਕਣ ਨੂੰ ਫਿਰਦੈ।" ਪਰ ਬਾਣੀਆ ਬਿਰਤੀ ਤਾਏ ਨੇ ਤਾਂ ਆਪਣੇ ਸਾਲ਼ਿਆਂ ਨਾਲ ਵੀ ਅਜਿਹੀ ਲਿਹਾਜ਼ ਨਹੀਂ ਪਾਲ਼ੀ ਸੀ। ਜ਼ਮੀਨ ਗਹਿਣੇ ਰੱਖਣ ਮਗਰੋਂ ਲੋੜੀਂਦੇ ਰੁਪਏ ਉਧਾਰ ਦਿੱਤੇ ਸਨ।

ਐਪਰ ਉਮਰ ਦੇ ਵਧਣ ਨਾਲ ਤਾਏ ਅੰਦਰ ਅਪਣੱਤ ਜਾਗ ਪਈ। ਮੇਰੇ ਮਾਪਿਆਂ ਦੇ ਅਗੇਤੇ ਤੁਰ ਜਾਣ ਮਗਰੋਂ ਉਹ ਸਾਡੇ ਨਾਲ ਚੰਗੀ ਨੇੜਤਾ ਰੱਖਦਾ। ਬੇਸ਼ੱਕ ਉਸ ਦੇ ਤਿੰਨਾਂ ਸਪੁੱਤਰਾਂ ਦੇ ਮਕਾਨ ਪੱਕੇ ਸਨ, ਪਰ ਅਸੀਂ ਸਭ ਤੋਂ ਮਗਰੋਂ ਨਵੇਂ ਨਮੂਨੇ ਦੀ ਕੋਠੀ ਛੱਤੀ ਸੀ। "ਇਕ ਗੱਲ ਮੇਰੀ ਲੜ ਬੰਨ੍ਹ ਲੀਂ, ਅੱਤਾਰ ਸਿਆਂ! ਜਦ ਮੈਂ ਮਰਾਂ, ਤਾਂ ਭੋਗ ਮੌਕੇ ਮੇਰੇ ਕੁੜਮਾਂ ਨੂੰ ਤੁਸੀਂ ਐਹ

ਆਪਣੀ  ਤਿੰਨ ਮੰਜ਼ਲੀ ਕੋਠੀ 'ਚ ਹੀ ਉਤਾਰਨੈ", ਤਾਇਆ ਅਕਸਰ ਤਾਕੀਦ ਕਰਦਾ।

"ਅਸਲ ਕਾਰਨ ਕੀ ਹੈ ਤਾਇਆ ਜੀ?" ਇਕ ਵਾਰ ਮੈਂ ਖੁੱਲ੍ਹ ਕੇ ਪੁੱਛਿਆ।

"ਮੈਨੂੰ ਬਾਹਲ਼ੀ ਹਵਾ ਦਿਖਾਉਂਦੇ ਰਹੇ ਨੇ, ਵੱਡੇ ਫੰਨੇ ਖਾਂਹ। ਥੋੜ੍ਹੇ ਚਿਰ ਦੇ ਰੱਜੇ ਨੂੰ ਮਾਇਆ ਦਾ ਹੰਕਾਰ ਹੁੰਦਾ ਈ ਐ। ਆਪਾਂ ਉਹਨਾਂ ਹੰਕਾਰੀਆਂ ਨੂੰ ਦਿਖਾਉਣਾ, ਬਈ ਅਸੀਂ ਵੀ ਤਿਆਸਵੇਂ ਮਹਿਲ ਉਸਾਰਨ ਜਾਣਦੇ ਹਾਂ..", ਤਾਏ ਨੇ ਖੰਘੂਰਾ ਮਾਰਿਆ। "..ਅਰ ਹੋਰ ਸੁਣ। ਤੇਰੇ ਬਾਬੇ ਦੇ ਪੋਤਿਆਂ 'ਚੋਂ ਤੂੰ ਹੀ ਸਭ ਤੋਂ ਵੱਡਾ ਹੈਂ। ਮੇਰਾ ਮੂਹਰਲਾ ਕਾਹਨੀ ਤੈਂ ਜ਼ਰੂਰ ਲੱਗਣੈਂ।"

ਕਦੇ ਕਦਾਈਂ ਬੜੇ ਚੰਗੇ ਰੌਂਅ 'ਚ ਬੈਠਾ ਤਾਇਆ ਜਵਾਨੀ ਦੇ ਕਿੱਸੇ ਛੇੜ ਲੈਂਦਾ। ਆਪਣੀ ਜਵਾਨੀ ਨੂੰ ਚਿਤਾਰਦਾ ਪੂਰਾ ਰੰਗ ਬੰਨ੍ਹ ਦਿੰਦਾ। 'ਸੋਹਣੀ' ਸਦਾ ਰਾਮ ਦੀ, ਹਜ਼ੂਰਾ ਸਿੰਘ ਦੀ 'ਹੀਰ', ਕਿਸ਼ੋਰ ਚੰਦ ਦਾ 'ਜਾਨੀ ਚੋਰ', ਦਿਆ ਸਿੰਘ ਦਾ 'ਜ਼ਿੰਦਗੀ ਬਿਲਾਸ'- ਕਿਹੜਾ ਕਿੱਸਾ ਸੀ, ਜਿਸ ਦਾ ਜ਼ਿਆਦਾ ਹਿੱਸਾ ਉਸ ਨੇ ਕੰਠ ਨਾ ਕੀਤਾ ਹੋਵੇ। 'ਬਾਲੋ ਮਾਹੀਆ' ਦੇ ਟੱਪੇ, ਬੋਲੀਆਂ, ਹੇਰ੍ਹੇ- ਕਿੰਨਾ ਕੁਝ ਉਸ ਨੂੰ ਜ਼ਬਾਨੀ ਯਾਦ ਸੀ। ਜਲਸੇ ਦੀਆਂ ਬੋਲੀਆਂ ਉਹ ਅਕਸਰ ਸੁਣਾਉਂਦਾ:

*ਮੈਂ ਤਾਂ ਪੁੱਛਦਾ ਨੱਚਣ ਵਾਲ਼ੀਏ ਕਿੱਥੇ ਨੇ ਘਰ ਤੇਰੇ*
*ਮੈਂ ਤਾਂ ਪਰੀਏ ਬੰਨ੍ਹ ਵਿਖਾਏ ਤੇਰੇ ਨਾਉਂ ਦੇ ਸਿਹਰੇ*
*ਜੇ ਕੋਈ ਦੇਵੇਂ ਪਤਾ ਨਿਸ਼ਾਨੀ ਮਿਲ਼ੀਏ ਸੰਝ ਸਵੇਰੇ*
*ਕਸ ਕੇ ਮਾਰ ਗਈ ਬਾਣ ਕਾਲ਼ਜੇ ਮੇਰੇ।*
*ਮੈਂ ਤਾਂ ਪੁੱਛਦੀ ਖੜ੍ਹਨ ਵਾਲ਼ਿਆ ਕਿਸ ਨਗਰੀ ਵਿਚ ਰਹਿੰਦਾ*
*ਦਾਰੂ ਪੀ ਕੇ ਫਿਰੇਂ ਭੌਂਕਦਾ ਸਿਰੋਂ ਮੰਡਾਸਾ ਢਹਿੰਦਾ*
*ਧੀਆਂ ਭੈਣਾਂ ਤੋਂ ਜਗਤ ਜਨਮਿਆਂ ਕੀ ਬੂਥੇ ਤੋਂ ਕਹਿੰਦਾ*
*ਕੁੱਤੇ ਵਾਂਗੂ ਜਬਾ ਮਾਰਦੈਂ ਘਰੇ ਕਿਵੇਂ ਟਿਕ ਬਹਿੰਦਾ*
*ਧੀਆਂ ਪਰਾਈਆਂ ਦੇ ਨਾਲ਼ ਚੋਬਰਾ ਖਹਿੰਦਾ।*

ਨਿਵੇਕਲੇ ਬੈਠਾ ਤਾਇਆ, ਇਧਰ ਉਧਰ ਵੇਖਦਾ ਹੋਰ ਵੀ ਖੁੱਲ੍ਹ ਜਾਂਦਾ:

*ਮੋਰ ਬੋਲਦੇ ਕੋਇਲ ਕੂਕਦੀ ਗੂੰਜ ਪਈ ਵਿਚ ਦਰ ਦੇ*
*ਛਾਤੀ ਨਾਲੋਂ ਮੁਖੜਾ ਸੋਹਣਾ ਨੇਤਰ ਟਹਿ ਟਹਿ ਕਰਦੇ*
*ਸਮਝ ਮਨਾਂ ਸਮਝਾ ਨੈਣਾਂ ਨੂੰ ਬਿਨ ਹਥਿਆਰੋਂ ਲੜਦੇ*
*ਦਿਓਰ ਕੁਆਰੇ ਦਾ ਭਾਬੀ ਹੀਲਾ ਕਰ ਦੇ।*
*ਤੇਲ ਬਾਝ ਨਹੀਂ ਪੱਕਦੇ ਗੁਲਗੁਲੇ ਦੇਖ ਰਹੀ ਅਜ਼ਮਾ ਕੇ*
*ਵੱਡਿਆਂ ਘਰਾਂ ਦੇ ਹੋਣ ਤਿਹੌਲੇ ਤਿੰਨੇਂ ਮੇਲ ਮਿਲਾ ਕੇ*
*ਮਾੜਿਆਂ ਘਰਾਂ ਦੀਆਂ ਹੁੰਦੀਆਂ ਗੋਈਆਂ ਗੁੜ ਦੀ ਰੋੜੀ ਪਾ ਕੇ*
*ਤੂੰ ਬਹੁਤ ਮਿਜਾਜ਼ ਕਰੇਂ ਵਿਚ ਮੁੰਡਿਆਂ ਦੇ ਜਾ ਕੇ।*

ਉਹ ਆਪਣੀ ਇਕੱਠੀ ਹੋਈ ਪੈਨਸ਼ਨ ਤਿੰਨ ਕੁ ਮਹੀਨਿਆਂ ਬਾਅਦ ਤਿੰਨਾਂ ਮੁੰਡਿਆਂ ਵਿਚ ਬਰਾਬਰ ਵੰਡ ਦਿੰਦਾ। ਅੰਦਰਲੇ ਘਰੋਂ ਮੁੜਦੀ ਤਾਈ ਕਦੇ ਕਦਾਈਂ ਉਸ ਦੇ ਕਿਸੇ ਹਾਣੀ ਬੁੜ੍ਹੇ ਦੇ ਮਰਨ ਦੀ ਖ਼ਬਰ ਸੁਣਾਉਂਦੀ। "ਥੋਨੂੰ ਗੱਲ ਦੱਸਾਂ ਸਾਹਬ? ਵਿਹੜੇ 'ਚੋਂ ਅੱਜ ਤੇਰਾ ਹਾਣੀ ਮਾਈ ਦਿੱਤਾ ਚੰਗਾ ਭਲਾ ਮਿੰਟਾਂ ਸਕਿੰਟਾਂ 'ਚ ਈ ਤੁਰ ਗਿਆ।" ਇਕ ਸਵੇਰ ਇਹ ਸੁਣਾਉਣੀ ਸੁਣਦੇ ਸਾਰ ਤਾਇਆ ਕੱਪੜਿਆਂ ਤੋਂ ਬਾਹਰ ਹੋ ਗਿਆ। "ਏਹ ਬੇਵਿਚਾਰੀ ਤੀਮੀ ਜਦ ਵੀ ਆਊ, ਅੰਮ੍ਰਿਤ ਵੇਲ਼ੇ ਮਰਿਆਂ ਹੋਇਆਂ ਦੀ ਖ਼ਬਰ ਜ਼ਰੂਰ ਦਊਗੀ। ਮਾਈ ਦਿੱਤਾ ਮਰ ਗਿਆ, ਸਰ ਗਿਆ। ਉਹ ਤੇਰਾ ਜੀਜਾ ਲੱਗਦਾ ਤਾ?" ਤੇ ਨਾਲ ਹੀ ਤਾਏ ਨੇ ਨਿੱਗਰ ਗਾਲ੍ਹ ਕੱਢੀ।

"ਫੇਰ ਕੀ ਹੋਇਆ। ਇਕ ਦਿਨ ਤਾਂ ਸਭ ਨੇ ਮਰਨਾ ਈ ਐ। ਏਹ ਰੰਗਲੀ ਦੁਨੀਆ ਆਪਾਂ ਨੂੰ ਵੀ ਛੱਡਣੀ ਪੈਣੀ ਸਾਹਬ ਜੀ। ਭਾਣਾ ਮੰਨ ਕੇ ਵਾਰੋ ਵਾਰੀ ਲੱਦੀ ਜਾਂਦੇ ਸਾਥੀਆਂ ਦੀ ਮਜ਼ਲ ਜਾਇਆ ਕਰੋ। ਐਕਣ ਅੰਦਰ ਲੁਕ ਕੇ ਕਾਲ਼ ਬਲੀ ਤੋਂ ਬਚ ਰਹੇਂਗਾ?" ਤੇ ਹੁਣ ਤਾਏ ਨੇ ਨੇੜੇ ਪਈ ਸੋਟੀ ਚੁੱਕ ਲਈ ਤਾਂ ਸੋਫ਼ੀ ਵੱਟੀਂ ਬੈਠੀ ਤਾਈ ਦਾ ਹਾਸਾ ਘੁੰਗਰੂਆਂ ਵਾਂਗ ਛਣਕ ਪਿਆ।

"ਤਾਈ ਜੀ, ਥੋਡੇ ਵਿਆਹ ਵੇਲ਼ੇ ਥੋਡੀ ਕਿੰਨੀ ਉਮਰ ਸੀ ਭਲਾ?" ਮੈਂ ਅਜਿਹੀ ਗੱਲ ਬਦਲਣ ਦੀ ਨੀਤ ਨਾਲ ਇਕ ਵਾਰੀ ਪੁੱਛਿਆ।

"ਵੇ ਵੀਰਾ, ਮੈਂ ਤਾਂ ਜਮਾਂ ਮਲੂਕੜੀ ਜੇਹੀ ਤੀ। ਆ ਹੀ ਸੋਲ਼ਾਂ 'ਠਾਰਾਂ ਦੀ ਹੋਊਂਗੀ।"

"ਤੇ ਤਾਏ ਦੀ ਉਮਰ?" ਮੈਂ ਪੁੱਛਿਆ।

"ਏਹਨੂੰ ਤਾਂ ਮੈਂ ਪਹਿਲੇ ਦਿਨੋਂ ਐਹੋ ਜਿਹਾ ਈ ਧਲ਼ੈਟ ਦੇਖਦੀ ਆਈ ਹਾਂ।" ਤਾਈ ਨੇ ਰੋਸਾ ਵਿਖਾਇਆ।

"ਕਿਸੇ ਬੁਝੜ ਜੱਟ ਨਾਲ਼ ਵਿਆਹੀ ਹੁੰਦੀ, ਫੇਰ ਪਤਾ ਲੱਗਦਾ। ਧਲ਼ੈਟ ਨਾਲ਼ੇ ਲਠੈਤ ਦਾ। ਮੇਰੀ ਸੂਬੇਦਾਰੀ 'ਚ ਕਸ਼ਮੀਰ ਅਲਾਹਾਬਾਦ ਦੀਆਂ ਸੈਰਾਂ ਕਰਦੀ ਰਹੀ, ਦੇਖੋ ਹੁਣ ਕਿਵੇਂ ਗੰਵਾਰਾਂ ਵਾਗੂੰ ਬੋਲ਼ਦੀ।"

"ਬੋਲਾਂ ਨਾ? ਤੂੰ ਤਾਂ ਮਰਨੇ ਪਰਨੇ ਦੀ ਖਬਰ ਸੁਣਾਈ ਤੋਂ ਵੱਢ ਖਾਣ ਨੂੰ ਆਉਂਦੈਂ?"

"ਕਿਸੇ ਦੇ ਵਿਆਹ ਮੰਗਣੇ ਯਾ ਜਵਾਕ ਜੰਮਣ ਦੀ ਖੁਸ਼ਖਬਰੀ ਨ੍ਹੀਂ ਸੁਣਾ ਸਕਦੀ? ਜੀਹਨੂੰ ਸੁਣ ਕੇ ਦਿਲ ਦਾ ਕੌਲ ਫੁੱਲ ਖਿੜ ਉੱਠੇ?"

"ਲਉ ਸੁਣ ਲੋ।ਹੁਣ ਵਿਆਹ ਮੁਕਲਾਵੇ  ਦੀ ਯਾਦ ਆਉਂਦੀ। ਦੇਖੋ, ਵਿਆਹ ਦਾ ਨਾਉਂ ਲਏ ਤੋਂ ਸਾਹਬ ਦਾ ਚਿਹਰਾ ਕਿਵੇਂ ਮਦਾਰੀ ਦੇ ਜਮੂਰੇ ਵਾਂਗੂ ਖਿੜ ਗਿਐ।" ਤੇ ਮੁੜ ਉਹ ਕਾਟੋਆਂ ਵਾਂਗ ਲੜਨ ਲੱਗੇ।

"ਬੀਬੀ, ਬੱਸ ਕਰ। ਤੇਰੀ ਏਹਦੇ ਵਿਚੇ ਜਾਨ ਐ। ਜਿੱਦਣ ਬਾਪੂ ਜੀ ਨੂੰ ਕੁਛ ਹੋ ਗਿਆ, ਤੇਰੀ ਖੈਰ ਨਹੀਂ," ਨੇੜੇ ਸੁਣਦੀ ਨੂੰਹ ਨੇ ਦਖ਼ਲ ਦਿੱਤਾ। "ਅੱਛਿਆ, ਤੂੰ ਜਾਣੀਦੀ ਸਾਨੂੰ ਦੋਹਾਂ ਨੂੰ 'ਕੱਠੇ ਤੋਰ ਕੇ ਰਾਜ਼ੀ ਹੈਂ। ਸ਼ਾਬਾਸ਼ੇ..", ਤਾਈ ਹਰਖ਼ ਗਈ।"..ਦੇਖੋ ਸਾਹਬ, ਸਾਡੀ ਨੂੰਹ ਰਾਣੀ, ਕਿੰਨੀ ਘਰ ਨੂੰ ਸਿਆਣੀ।" ਤੇ ਹੁਣ ਤਾਈ ਦੀ ਝੱਟਪੱਟ ਤਾਏ ਨਾਲ ਸੁਲ੍ਹਾ ਹੋ ਗਈ।

"ਤੋਰ ਦੇਵੇ। ਫੇਰ ਆਏ ਮਹੀਨੇ ਪੈਨਸ਼ਨ ਵਾਲ਼ਾ ਨਰਮਾ ਕਦੇ ਨ੍ਹੀਂ ਖਿੜਨਾ।" ਤਾਇਆ ਮੁਸਕੜੀਆਂ ਹੱਸਿਆ।

ਅਜਿਹੇ ਚੋਜ ਵਿਖਾਉਂਦਾ ਤਾਇਆ ਹੁਣ ਚੁਰਾਨਵੇਂ ਸਾਲਾਂ ਦਾ ਹੋ ਗਿਆ ਸੀ। ਉਸ ਦਾ ਕੱਦ ਮਸਾਂ ਸਾਢੇ ਪੰਜ ਫੁੱਟ ਸੀ ਪਰ ਵਜ਼ਨ ਇਕ ਕਵਿੰਟਲ ਤਿੰਨ ਕਿਲੋ। ਬਾਂਹਾਂ ਲੱਤਾਂ, ਪੱਟਾਂ ਪਿੰਜਣੀਆਂ ਵਿਚ ਜਿਵੇਂ ਚਰਬੀ ਤੁੰਨ ਤੁੰਨ ਕੇ ਭਰੀ ਹੋਵੇ।

"ਤਕੜੇ ਹੋ ਫੌਜੀ ਜੁਆਨ ਤਾਇਆ ਜੀ?" ਇਕ ਦਿਨ ਮੈਂ ਪੁੱਛਿਆ। "ਕਾਹਦਾ ਤਕੜਾ ਹਾਂ ਅਰ ਕਾਹਦਾ ਫੌਜੀ ਜਵਾਨ ਸ਼ੇਰਾ। ਤੇਰੀ ਛੋਟੀ ਭਰਜਾਈ ਪੂਰਾ ਦੁੱਧ ਨਹੀਂ ਪੀਣ ਨੂੰ ਦਿੰਦੀ। ਖੁਰਾਕ ਬਿਨਾਂ ਕਾਹਦੀ ਤਕੜਾਈ। ਆਥਣ ਵਖਤ ਜਿਹੜੀ ਗਲਾਸੀ ਦਊਗੀ, ਉਹਦੀ ਵੀ ਮਲਾਈ ਲਾਹ ਦਿੰਦੀ। ਖ਼ਬਰ ਨ੍ਹੀਂ, ਏਹਨੂੰ ਏਹ ਨੁਸਖਾ ਕਿਹੜਾ ਸੁਖੈਨ ਵੈਦ ਦੇ ਗਿਆ।" ਉਹ ਸਦਾ ਸੰਕੋਚ ਨਾਲ ਸ਼ਿਕਾਇਤ ਕਰਦਾ।

"ਸਾਹ ਹੁਣ ਛਾਤੀ 'ਚੋਂ ਡੂੰਘਾ ਨ੍ਹੀਂ ਆਉਂਦਾ ਭਤੀਜ। ਰਾਤ ਨੂੰ ਉੱਠ ਕੇ ਬਹਿ ਜਾਨੈ। ਵਿਹੜੇ 'ਚ ਘੁੰਮਣ ਲੱਗ ਜਾਈਦਾ। ਉੱਚੀ ਰੌਲ਼ਾ ਪਾਏ ਤੋਂ ਆਪਣਾ ਈ ਢਿੱਡ ਨੰਗਾ ਹੋਊ ਕਾਕਾ.." ਤੇ ਕਹਾਵਤਾਂ ਪਖਾਣਿਆਂ ਦੇ ਭੰਡਾਰ ਤਾਏ ਨੇ ਅੱਗੇ ਲੰਬਾ ਕਿੱਸਾ ਛੇੜ ਲਿਆ :

*ਮਾਪਾ ਕਾਹਦਾ? ਜਿਹੜਾ ਪੜਦੇ ਨਾ ਕੱਜੇ ਉਲਾਦ ਦੇ।*

*ਬੇੜਾ ਕਾਹਦਾ? ਜਿਹੜਾ ਪਾਰ ਨਹੀਂ ਉਤਾਰਦਾ।*
*ਰਾਜਾ ਕਾਹਦਾ? ਜਿਹੜਾ ਸਾਰ ਨਾ ਲੈਂਦਾ ਪਰਜਾ ਦੀ।*
*ਬੰਦਾ ਕਾਹਦਾ? ਭਾਣਾ ਮੰਨੇ ਨਾ ਪਰਵਿਦਗਾਰ ਦਾ।*
*ਮਿੱਤਰ ਕਾਹਦਾ? ਜਿਹੜਾ ਬਣੀਆਂ ਨੂੰ ਨੀਂ ਕੱਟਦਾ ਯਾਰ ਦੀਆਂ।*
*ਦੁਸ਼ਮਣ ਕਾਹਦਾ? ਜਿਹੜਾ ਵੈਰ ਨਹੀਂ ਚਿਤਾਰਦਾ..*

ਮੈਂ ਮਨ ਬਣਾਇਆ। ਤਾਏ ਨੂੰ ਇਕ ਵਾਰੀ ਖੰਨਾ ਸ਼ਹਿਰ ਦੇ ਕਿਸੇ ਡਾਕਟਰ ਨੂੰ ਦਿਖਾ ਕੇ ਵੇਖਾਂ। ਦੋ ਡਰ ਸਨ। ਤਾਏ ਦਾ ਪਰਿਵਾਰ ਵੱਖਰਾ ਸੀ। ਦੂਜਾ, ਏਨੇ ਭਾਰੇ ਸਰੀਰ ਨੂੰ ਮੈਂ ਮੋਟਰ ਸਾਈਕਲ ਜਾਂ ਸਕੂਟਰ ਉਪਰ ਕਿਵੇਂ ਸੰਭਾਲ਼ਾਂਗਾ। ਸੋ ਉਪਰਤੜੀ ਕਰਨੀ ਵਾਜਬ ਨਾ ਸਮਝੀ।

ਸਿਆਲ ਉਤਰ ਰਿਹਾ ਸੀ। ਦੀਵਾਲੀ ਦੇ ਦਿਨ ਸਨ। ਤਾਏ ਨੇ ਇਕ ਦੁਪਹਿਰ ਆਪਣੀ ਛੋਟੀ ਨੂੰਹ ਤੋਂ ਦੁੱਧ ਦਾ ਕੱਪ ਪੀਤਾ। ਅੰਦਰਲੇ ਘਰ ਪੋਤੇ ਪੋਤੀਆਂ ਨੂੰ ਮਿਲਣ ਤੁਰ ਪਿਆ।

"ਚਾਹ ਬਣਾਈਏ ਬਾਪੂ ਜੀ?"

"ਨਹੀਂ ਪੁੱਤ। ਦੁੱਧ ਈ ਤੱਤਾ ਕਰ ਦਿਓ। ਚਮਚਾ ਦੇਸੀ ਘਿਓ ਅਰ ਚੁਟਕੀ ਕਾਲ਼ੀਆਂ ਮਿਰਚਾਂ ਦੀ ਵੀ ਪਾ ਦੇਣੀ।" ਵਡਾਰੂ ਦਾ ਹੁਕਮ ਸੀ। ਕਮਜ਼ੋਰੀ ਕੁਝ ਜ਼ਿਆਦਾ ਮਾਲੂਮ ਹੁੰਦੀ ਸੀ।

ਵੱਡੀ ਨੂੰਹ ਵੱਲੋਂ ਬੜੇ ਚਾਅ ਨਾਲ ਖੰਡ ਘਿਓ ਮਿਲਿਆ ਦੁੱਧ ਪੀ ਕੇ ਤਾਇਆ ਗਲ਼ੀ ਵਿਚ ਨਿਕਲਿਆ ਤਾਂ ਉਸ ਦੇ ਸਿਰ ਨੂੰ ਸਰਾਟਾ ਜਿਹਾ ਚੜ੍ਹਿਆ ਤੇ ਉਹ ਗਸ਼ ਖਾ ਕੇ ਡਿੱਗ ਪਿਆ।

ਚੁੱਕ ਕੇ ਤੁਰੰਤ ਖੰਨਾ ਲੈ ਗਏ। ਡਾਕਟਰ ਨੂੰ ਗੁਲੂਕੋਜ਼ ਲਾਉਣ ਲਈ ਨਾੜ ਕੋਈ ਨਾ ਲੱਭੇ। ਨਰਸ ਜਾਂ ਕੰਪਾਊਂਡਰ ਜਿਹੜਾ ਵੀ ਨੇੜੇ ਢੁੱਕੇ, ਕਿਸੇ ਤਕੜੇ ਭਲਵਾਨ ਵਾਂਗ ਤਾਇਆ ਵਗਾਹ ਕੇ ਮਾਰੇ।

"ਬਾਪੂ ਜੀ, ਜੇ ਕਿਤੇ ਵੀਹ ਕਿਲੋ ਭਾਰ ਘਟਾ ਲੈਂਦੇ, ਹੋਰ ਪੰਦਰਾਂ ਸਾਲ ਥੋਡਾ ਵਾਲ਼ ਵੀ ਵਿੰਗਾ ਨਹੀਂ ਸੀ ਹੋਣਾ। ਬੜੀ ਔਖ ਨਾਲ ਕਾਬੂ ਆਏ ਤਾਏ ਨੂੰ ਡਾਕਟਰ ਨੇ ਆਖਿਆ।

ਅਗਲੇ ਅਠਾਰਾਂ ਦਿਨ ਜਮਦੂਤਾਂ ਦੀਆਂ ਗੁਰਜਾਂ ਸਹਿੰਦਾ ਤਾਇਆ, ਅੰਤ ਤਕ ਸੁਚੇਤ ਰਿਹਾ, ਦੀਵਾਲੀ ਲੰਘੀ ਤੋਂ ਅਖੀਰ ਚੁੱਪ ਚੁਪੀਤਾ ਸਵਾਸ ਛੱਡ ਗਿਆ।

ਸਿਆਣੇ ਦੇ ਬੋਲ ਪੁਗਾਉਂਦਿਆਂ ਉਸ ਦਾ ਮੂਹਰਲਾ ਕਾਹਨੀ ਮੈਂ ਹੀ ਲੱਗਿਆਂ ਸਾਂ। ਭੋਗ ਵਾਲੇ ਦਿਨ ਹੁੰਮ ਹੁਮਾ ਕੇ ਆਏ, ਉਸ ਦੇ ਕੁੜਮਾਂ ਦਾ ਉਤਾਰਾ ਵੀ ਸਾਡੀ ਤਿੰਨ ਮੰਜ਼ਲੀ ਨਵੀਂ ਨਕੋਰ ਕੋਠੀ ਵਿਚ ਕੀਤਾ ਸੀ।000 ***(ਵ੍ਹੱਟਸਐਪ ਨੰਬਰ: +91-82849-09596)***

# ਯੂਰੋ ਜ਼ੋਨ ਦੀਆਂ ਕੁੱਝ ਚੰਗੀਆਂ ਕੁੱਝ ਮੰਦੀਆਂ

**ਰਾਜਿੰਦਰ ਪਾਲ ਸਿੰਘ ਬਰਾੜ**

ਮੈਂ ਪੁਸਤਕਾਂ ਵਿਚੋਂ ਹਾਸਲ ਗਿਆਨ ਨੂੰ ਜ਼ਿੰਦਗੀ ਵਿਚ ਅਨੁਭਵ ਕਰਨਾ ਚਾਹੁੰਦਾ ਹਾਂ ਅਤੇ ਜ਼ਿੰਦਗੀ ਦੇ ਅਨੁਭਵ ਅਤੇ ਸਮੱਸਿਆਵਾਂ ਨੂੰ ਪੁਸਤਕਾਂ ਦੇ ਗਿਆਨ ਰਾਹੀਂ ਸਮਝਣ ਦੀ ਚੇਸ਼ਟਾ ਕਰਦਾ ਹਾਂ। ਅੱਜ ਕੱਲ੍ਹ ਪੁਸਤਕਾਂ ਦੀ ਥਾਂ ਇੰਟਰਨੈੱਟ, ਖ਼ਾਸ ਕਰਕੇ ਵਿਕੀਪੀਡੀਆ ਲੈ ਰਿਹਾ ਹੈ ਅਤੇ ਜ਼ਿੰਦਗੀ ਦੀਆਂ ਹੱਡਬੀਤੀਆਂ ਵੀ ਸੀਮਤ ਹੋਣ ਕਰਕੇ ਜੱਗਬੀਤੀਆਂ ਵੇਖਦਾ ਸੁਣਦਾ ਰਹਿੰਦਾ ਹਾਂ। ਇਸ ਦੇ ਬਾਵਜੂਦ ਜੋ ਸੁਆਦ ਕੋਈ ਚੀਜ਼ ਖੁਦ ਦੇਖ ਕੇ ਜਾਂ ਮਹਿਸੂਸ ਕੇ ਆਉਂਦਾ ਹੈ, ਉਸ ਦਾ ਕੋਈ ਬਦਲ ਨਹੀਂ ਹੈ। ਮੈਂ ਹੁਣ ਤਕ ਕੈਨੇਡਾ, ਪਾਕਿਸਤਾਨ, ਥਾਈਲੈਂਡ, ਇੰਡੋਨੇਸ਼ੀਆ ਘੁੰਮ ਚੁੱਕਿਆ ਸੀ। ਇਸ ਵਾਰ ਭਾਵ 2019 ਵਿਚ ਵੀ ਕੈਨੇਡਾ ਦੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਸੱਦਾ ਸੀ ਪਰ ਕੁਝ ਘਰੇਲੂ ਰੁਝੇਵਿਆਂ ਅਤੇ ਕੁਝ ਅਕਾਦਮਿਕ ਜ਼ਿੰਮੇਵਾਰੀਆਂ ਕਾਰਨ ਮੇਰੇ ਕੋਲ਼ ਦਿਨ ਥੋੜ੍ਹੇ ਸਨ। ਮੇਰੇ ਸਾਹਮਣੇ ਚੋਣ ਪਹਿਲਾਂ ਦੋ ਵਾਰ ਵੇਖੇ ਕੈਨੇਡਾ ਨੂੰ ਤੀਜੀ ਵਾਰ ਵੇਖਣ ਜਾਂ ਫਿਰ ਪਹਿਲੀ ਵਾਰ ਯੋਰਪ ਵੇਖਣ ਦੀ ਸੀ। ਮੈਂ ਯੋਰਪ ਦੀ ਚੋਣ ਕਰ ਲਈ। ਮੈਂ ਜਾਣਨਾ ਚਾਹੁੰਦਾ ਸੀ ਕਿ ਦੋ ਵਿਸ਼ਵ ਯੁੱਧਾਂ ਦੀ ਮਾਰ ਝੱਲਣ ਵਾਲਾ, ਪਿਛਲੀ ਸਦੀ ਵਿਚ ਦੁਨੀਆਂ 'ਤੇ ਸਾਮਰਾਜ ਖੜ੍ਹੇ ਕਰਨ ਵਾਲਾ, ਦੁਨੀਆਂ ਨੂੰ ਨਵੇਂ ਗਿਆਨ ਤੇ ਤਕਨਾਲੋਜੀ ਦੇ ਨਾਲੋ ਨਾਲ ਸਮਾਜਕ ਵਿਗਿਆਨ ਤੇ ਸਾਹਿਤ ਵਿਚ ਤਰਥੱਲੀਆਂ ਮਚਾਉਣ ਵਾਲੇ ਯੁੱਗਪੁਰਸ਼ ਦੇਣ ਵਾਲਾ, ਗ਼ੈਰ ਅੰਗਰੇਜ਼ੀ ਭਾਸ਼ੀ ਯੋਰਪ ਅੱਜ ਕਿਹੋ ਜਿਹਾ ਹੈ। ਸਾਡੇ ਪੰਜਾਬ ਕੁ ਜਿੰਨੀ ਆਬਾਦੀ ਵਾਲੇ ਅਤੇ ਅਣਵੰਡੇ ਪੰਜਾਬ ਜਿੱਡੇ ਮੁਲਕ ਕਿਵੇਂ ਨਿੱਤ ਨਵੇਂ ਮਾਅਰਕੇ ਮਾਰ ਰਹੇ ਹਨ। ਉਹ ਅੰਗਰੇਜ਼ੀ ਬਗ਼ੈਰ ਕਿਵੇਂ ਸਾਰਦੇ ਹਨ। ਉੱਥੋਂ ਦੇ ਆਮ ਲੋਕ ਪੰਜਾਬੀਆਂ ਨਾਲੋਂ ਉਚੇਰਾ ਜੀਵਨ ਪੱਧਰ ਕਿਵੇਂ ਜਿਉਂ ਰਹੇ ਹਨ। ਸਾਡੇ ਉਚੇਰੇ ਮੱਧ ਵਰਗ ਜਿੰਨੀ ਸੋਸ਼ਲ ਸਕਿਉਰਟੀ ਉਹ ਗ਼ਰੀਬ ਤੋਂ ਗ਼ਰੀਬ ਨੂੰ ਕਿਵੇਂ ਦੇ ਦਿੰਦੇ ਹਨ। ਉੱਥੇ ਲੋਕ ਆਪਸ ਵਿਚ ਕਿਵੇਂ ਵਿਚਰਦੇ ਹਨ। ਮੈਨੂੰ ਪਤਾ ਹੈ ਕਿ ਅਜਿਹੇ ਪ੍ਰਸ਼ਨਾਂ ਦਾ ਕੋਈ ਪੱਕਾ ਉੱਤਰ ਏਨੀ ਛੇਤੀ ਕੁਝ ਦਿਨਾਂ ਵਿਚ ਨਹੀਂ ਲੱਭਿਆ ਜਾ ਸਕਦਾ। ਮੈਂ ਸਿਰਫ ਅਨੁਭਵ ਕਰਨਾ ਚਾਹੁੰਦਾ ਸੀ ਅਤੇ ਆਪਣੇ ਵਰਗਿਆਂ ਨੂੰ ਆਪਣੀਆਂ ਅੱਖਾਂ ਰਾਹੀਂ ਵੇਖੇ ਦਾ ਸ਼ਬਦਾਂ ਰਾਹੀਂ ਅਨੁਭਵ ਕਰਾਉਣਾ ਚਾਹੁੰਦਾ ਸੀ। ਪੰਜਾਬ ਦੀ ਯੋਰਪ ਨਾਲ ਤੁਲਨਾ ਤਾਂ ਸੁਭਾਵਕ ਹੈ ਪਰ ਮੈਂ ਮੱਧਕਾਲੀ ਯੋਰਪ ਦੀ ਅੱਜ ਨਾਲ ਅਤੇ ਅੱਜ ਦੀ ਭਵਿੱਖ ਨਾਲ ਤੁਲਨਾ ਵੀ ਕਰ ਰਿਹਾ ਸੀ। ਹੋ ਸਕਦਾ ਹੈ, ਕੋਈ ਹੋਰ ਯੋਰਪ ਜਾਵੇ, ਸ਼ਾਇਦ ਉਸ ਨੂੰ ਇਸ ਤਰ੍ਹਾਂ ਨਾ ਲੱਗੇ ਜਿਸ ਤਰ੍ਹਾਂ ਮੈਨੂੰ ਲੱਗਿਆ, ਅਤੇ ਹੋ ਸਕਦਾ ਹੈ ਕਿਸੇ ਨੂੰ ਮੇਰੇ ਵਰਗਾ ਹੀ ਲੱਗੇ। ਤੁਹਾਨੂੰ ਮੇਰੇ ਵਰਗਾ ਲੱਗੇ ਅਜਿਹੀ ਕੋਈ ਜ਼ਿੱਦ ਨਹੀਂ, ਇਹ ਤਾਂ ਸਮਝਣ ਸਮਝਾਉਣ, ਵੇਖਣ ਵਿਖਾਉਣ ਦੀ ਖੇਡ ਹੈ, ਇਸ ਖੇਡ ਵਿਚ ਮੇਰੇ ਨਾਲ ਮੇਰੀ ਜੀਵਨ ਸਾਥਣ ਹੀ ਸਫਰ ਸਾਥਣ ਵੀ ਬਣੀ।

ਬੈਲਜੀਅਮ ਵਾਦਾਂ ਤੋਂ ਮੁਕਤ ਰਹਿਣ ਵਾਲਾ ਦੇਸ਼ ਹੈ। ਯੋਰਪੀ ਦੇਸ਼ਾਂ ਦੇ ਮੁਕਾਬਲੇ ਕੁਝ ਵਧੇਰੇ ਹੀ ਸ਼ਾਂਤ। ਇਹ ਇਕ ਤਰ੍ਹਾਂ ਨਾਲ ਸੈਕੈਂਡੇਨੇਵੀਅਨ ਅਤੇ ਕੇਂਦਰੀ ਯੋਰਪ ਦੇ ਵਿਚਕਾਰ ਜਿਹਾ ਹੈ। ਕੁਝ ਨੀਦਰਲੈਂਡ ਵਰਗਾ। ਕਦੇ ਨੀਦਰਲੈਂਡ ਦਾ ਹਿੱਸਾ ਵੀ ਰਿਹਾ। ਨੀਦਰਲੈਂਡ ਦੀ ਭਾਸ਼ਾ ਡੱਚ ਅਤੇ ਫਰਾਂਸ ਦੀ ਭਾਸ਼ਾ ਫਰਾਂਸੀਸੀ ਦੋਨੋਂ ਬੋਲਣ ਵਾਲਾ, ਇਕ ਪਾਸਾ ਜਰਮਨ ਨਾਲ ਵੀ ਲੱਗਦਾ ਹੈ ਸੋ ਜਰਮਨ ਵੀ ਬੋਲੀ ਜਾਂਦੀ ਹੈ। ਬੈਲਜੀਅਮ ਦੀ ਸਭ ਤੋਂ ਚੰਗੀ ਗੱਲ ਜਿਸ ਨੇ ਸਭ ਤੋਂ ਪਹਿਲਾਂ ਧਿਆਨ ਖਿੱਚਿਆ, ਉਹ ਉੱਥੋਂ ਦੇ ਲੋਕਾਂ ਦੀ ਸਾਈਕਲ ਚਲਾਉਣ ਦੀ ਆਦਤ। ਉਹ ਸਾਈਕਲ ਅੱਜਕਲ ਦੇ ਪੰਜਾਬੀਆਂ ਵਾਂਗ ਜਿੰਮ ਵਿਚ ਖੜ੍ਹੇ ਖੜ੍ਹੇ ਨਹੀਂ ਚਲਾਉਂਦੇ, ਸਗੋਂ ਸੱਚਮੁੱਚ ਸੜਕਾਂ ਉਪਰ ਜਾਂ ਸੜਕਾਂ ਦੇ

ਨਾਲ ਸਾਈਕਲਾਂ ਲਈ ਬਣੇ ਵਿਸ਼ੇਸ਼ ਟਰੈਕਾਂ ਵਿਚ ਚਲਾਉਂਦੇ ਹਨ। ਸਭ ਤੋਂ ਵਿਸ਼ੇਸ਼ ਗੱਲ ਉਹ ਸਾਈਕਲ ਕੇਵਲ ਕਸਰਤ ਲਈ ਨਹੀਂ ਸਗੋਂ ਸਵਾਰੀ ਦੇ ਸਾਧਨ ਵਜੋਂ ਵਰਤਦੇ ਹਨ। ਥਾਂ ਥਾਂ 'ਤੇ ਸਾਈਕਲ ਖੜ੍ਹੇ ਹਨ, ਬਾਕਾਇਦਾ ਸਾਈਕਲ ਸਟੈਂਡ ਬਣੇ ਹੋਏ ਹਨ। ਲੋਕ ਬਾਕਾਇਦਾ ਜਿੰਦਾ ਲਗਾ ਕੇ ਸਾਈਕਲ ਖੜ੍ਹਾ ਕਰਦੇ ਹਨ। ਇਹ ਬੜੀ ਕਮਾਲ ਦੀ ਗੱਲ ਹੈ ਕਿ ਬੈਲਜੀਅਮ ਵਿਚ ਬਹੁਤੀ ਚੋਰੀ ਸਾਈਕਲ ਦੀ ਹੀ ਹੁੰਦੀ ਹੈ। ਉੱਥੇ ਸਾਈਕਲ ਕੇਵਲ ਕਸਰਤ ਜਾਂ ਸਵਾਰੀ ਲਈ ਹੀ ਨਹੀਂ ਸਗੋਂ ਢੋਆ ਢੁਆਈ ਲਈ ਵੀ ਵਰਤੇ ਜਾਂਦੇ ਹਨ। ਸਾਈਕਲ ਵੀ ਕਈ ਕਿਸਮਾਂ ਦੇ ਕਈ ਕਈ ਗੇਅਰਾਂ ਵਾਲੇ, ਕਈ ਕਈ ਪੈਡਲਾਂ ਵਾਲੇ, ਹੱਥਾਂ ਵਿਚ ਪੈਡਲਾਂ ਵਾਲੇ, ਅੱਗੇ ਟੋਕਰੀ ਵਾਲੇ, ਪਿੱਛੇ ਟੋਕਰੀ ਵਾਲੇ, ਬੱਚਿਆਂ ਦੀਆਂ ਪਰੈਮਾਂ ਵਾਲੇ, ਛੋਟੇ ਪਹੀਆਂ ਵਾਲੇ, ਵੱਡੇ ਪਹੀਆਂ ਵਾਲੇ, ਪਤਲੇ ਪਹੀਆਂ ਵਾਲੇ, ਮੋਟੇ ਪਹੀਆਂ ਵਾਲੇ, ਰੰਗ ਬਿਰੰਗੇ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਛੋਟੇ ਬੱਚੇ, ਵੱਡੇ ਬਜ਼ੁਰਗ, ਨੱਢੇ ਨੱਢੀਆਂ, ਕਾਲੇ ਗੋਰੇ, ਦਾਰੂ ਪੀਣੇ ਅਤੇ ਸੋਫੀ। ਕਮਾਲ ਇਹ ਕਿ ਸਾਈਕਲ ਦੇ ਅੱਗੇ ਹੀ ਨਹੀਂ ਪਿੱਛੇ ਵੀ ਲਾਲ ਲਾਈਟ ਜਗਦੀ ਹੋਣੀ ਚਾਹੀਦੀ ਹੈ। ਜੇ ਸਾਈਕਲ 'ਤੇ ਲਾਈਟ ਨਾ ਹੋਵੇ ਤਾਂ ਲੋਕ ਸਰੀਰ 'ਤੇ ਬੈਟਰੀ ਵਾਲੀ ਟਿਮਕਣੇ ਜਿੱਡੀ ਲਾਲ ਲਾਈਟ ਲਾ ਕੇ ਚਲਦੇ ਹਨ, ਨਹੀਂ ਤਾਂ ਚਲਾਨ ਹੋ ਜਾਂਦਾ ਹੈ। ਬੱਚਿਆਂ ਦੇ ਸਿਰ 'ਤੇ ਹਰ ਹਾਲਤ ਵਿਚ ਹੈਲਮਟ। ਬਾਲਗ਼ ਹੋਣ ਕਰਕੇ ਵੱਡੇ ਆਪਣੇ ਸਿਰ ਦੇ ਖੁਦ ਜ਼ਿੰਮੇਵਾਰ ਹਨ। ਬਹੁਤੀਆਂ ਸੜਕਾਂ 'ਤੇ ਸਾਈਕਲ ਟਰੈਕ ਬਣੇ ਹੋਏ ਹਨ, ਜਿੱਥੇ ਨਹੀਂ ਉੱਥੇ ਪੈਦਲਾਂ ਤੋਂ ਬਾਅਦ ਸੜਕ 'ਤੇ ਦੂਜਾ ਹੱਕ ਸਾਈਕਲ ਵਾਲੇ ਦਾ ਹੈ। ਕਾਰਾਂ ਬੱਸਾਂ ਤਾਂ ਛੱਡੋ ਟਰਾਮਾਂ ਵੀ ਰਾਹ ਦਿੰਦੀਆਂ ਹਨ। ਜੇ ਇਸ ਸਥਿਤੀ ਦੀ ਪੰਜਾਬ ਨਾਲ ਤੁਲਨਾ ਕਰੀਏ ਜਿੱਥੇ ਹੁਣ ਛੋਟੀ ਬਖਤਰਬੰਦ ਗੱਡੀ ਚਲਾਉਣੀ ਵੀ ਮੁਸ਼ਕਲ ਹੋਈ ਪਈ ਹੈ ਕਿਉਂਕਿ ਕੋਈ ਹੋਰ ਵੱਡੀ ਭਾਰੀ ਬਖਤਰਬੰਦ ਗੱਡੀ ਤੁਹਾਨੂੰ ਠੋਕ ਸਕਦੀ ਹੈ। ਮੋਟਰ ਸਾਈਕਲ, ਪਟਾਕੇ ਪਾਉਣ ਨੂੰ ਰੱਖਣ ਦੀ ਅਕਲ ਤਾਂ ਸਾਡੇ ਗਾਣੇ ਵੀ ਦੇ ਰਹੇ ਹਨ, ਉੱਥੇ ਤਾਂ ਸ਼ਹਿਰ ਦੇ ਅੰਦਰ ਤਾਂ ਨਹੀਂ ਪਰ ਬਾਹਰ ਹਾਈਵੇ 'ਤੇ ਵੱਡੇ ਮੋਟਰਸਾਈਕਲ ਦਿਖਾਈ ਦਿੰਦੇ ਸਨ, ਜੋ ਕੰਮ ਕਾਜ ਦੀ ਥਾਂ 'ਤੇ ਸ਼ੌਂਕੀਆ ਜਾਪਦੇ ਸਨ। ਸ਼ਹਿਰਾਂ ਵਿਚ ਤਾਂ ਨਿੱਕੇ ਸਕੂਟਰ ਦਿਖਾਈ ਦਿੰਦੇ ਸਨ। ਜੋ ਸੀਟ 'ਤੇ ਬੈਠਕੇ ਨਹੀਂ ਸਗੋਂ ਨੀਵੇਂ ਜਿਹੇ ਗਡੀਰੇ 'ਤੇ ਖੜ੍ਹ ਕੇ ਚਲਾਏ ਜਾਂਦੇ ਸਨ। ਇਹ ਧਰਤੀ 'ਤੇ ਪੈਰਾਂ ਨਾਲ ਰੇਹੜੇ ਪਾ ਕੇ ਵੀ ਚਲਾਏ ਜਾਂਦੇ ਸਨ ਅਤੇ ਬੈਟਰੀ ਨਾਲ ਵੀ ਚਲਦੇ ਸਨ। ਇਹ ਕੰਪਨੀਆਂ ਵੱਲੋਂ ਥਾਂ ਪੁਰ ਥਾਂ ਖੜ੍ਹੇ ਮਿਲਦੇ ਹਨ। ਪੈਸੇ ਪਾਓ ਅਤੇ ਚਲਾਓ, ਜਿੱਥੇ ਜਾਣਾ ਹੈ ਉੱਥੇ ਛੱਡੋ, ਉੱਥੋਂ ਅੱਗੇ ਪੈਸੇ ਪਾ ਕੇ ਲੋੜਵੰਦ ਲੈ ਜਾਵੇਗਾ। ਪੈਰਾਂ ਜਾਂ ਬੈਟਰੀ ਨਾਲ ਚਲਦੇ ਹੋਣ ਕਰਕੇ ਪ੍ਰਦੂਸ਼ਣ ਤੋਂ ਮੁਕਤ।

ਇਕ ਸੜਕ 'ਤੇ ਅਸੀਂ ਮਟਰਗਸ਼ਤੀ ਕਰ ਰਹੇ ਸੀ, ਇਕ ਅੱਧਖੜ੍ਹ ਉਮਰ ਦੀ ਡੱਚ ਗੋਰੀ ਦਫਤਰੋਂ ਨਿਕਲੀ, ਪਹਿਲਾਂ ਮੇਕਅੱਪ ਚੈੱਕ ਕੀਤਾ, ਸਕੂਟਰੀ ਵਿਚ ਕਾਰਡ ਸਵਾਈਪ ਕੀਤਾ, ਇਕ ਪੈਰ ਉਪਰ ਰੱਖ ਕੇ ਦੂਜੇ ਨਾਲ ਹਲਕਾ ਜਿਹਾ ਰੇੜ੍ਹਿਆ, ਸਕੂਟਰ ਰਿੜ੍ਹਿਆ, ਬੈਟਰੀ ਤੋਂ ਤਾਕਤ ਮਿਲੀ, ਸਕਿੰਟਾਂ ਵਿਚ ਔਹ ਗਈ ਔਹ ਗਈ। ਚਰਨਜੀਤ ਮੇਰੇ ਨਾਲ ਸੀ, ਉਸ ਨੂੰ ਸਾਈਕਲ ਸਕੂਟਰ ਚਲਾਉਣੇ ਨਹੀਂ ਆਉਂਦੇ ਪਰ ਕਾਰ ਚਲਾਉਣੀ ਆਉਂਦੀ ਹੈ। ਮੈਂ ਕਿਹਾ ਦੇਖ ਤੂੰ ਤਾਂ ਦੋ ਟਾਇਰਾਂ ਵਾਲੀ ਚੀਜ਼ ਬਹਿ ਕੇ ਚਲਾਉਣ ਤੋਂ ਡਰਦੀ ਐਂ, ਆਹ ਵੇਖ ਖੜ੍ਹ ਕੇ ਚਲਾਉਂਦੀ ਹੈ। ਓਥੇ ਸਕੇਟ ਬੋਰਡਾਂ ਦਾ ਵੀ ਕਾਫੀ ਰਿਵਾਜ ਹੈ। ਮੈਨੂੰ ਲੱਗਿਆ ਜਿਹੜੇ ਲੋਕ ਸਕੇਟ ਬੋਰਡ ਬੈਲੈਂਸ ਕਰ ਲੈਂਦੇ ਹਨ, ਉਨ੍ਹਾਂ ਲਈ ਦੇਸ਼ ਜਾਂ ਜ਼ਿੰਦਗੀ ਬੈਲੈਂਸ ਕਰਨਾ ਵੀ ਸੌਖਾ ਹੀ ਹੁੰਦਾ ਹੋਵੇਗਾ। ਮੇਰਾ ਕਹਿਣ ਤੋਂ ਭਾਵ ਉਹਨਾਂ ਪਾਸ ਹੋਰ ਹੁਨਰ ਵੀ ਹੁੰਦੇ ਹੋਣਗੇ। ਜਿਨ੍ਹਾਂ ਵਿਚ ਸਰੀਰ, ਦਿਮਾਗ਼ ਅਤੇ ਤਾਕਤ ਦਾ ਸੰਤੁਲਨ ਬਣਾਇਆ ਜਾਂਦਾ ਹੈ। ਆਪਣੇ ਆਪ 'ਤੇ ਸ਼ਰਮ ਆਈ ਕਿ ਅਸੀਂ ਪੰਜਾਬੀ ਤਾਂ ਟਰੈਕਟਰਾਂ ਦੇ ਟੋਚਨ ਪਾਉਣ ਜੋਗੇ ਰਹਿ ਗਏ, ਤਾਕਤ ਤੇਲ ਦੀ, ਤਕਨੀਕ ਕੰਪਨੀ ਦੀ, ਫੁਕਰੇਬਾਜ਼ੀ ਸਾਰੀ ਦੀ ਸਾਰੀ ਸਾਡੀ, ਭਾਵੇਂ ਬਾਈਲਾਰਸ ਫਿਲਮ ਵੇਖ ਲਓ।

ਸਾਰੇ ਯੋਰਪ ਵਿਚ ਹਵਾਈ ਜਹਾਜ਼ ਤੋਂ ਇਲਾਵਾ ਰੇਲ ਟਰੈਕਾਂ, ਟਰਾਮ ਟਰੈਕਾਂ ਤੇ ਸੜਕਾਂ ਦਾ ਜਾਲ ਵਿਛਿਆ ਹੈ। ਇਸ ਤੋਂ ਇਲਾਵਾ ਕੁਦਰਤੀ ਅਤੇ ਬਨਾਉਟੀ ਜਲ ਮਾਰਗਾਂ ਵਿਚ ਨਿੱਕੀਆਂ ਬੇੜੀਆਂ ਅਤੇ ਵੱਡੇ ਜਹਾਜ਼ ਫਿਰਦੇ ਹਨ। ਰੇਲ ਦਾ ਸਫਰ ਹਵਾਈ ਜਹਾਜ਼ ਨਾਲੋਂ ਮਹਿੰਗਾ ਹੈ। ਮੈਂ ਬਰਨ ਤੋਂ ਗੈਂਟ ਤਕ

ਰੇਲ ਗੱਡੀ ਦਾ ਸਫਰ 35000 ਵਿਚ ਕੀਤਾ, ਜਹਾਜ਼ ਵਿਚ 15000 ਲੱਗਣਾ ਸੀ। ਸੈਕਿੰਡ ਕਲਾਸ ਸਾਰੀ ਭਰ ਗਈ, ਮਾਹਤੜ ਨੂੰ ਫਸਟ ਕਲਾਸ ਦਾ ਟਿਕਟ ਕਟਾਣਾ ਪਿਆ ਪਰ ਮਿਲ ਗਈ ਸੈਕਿੰਡ ਕਲਾਸ ਦੇ ਰੇਟ ਵਿਚ ਕਿਉਂਕਿ ਉੱਥੋਂ ਦਾ ਉਸ ਦਿਨ ਦਾ ਨਿਯਮ ਸੀ। ਵੈਸੇ ਵੀ ਦੋਵਾਂ ਵਿਚ ਕੋਈ ਫਰਕ ਨਹੀਂ ਸੀ। ਬੱਸ ਐਵੇਂ ਕੁਝ ਵਾਧੂ ਟਸ਼ਨ ਜਿਹਾ ਸੀ। ਅਸੀਂ ਤਾਂ ਆਪਣੇ ਵੱਲੋਂ ਟਿਕਟ ਅਨੁਸਾਰ ਫਸਟ ਕਲਾਸ ਵਿਚ ਬੈਠੇ ਪਰ ਸਾਨੂੰ ਗੋਰੀ ਟੀਟੀ ਨੇ ਆ ਕੇ ਦੱਸਿਆ ਕਿ ਤੁਹਾਡੀ ਟਿਕਟ ਫਸਟ ਕਲਾਸ ਦੀ ਹੈ, ਤੁਸੀ ਬੈਠੇ ਸੈਕਿੰਡ ਵਿਚ ਹੋ, ਚਲੋ ਹੁਣ ਸੈਕਿੰਡ ਵਿਚ ਹੀ ਬੈਠੇ ਰਹੋ, ਅਗਲਾ ਸਟੇਸ਼ਨ ਆਉਣ 'ਤੇ ਤੁਸੀਂ ਗੱਡੀ ਬਦਲਣੀ ਹੈ, ਉਦੋਂ ਫਸਟ ਵਿਚ ਬੈਠਿਓ। ਉਸ ਸਮੇਂ ਤਕ ਇਸ ਸੀਟ ਦੀ ਸਵਾਰੀ ਵੀ ਆ ਜਾਵੇਗੀ। ਜੇ ਆਪਾਂ ਸਾਰੇ ਯੋਰਪ ਦੀ ਟਰਾਂਸਪੋਰਟ'ਤੇ ਝਾਤ ਮਾਰੀਏ ਤਾਂ ਰੇਲ ਸੜਕਾਂ, ਹਵਾਈ ਸਫਰ ਦੇ ਨਾਲੋ ਨਾਲ ਲੋਕਲ ਪਬਲਿਕ ਟਰਾਂਸਪੋਰਟ ਵੀ ਬਹੁਤ ਹੈ। ਇਸ ਉਪਰ ਲੋਕਾਂ ਨੂੰ ਭਰੋਸਾ ਵੀ ਬਹੁਤ ਹੈ। ਆਮ ਕਰਕੇ ਗੱਡੀਆਂ ਟਾਈਮ ਸਿਰ ਚਲਦੀਆਂ ਹਨ। ਸਵਿਟਜ਼ਰਲੈਂਡ ਵਿਚ ਲੱਗਿਆ ਕਿ ਟਾਈਮ ਨਾਲ ਗੱਡੀ ਨਹੀ਼ ਸਗੋਂ ਗੱਡੀ ਨਾਲ ਟਾਈਮ ਚਲਦਾ ਹੈ। ਲੋਕਲ ਗੱਡੀਆਂ ਦਾ ਟਾਈਮ ਵੀ ਸਹੀ ਹੁੰਦਾ ਹੈ। ਆਮ ਕਰਕੇ ਬੱਸਾਂ ਵੀ ਮਿੰਟਾਂ ਤਕ ਸਹੀ ਹੁੰਦੀਆਂ ਹਨ। ਕਾਰ ਵਗ਼ੈਰਾ ਅਕਸਰ ਗੂਗਲ ਟਾਈਮ ਤੋਂ ਅੱਗੇ ਪਿੱਛੇ ਹੋ ਜਾਂਦੀ ਹੈ। ਇਸੇ ਲਈ ਜੇ ਕਿਸੇ ਨੇ ਜ਼ਰੂਰੀ ਟਾਈਮ ਸਿਰ ਜਾਣਾ ਹੋਵੇ ਤਾਂ ਜਾਮ (ਜੋ ਨੇਚਰਲ ਕਲਾਈਮਿਟੀ ਜਿਵੇਂ ਮੀਂਹ, ਝੱਖੜ, ਬਰਫ ਕਰਕੇ ਜਾਂ ਸੜਕ ਰਿਪੇਅਰ ਜਾਂ ਐਕਸੀਡੈਂਟ ਕਰਕੇ) ਤੋਂ ਬਚਣ ਲਈ ਪਬਲਿਕ ਸਾਧਨ ਵਰਤਿਆ ਜਾਂਦਾ ਹੈ। ਆਮ ਕਰਕੇ ਕੋਈ ਰੁਕਾਵਟ ਪੈਣ 'ਤੇ ਤੁਰੰਤ ਟਰੈਫਿਕ ਰੂਟ ਬਦਲਿਆ ਜਾਂਦਾ ਹੈ। ਸਾਡਾ ਬਰਨ ਤੋਂ ਬਰੱਸਲ ਤਕ ਦਾ ਰੂਟ ਬਦਲ ਗਿਆ ਸੀ। ਇਸ ਸੰਬੰਧੀ ਟੀ.ਟੀ. ਸੀਟ 'ਤੇ ਆ ਕੇ ਦੱਸ ਗਈ ਸੀ ਕਿ ਤੁਹਾਨੂੰ ਫਰੈਂਕਫਰਟ ਤੋਂ ਗੱਡੀ ਬਦਲਨੀ ਪਵੇਗੀ ਪਰ ਫਰੈਂਕਫਰਟ ਵਾਲਿਆਂ ਤੋਂ ਗੱਡੀ ਦਾ ਸਹੀ ਪ੍ਰਬੰਧ ਨਾ ਹੋਇਆ। ਉਨ੍ਹਾਂ ਨੇ ਗੱਡੀ ਕੈਂਸਲ ਕਰ ਕੇ ਵੱਖਰੇ ਰੂਟ ਵਾਲੀ ਗੱਡੀ ਦਾ ਪ੍ਰਬੰਧ ਕੀਤਾ, ਜਿਸ ਕਾਰਨ ਪਹਿਲਾਂ ਦੱਸੇ ਸਮੇਂ ਨਾਲੋਂ ਤਿੰਨ ਘੰਟੇ ਵੱਧ ਸਮਾਂ ਲੱਗਿਆ। ਪਰ ਇਸ ਸੰਬੰਧੀ ਸਮੇਂ ਸਮੇਂ ਸਿਰ ਸੂਚਿਤ ਕੀਤਾ ਜਾਂਦਾ ਰਿਹਾ, ਨਾ ਕੇਵਲ ਪਬਲਿਕ ਐਡਰੈੱਸ ਸਿਸਟਮ ਰਾਹੀਂ ਹੀ ਸਗੋਂ ਰੇਲਵੇ ਦੇ ਕਰਮਚਾਰੀ ਆਪ ਆ ਕੇ ਦੱਸਦੇ ਸਨ। ਤਿੰਨਾ ਦੇਸ਼ਾਂ ਵਿਚੋਂ ਦੀ ਲੰਘਦੀ ਗੱਡੀ ਨੇ ਸੱਤ ਘੰਟਿਆਂ ਵਿਚ ਲੱਗਣਾ ਸੀ, ਜੋ ਦਸ ਘੰਟੇ ਵਿਚ ਲੱਗੀ। ਸਵਿੱਸ ਦੇਸ਼ ਦੀ ਰਾਜਧਾਨੀ ਬਰਨ ਸ਼ਹਿਰ ਤੋਂ ਜਰਮਨ ਵਿਚੋਂ ਦੀ ਹੁੰਦੇ ਹੋਏ ਬੈਲਜੀਅਮ ਦੇ ਸ਼ਹਿਰ ਬਰੱਸਲ ਤਕ ਪੁੱਜਣਾ ਸੀ। ਬਦਲਵੇਂ ਰੂਟ ਕਾਰਨ ਤਿੰਨ ਘੰਟੇ ਵੱਧ ਲੱਗੇ ਜੋ ਸਾਡੇ ਭਾਰਤੀਆਂ ਲਈ ਸਾਧਾਰਨ ਗੱਲ ਸੀ। ਅਸੀਂ ਵਧੇਰੇ ਗੱਡੀਆਂ ਬਦਲੀਆਂ, ਵੱਧ ਸਟੇਸ਼ਨ ਦੇਖੇ ਅਤੇ ਇਨਜੁਆਏ ਕੀਤਾ। ਸਾਡੇ ਮੇਜ਼ਬਾਨ ਆਖਦੇ ਸੀ ਤੁਸੀਂ ਸ਼ਿਕਾਇਤ ਕਰੋ। ਲਿਖਤੀ ਮੁਆਫੀ ਦੀ ਚਿੱਠੀ ਅਵੱਸ਼ ਆਵੇਗੀ। ਸ਼ਾਇਦ ਮੁਆਵਜ਼ਾ ਵੀ ਪੇਸ਼ ਕਰਨ। ਜੇ ਮੁਆਵਜ਼ਾ ਨਾ ਦਿੱਤਾ ਤੇ ਇਕੱਲੀ ਚਿੱਠੀ ਆਈ ਤਾਂ ਆਪਾਂ ਕੇਸ ਕਰਾਂਗੇ, ਫਿਰ ਤਾਂ ਅਵੱਸ਼ ਟਿਕਟ ਦੇ ਪੈਸੇ ਵਾਪਸ ਕਰਨਗੇ ਅਤੇ ਸਮੇਂ ਦਾ ਘਾਟਾ ਵੀ ਪੈਸਿਆਂ ਨਾਲ ਭਰਨਗੇ। ਪਰ ਅਸੀਂ ਕੁਝ ਨਵਾਂ ਵੇਖਣ ਦੇ ਚਾਅ ਵਿਚ ਗੱਲ ਆਈ ਗਈ ਕਰ ਦਿੱਤੀ।

ਉੱਥੇ ਲੋਕਲ ਬੱਸਾਂ ਬਹੁਤ ਲੰਮੀਆਂ ਹਨ। ਆਮ ਕਰਕੇ ਦੋ ਬੱਸਾਂ ਜੋੜ ਕੇ ਬਣਾਈਆਂ ਹੁੰਦੀਆਂ ਹਨ। ਅੱਠਾਂ ਟਾਇਰਾਂ ਵਿਚੋਂ ਛੇ ਪਾਵਰ ਨਾਲ ਪੂਰੇ ਮੁੜਦੇ ਹਨ। ਇਸ ਕਰਕੇ ਭੀੜੀਆਂ ਸੜਕਾਂ ਅਤੇ ਵਲ਼ਦਾਰ ਮੋੜਾਂ ਤੋਂ ਵੀ ਸੌਖੀਆਂ ਹੀ ਲੰਘ ਜਾਂਦੀਆਂ ਸਨ। ਇੱਥੇ ਕਾਰਾਂ ਵੀ ਬਹੁਤ ਹਨ ਪਰ ਅਮਰੀਕੀ ਕਾਰਾਂ ਜੀ.ਐੱਮ. ਅਤੇ ਫੋਰਡ ਨਾਮਾਤਰ ਹੀ ਹਨ। ਥੋੜ੍ਹੀਆਂ ਜਪਾਨੀ, ਹਾਂਡਾ, ਨਿੱਸਾਨ ਅਤੇ ਸਜ਼ੂਕੀ ਦਿਸਦੀਆਂ ਹਨ ਪਰ ਸਰਦਾਰੀ ਆਮ ਕਰਕੇ ਯੋਰਪੀ ਜਰਮਨ ਕਾਰਾਂ ਦੀ ਹੈ। ਬੀ.ਐੱਮ.ਡਬਲਿਯੂ, ਔਡੀ, ਮਰਸਡੀ ਬੈਂਜ਼, ਵੋਕਸਵੈਗਨ, ਪੋਰਸੇ, ਇਟਲੀ ਵਾਲਿਆਂ ਦੀ ਫਰਾਰੀ, ਲੈਂਬਰਗਿੰਨੀ, ਫੀਅਟ ਦੀ ਚੜ੍ਹਤ ਹੈ। ਫਰਾਂਸ ਵਾਲੇ ਆਪਣੀ ਪੈਂਜੋਟ, ਸਿਟਰਨ ਤੇ ਰਨੌਲਟ 'ਤੇ ਬਹੁਤ ਮਾਣ ਕਰਦੇ ਹਨ। ਗੱਡੀਆਂ ਸੋਹਣੀਆਂ ਹਨ। ਦੋ ਸੀਟਾਂ ਵਾਲੀਆਂ ਸਪੋਰਟਸ ਕਾਰਾਂ ਦਾ ਵੀ ਰਿਵਾਜ ਹੈ। ਖੁੱਲ੍ਹੀਆਂ ਛੱਤਾਂ ਵਾਲੀਆਂ, ਪੁੱਠੇ ਦਰਵਾਜ਼ੇ ਵਾਲੀਆਂ, ਉੱਚੀਆਂ, ਲੰਮੀਆਂ, ਛੋਟੀਆਂ, ਨੀਵੀਆਂ ਹਰ ਤਰ੍ਹਾਂ ਦੀਆਂ। ਪੰਜਾਬੀ ਗਾਣਿਆਂ ਦੀਆਂ ਮਸ਼ਹੂਰ ਕੀਤੀਆਂ ਪੋਰਸ਼ੇ ਤੇ ਲੈਂਬਰਗਿੰਨੀ

ਤੇ ਫਰਾਰੀ ਪਾਰਕਿੰਗ ਸਪੇਸ ਲੱਭਦੀਆਂ ਫਿਰਦੀਆਂ ਹਨ। ਘਰਾਂ ਦੇ ਬਾਹਰ ਖੜ੍ਹੀਆਂ ਹਨ। ਯੋਰਪ ਵਿਚ ਪਾਰਕਿੰਗ ਸਪੇਸ ਦੀ ਬਹੁਤ ਸਮੱਸਿਆ ਹੈ। ਹੁਣ ਮਲਟੀ ਸਟੋਰੀ ਪਾਰਕਿੰਗ ਬਣਨ ਲੱਗੇ ਹਨ ਪਰ ਜ਼ਿਆਦਾਤਰ ਸੜਕਾਂ ਦੇ ਆਸੇ ਪਾਸੇ ਹੀ ਪਾਰਕਿੰਗ ਸਪੇਸ ਹੁੰਦੀ ਹੈ ਪਰ ਇਹ ਥਾਂ ਥੋੜ੍ਹੀ ਸਥਾਨਕ ਨੰਬਰ ਪਲੇਟ ਵਾਲਿਆਂ ਲਈ ਅਤੇ ਸੀਮਤ ਸਮੇਂ ਲਈ ਹੀ ਹੁੰਦੀ ਹੈ। ਪਾਰਕਿੰਗ ਸਪੇਸ ਵਿਚ ਬਹੁਤੀ ਥਾਂ ਫਾਇਰ ਬਿਰਗੇਡ, ਐਂਬੂਲੈਂਸ ਲਈ ਛੱਡੀ ਹੁੰਦੀ ਹੈ ਜਾਂ ਫਿਰ ਹੈਂਡੀਕੈਪਡ ਲੋਕਾਂ ਲਈ ਪਾਰਕਿੰਗ ਵਿਚ ਥਾਂ ਹੁੰਦੀ ਹੈ। ਲੋਕ ਗ਼ਲਤ ਥਾਂ ਗੱਡੀ ਪਾਰਕਿੰਗ ਕਰਨ ਤੋਂ ਤ੍ਰਹਿੰਦੇ ਹਨ। ਹਾਲਾਂ ਕਿ ਸੁਰੱਖਿਆ ਖੇਤਰਾਂ ਨੂੰ ਛੱਡ ਕੇ ਕਿਤੇ ਵੀ ਗੱਡੀ ਚੁੱਕੀ ਨਹੀਂ ਜਾਂਦੀ ਸਗੋਂ ਘਰ ਭਾਰੀ ਜੁਰਮਾਨੇ ਦੀ ਟਿਕਟ ਭੇਜ ਦਿੱਤੀ ਜਾਂਦੀ ਹੈ। ਬਹੁਤੀਆਂ ਪਾਰਕਿੰਗ ਆਟੋ ਹਨ। ਕਾਰਡ ਰਾਹੀਂ ਹੀ ਸਮੇਂ ਦੇ ਹਿਸਾਬ ਨਾਲ ਪੇਮੈਂਟ ਹੁੰਦੀ ਹੈ। ਟੋਲ ਰੋਡ ਥੋੜ੍ਹੀਆਂ ਹਨ ਪਰ ਬਿਨਾਂ ਟੋਲ ਤੋਂ ਵੀ ਜਿਹੜੀਆਂ ਸੜਕਾਂ ਹਨ, ਉਹ ਕੋਈ ਟੁੱਟੀਆਂ ਫੁੱਟੀਆਂ ਜਾਂ ਵੱਡਿਆਂ ਟੋਇਆਂ ਵਾਲੀਆਂ ਨਹੀਂ ਸਗੋਂ ਵਧੀਆ ਹਨ। ਬਸ ਸਿੰਗਲ ਹਨ, ਭੀੜੀਆਂ ਹਨ, ਕੁਝ ਵਧੇਰੇ ਵਲ਼ ਪਾਉਂਦੀਆਂ ਹਨ।

ਕੁਝ ਪਿੰਡਾਂ ਵਿਚੋਂ ਲੰਘਦੀਆਂ ਹਨ, ਇਸ ਕਰਕੇ ਵਧੇਰੇ ਬੱਤੀਆਂ ਅਤੇ ਜ਼ੈਬਰਾ ਕਰਾਸਿੰਗ ਆਉਂਦੀਆਂ ਹਨ ਜਿੱਥੇ ਗੱਡੀ ਹੌਲ਼ੀ ਕਰਨੀ ਪੇਂਦੀ ਹੈ ਜਾਂ ਰੋਕਣੀ ਪੈਂਦੀ ਹੈ। ਇਸੇ ਕਰਕੇ ਲੋਕ ਟੋਲ ਰੋਡ ਚੜ੍ਹਦੇ ਹਨ। ਪਰ ਜੇ ਤੁਸੀਂ ਘੁੰਮਣ ਫਿਰਨ ਜਾ ਰਹੇ ਹੋ ਤੇ ਤੁਹਾਡੇ ਕੋਲ਼ ਸਮਾਂ ਹੋਵੇ ਤਾਂ ਟੋਲ ਰੋਡ ਭੁੱਲ ਕੇ ਵੀ ਨਾ ਚੜ੍ਹੋ। ਟੋਲ ਰੋਡ ‘ਤੇ ਕੁਝ ਹੀ ਕੰਪਨੀਆਂ ਦੇ ਕਦੇ ਕਦਾਈਂ ਦਿਸਣ ਵਾਲੇ ਇਸ਼ਤਿਹਾਰਾਂ ਤੋਂ ਬਿਨਾਂ ਕੁਝ ਨਹੀਂ ਹੁੰਦਾ ਜਦੋਂ ਕਿ ਬਿਨਾਂ ਟੋਲ ਰੋਡ ‘ਤੇ ਤੁਸੀਂ ਖੇਤਾਂ, ਕੁਦਰਤ ਅਤੇ ਪਿੰਡਾਂ ਦੇ ਦ੍ਰਿਸ਼ਾਂ ਨੂੰ ਨੇੜਿਉਂ ਮਾਣ ਸਕਦੇ ਹੋ। ਕੁੱਲ ਮਿਲਾ ਕੇ ਜੇ ਭਾਰਤ ਨਾਲ ਤੁਲਨਾ ਕਰੀਏ ਤਾਂ ਸਾਨੂੰ ਕਾਫੀ ਕੁਝ ਕਰਨਾ ਪਵੇਗਾ। ਸਾਡੇ ਕੋਲ਼ ਯੋਰਪ ਜਿੰਨੇ ਹੀ ਸਾਧਨ ਹਨ, ਕਾਨੂੰਨ ਹਨ। ਬੱਸ ਉਨ੍ਹਾਂ ਨੂੰ ਲਾਗੂ ਕਰਨ ਵਾਲੀ ਅਫਸਰਸ਼ਾਹੀ ਚਾਹੀਦੀ ਹੈ ਜੋ ਰਿਸ਼ਵਤ ਦੇ ਅੰਦਰੂਨੀ ਅਤੇ ਬਾਹਰੀ ਰਾਜਸੀ ਦਬਾਅ ਦੋਨਾਂ ਤੋਂ ਹੀ ਮੁਕਤ ਹੋਵੇ। ਦੂਜੇ ਪਾਸੇ ਨਾਗਰਿਕਾਂ ਦਾ ਫ਼ਰਜ਼ ਬਣਦਾ ਹੈ ਕਿ ਕਾਨੂੰਨ ਨੂੰ ਮੰਨਣ। ਪੱਛਮ ਵਿਚ ਲੋਕ ਕਾਨੂੰਨ ਨੂੰ ਰੱਬ ਵਾਂਗ ਪੂਜਦੇ ਹਨ ਪਰ ਇਸ ਪਿੱਛੇ ਉਨ੍ਹਾਂ ਦੀ ਕੋਈ ਦੇਸ਼ਭਗਤੀ ਨਹੀਂ ਸਗੋਂ ਸਜ਼ਾ ਦਾ ਡਰ ਹੈ। ਇਹੀ ਸਜ਼ਾ ਵੀ ਜੇਲ੍ਹ ਜਾਂ ਦਫਤਰਾਂ ਦੀ ਖੱਜਲ ਖੁਆਰੀ ਨਹੀਂ ਸਗੋਂ ਭਾਰੀ ਜੁਰਮਾਨਾ ਹੈ। ਪਹਿਲੀ ਗ਼ਲਤੀ ‘ਤੇ ਥੋੜ੍ਹਾ ਜੁਰਮਾਨਾ, ਦੂਜੀ ਤੇ ਹੋਰ ਜ਼ਿਆਦਾ, ਤੀਜੀ ਤੇ ਬਹੁਤ ਭਾਰੀ ਅਤੇ ਅਖੀਰ ਲਾਈਸੈਂਸ ਕੈਂਸਲ। ਗ਼ੈਰ ਅੰਗਰੇਜ਼ੀ ਯੋਰਪੀ ਦੇਸ਼ਾਂ ਦੀ ਆਵਾਜਾਈ ਬਾਰੇ; ਹੋਰ ਵੀ ਗੱਲਾਂ ਹੋ ਸਕਦੀਆਂ ਹਨ, ਮੈਂ ਸਾਰੀਆਂ ਨਹੀਂ ਲਿਖਣੀਆਂ, ਕੁਝ ਤੁਸੀਂ ਆਪ ਜਾ ਕੇ ਦੇਖਿਓ ਪਰ ਇਕ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਫਰਾਂਸ ਦੇ ਸ਼ਹਿਰ ਪੈਰਿਸ ਦੇ ਡਰਾਈਵਰ ਹਾਰਨ ਵੀ ਮਾਰਦੇ ਹਨ, ਬੱਤੀ ਵੀ ਕਰਾਸ ਕਰਦੇ ਹਨ, ਟਰੈਫਿਕ ਲਾਈਨ ਵੀ ਤੋੜਦੇ ਹਨ ਅਤੇ ਸ਼ਾਇਦ ਇਸੇ ਕਰਕੇ ਪੈਰਿਸ ਦੀਆਂ ਕਈ ਗੱਡੀਆਂ ਸਾਈਡਾਂ ਤੋਂ ਦਿੱਲੀ ਵਾਂਗ ਹੀ ਝਰੀਟੀਆਂ ਸਨ। ਸਭਿਅਕ ਫਰਾਂਸੀਸੀਆਂ ਤੋਂ ਮੁਆਫੀ ਸਹਿਤ।

ਮੈਨੂੰ ਯੋਰਪ ਦੀ ਸਭ ਤੋਂ ਵਧੀਆ ਗੱਲ ਉਨ੍ਹਾਂ ਦਾ ਸਾਈਕਲ ਚਲਾਉਣਾ ਲੱਗੀ, ਉੱਥੇ ਸਭ ਤੋਂ ਮਾੜੀ ਗੱਲ ਸਿਗਰਟਨੋਸ਼ੀ ਲੱਗੀ। ਹਾਲਾਂ ਕਿ ਉੱਥੇ ਕਿਸੇ ਵੀ ਬੰਦ ਪਬਲਿਕ ਸਥਾਨ ਜਿਵੇਂ ਸਿਨੇਮਾ ਘਰ, ਥੀਏਟਰ, ਹਾਲ, ਇਨਡੋਰ ਸਟੇਡੀਅਮ, ਦੁਕਾਨ, ਮਕਾਨ, ਮਾਲ, ਬੱਸ, ਟਰੇਨ, ਬੱਸ ਅੱਡੇ ਵਿਚ ਸਿਗਰਟ ਪੀਣਾ ਮਨ੍ਹਾਂ ਹੈ ਅਤੇ ਪੀਤੀ ਵੀ ਨਹੀਂ ਜਾਂਦੀ ਪਰ ਖੁੱਲ੍ਹੇ ਥਾਵਾਂ ਉਪਰ ਕੀ ਮੁੰਡਾ ਕੀ ਕੁੜੀ, ਕੀ ਬੁੱਢਾ, ਕੀ ਬੁੱਢੀ, ਅਮੀਰ ਗ਼ਰੀਬ ਸਾਰੇ ਇਸੇ ਕੰਮ ਲੱਗੇ ਰਹਿੰਦੇ ਹਨ। ਦੇਖਣ ਵਿਚ ਲੱਗਿਆ ਕਿ ਕੁੜੀਆਂ ਮੁੰਡਿਆਂ ਨਾਲੋਂ ਵੱਧ ਸਿਗਰਟ ਪੀਂਦੀਆਂ ਹਨ। ਸ਼ਾਇਦ ਇਹ ਸੱਠਵਿਆਂ ਦੇ ਸਿਗਰਟ ਫਾਰ ਫਰੀਡਮ ਦਾ ਹੈਂਗ ਓਵਰ ਅਜੇ ਖਤਮ ਨਹੀਂ ਹੋਇਆ। ਹਾਂ ਬੱਚਿਆਂ ਦੇ ਚੋਰੀ ਪੀਣ ਬਾਰੇ ਤਾਂ ਪਤਾ ਨਹੀਂ ਪਰ ਸਿਗਰਟ ਵੇਚਣ ਵਾਲੀਆਂ ਦੁਕਾਨਾਂ ਉਪਰ ਪੂਰੀ ਸਖਤੀ ਹੈ। ਮੇਰੇ ਸਾਹਮਣੇ ਇਕ ਗਰੋਸਰੀ ਸ਼ਾਪ ‘ਤੇ ਕੁੜੀ ਆਈ, ਉਸ ਨੇ ਚਾਂਭਲ ਕੇ ਸਿਗਰਟ ਮੰਗੀ ਤਾਂ ਦੁਕਾਨਦਾਰ ਨੇ ਆਖਿਆ ਸ਼ੋਅ ਯੋਅਰ ਆਈ.ਕਾਰਡ ਤਾਂ ਉਸ ਨੇ ਬੜੇ ਮਾਣ ਭਰੇ ਅੰਦਾਜ਼ ਵਿਚ ਆਈ.ਕਾਰਡ

ਦਿਖਾਇਆ ਅਤੇ ਹੱਸਣ ਲੱਗੀ। ਦੁਕਾਨਦਾਰ ਨੇ ਸਿਗਰਟ ਦਿੰਦਿਆਂ ਆਖਿਆ "ਬਾਲਗ਼ ਹੋਣ ਦੀਆਂ ਮੁਬਾਰਕਾਂ, ਜਵਾਨੀ ਦੀ ਦਹਿਲੀਜ਼ 'ਤੇ ਸਵਾਗਤ"। ਅਸਲ ਵਿਚ ਕੁੜੀ ਬਾਲਗ਼ ਸੀ, ਆਪਣੀ ਉਮਰੋਂ ਛੋਟੀ ਲਗਦੀ ਸੀ ਅਤੇ ਨਵੀਂ ਜਵਾਨੀ ਦੇ ਚਾਅ ਵਿਚ ਵਧੇਰੇ ਲਾਚੜੀ ਅਤੇ ਵਧੇਰੇ ਬਚਪਨੇ ਵਾਲੀਆਂ ਹਰਕਤਾਂ ਕਰ ਰਹੀ ਸੀ। ਸ਼ਾਇਦ ਇਸੇ ਕਰਕੇ ਦੁਕਾਨਦਾਰ ਨੂੰ ਸ਼ੱਕ ਹੋਇਆ ਸੀ। ਮੇਰੇ ਕਹਿਣ ਦਾ ਭਾਵ ਕਿ ਨਵੀਂ ਪੀੜ੍ਹੀ ਵੀ ਸਿਗਰਟ ਵਿਚ ਪੈ ਰਹੀ ਹੈ। ਸਰਕਾਰਾਂ ਸਿਗਰਟ ਹਟਾਉਣ ਵਿਚ ਗੰਭੀਰ ਹਨ ਜਾਂ ਨਹੀਂ, ਮੈਂ ਨਿਰਣਾ ਨਹੀਂ ਕਰ ਸਕਿਆ। ਕਿਉਂਕਿ ਉਹ ਇਸ ਤੋਂ ਚੰਗੀ ਕਮਾਈ ਕਰ ਰਹੀਆਂ ਹਨ। ਹੋਰ ਪੂੰਜੀਵਾਦੀ ਮੁਲਕਾਂ ਵਾਂਗ ਬੈਲਜੀਅਮ ਵਿਚ ਬਾਕੀ ਚੀਜ਼ਾਂ ਦੇ ਭਾਅ ਬਾਜ਼ਾਰ ਤੈਅ ਕਰਦਾ ਹੈ ਪਰ ਸਿਗਰਟਾਂ ਦੇ ਭਾਅ ਬਹੁਤ ਉੱਚੇ ਹਨ, ਕੀਮਤ ਦਾ ਕੰਟਰੋਲ ਸਰਕਾਰ ਅਤੇ ਕੰਪਨੀਆਂ ਮਿਲ ਕੇ ਤੈਅ ਕਰਦੀਆਂ ਹਨ। ਸਿਗਰਟ ਵਿਚੋਂ ਸਰਕਾਰਾਂ ਨੂੰ ਟੈਕਸ ਅਤੇ ਕੰਪਨੀਆਂ ਨੂੰ ਮੁਨਾਫਾ ਹੁੰਦਾ ਹੈ, ਇਸੇ ਕਰਕੇ ਭਾਅ ਬਹੁਤ ਜ਼ਿਆਦਾ ਹੁੰਦੇ ਹਨ। ਡੱਬੀ ਦਾ ਮੁੱਲ ਬੋਤਲ ਬਰੋਬਰ ਹੀ ਹੈ। ਸਰਕਾਰਾਂ ਡੱਬੀ ਉਪਰ ਸਿਗਰਟ ਦੇ ਦੁਰਪ੍ਰਭਾਵਾਂ ਬਾਰੇ ਫੋਟੋ ਛਾਪ ਕੇ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੀਆਂ ਹਨ। ਇਹ ਮਿੱਥ ਯੋਰਪ ਅਤੇ ਪੰਜਾਬੀਆਂ ਵਿਚ ਸਾਂਝੀ ਹੈ ਕਿ ਠੰਡੇ ਮੁਲਕ ਹੋਣ ਕਰਕੇ ਨਿਕੋਟੀਨ ਲੈਣੀ ਹੀ ਪੈਂਦੀ ਹੈ। ਇਹ ਮੌਸਮ ਦੀ ਮਾਰ ਹੈ, ਸਰੀਰ ਦੀ ਲੋੜ ਹੈ। ਨਿਕੋਟੀਨ ਲਈ ਕੇਵਲ ਬਣੀਆਂ ਬਣਾਈਆਂ ਸਿਗਰਟਾਂ ਹੀ ਨਹੀਂ ਸਗੋਂ ਘਰੇ ਖੁਦ ਭਰਨ ਲਈ ਤੰਬਾਕੂ ਦੇ ਪੁੜੇ ਅਤੇ ਖਾਲੀ ਸਿਗਰਟ ਭਾਵ ਖੋਲ ਵੀ ਮਿਲਦੇ ਹਨ। ਈ-ਸਿਗਰਟ ਦਾ ਕਾਫੀ ਚਲਨ ਹੈ। ਧਰਮੀ ਪੰਜਾਬੀਆਂ ਲਈ ਇਹ ਧਰਮ ਸੰਕਟ ਹੈ, ਖਾਸ ਕਰਕੇ ਗਰੌਸਰੀ ਸਟੋਰ ਚਲਾਉਣ ਵਾਲਿਆਂ ਨੂੰ, ਕਿਉਂਕਿ ਸਿਗਰਟ ਬਿਨਾਂ ਦੁਕਾਨ ਨਹੀਂ ਚਲਦੀ। ਕੁਝ ਖੁਸ਼ ਹੋ ਕੇ ਹੋਰ ਸਮਾਨਾਂ ਵਾਂਗ ਸਮਾਨ ਸਮਝ ਕੇ ਵੇਚੀ ਜਾਂਦੇ ਹਨ। ਕੁਝ ਔਖੇ ਭਾਰੇ ਨੱਕ ਬੁੱਲ੍ਹ ਕੱਢ ਕੇ ਵੇਚੀ ਜਾਂਦੇ ਹਨ। ਦਾਰੂ ਦੇ ਵੱਖਰੇ ਠੇਕੇ ਨਹੀਂ ਹਨ। ਦਾਰੂ ਹਰ ਦੁਕਾਨ ਭਾਵ ਗਰੌਸਰੀ ਸਟੋਰ ਤੋਂ ਮਿਲਦੀ ਹੈ। ਆਮ ਕਰ ਕੇ ਹਰ ਦੁਕਾਨ ਉਪਰ ਸਭ ਤੋਂ ਪਹਿਲਾਂ ਬੋਤਲਾਂ ਹੀ ਸਲੀਕੇ ਨਾਲ ਟਿਕਾਈਆਂ ਮਿਲਦੀਆਂ ਹਨ। ਹਾਰਡ ਡਰਿੰਕ ਭਾਵ ਵਿਸਕੀ ਵੋਦਕਾ ਦੀ ਥਾਂ ਵਾਈਨ ਅਤੇ ਬੀਅਰ ਦਾ ਪ੍ਰਚਲਨ ਵਧੇਰੇ ਹੈ। ਸੁਬਹ ਸਵੇਰੇ ਨਾਸ਼ਤੇ ਨਾਲ ਵੀ ਰੈਸਟੋਰੈਂਟਾਂ ਵਿਚ ਲੋਕ ਵਾਈਨ ਦੇ ਗਲਾਸ ਭਰਾ ਕੇ ਬੈਠੇ ਹੁੰਦੇ ਹਨ। ਬੀਅਰ ਅਤੇ ਵਾਈਨ ਵਿਚ ਵਰਾਇਟੀ ਬਹੁਤ ਹੈ। ਸ਼ੈਂਪੇਨ ਅਕਸਰ ਪੀਤੀ ਜਾਂਦੀ ਹੈ। ਪੰਜਾਬੀ ਬੰਦਾ ਸ਼ਰਾਬ ਦੇ ਸੁਆਦ ਨੂੰ ਨਹੀਂ ਕੇਵਲ ਨਸ਼ੇ ਨੂੰ ਜਾਣਦਾ ਹੈ। ਉਸ ਲਈ ਸ਼ਰਾਬ ਦਾ ਸੁਆਦ ਕੋਈ ਬਹੁਤਾ ਅਰਥ ਨਹੀਂ ਰਖਦਾ, ਉਹ ਬੱਸ ਬੀਅਰ, ਵਾਈਨ, ਵਿਸਕੀ ਅਤੇ ਦੇਸੀ ਵਿਚਲੇ ਫਰਕ ਨੂੰ ਹੀ ਪਛਾਣਦਾ ਹੈ। ਉਹ ਵਾਈਨ ਦੇ ਸੈਂਕੜੇ ਸੁਆਦਾਂ ਨੂੰ ਨਹੀਂ ਜਾਣਦਾ। ਉਸ ਨੂੰ ਬੀਅਰ ਦੇ ਦਰਜਣਾਂ ਸੁਆਦਾਂ ਦੀ ਵੀ ਇਲਮ ਨਹੀਂ ਹੈ। ਉਹ ਸ਼ਰਾਬ ਦੇ ਵੀ ਵੱਖ ਵੱਖ ਸੁਆਦਾਂ ਵਾਲੇ ਕਾਕਟੇਲਾਂ ਨੂੰ ਨਹੀਂ ਪਛਾਣਦਾ। ਪਰ ਯੋਰਪ ਵਿਚ ਇਨ੍ਹਾਂ ਸ਼ਰਾਬਾਂ ਦੇ ਨਸ਼ਿਆਂ ਨਾਲ ਸ਼ਰਾਬਾਂ ਦੇ ਸੁਆਦ ਦਾ ਵੀ ਮਹੱਤਵ ਹੈ। ਆਮ ਕਰਕੇ ਵਿਅਕਤੀ ਆਪਣੀ ਪਸੰਦ ਹੀ ਪੀਂਦੇ ਹਨ। ਆਮ ਕਰਕੇ ਔਰਤਾਂ ਵਾਈਨ ਅਤੇ ਮਰਦ ਬੀਅਰ ਪਸੰਦ ਕਰਦੇ ਹਨ। ਪਿਅੱਕੜ ਉੱਥੇ ਵੀ ਹਨ ਪਰ ਅਕਸਰ ਸੈਂਸ ਵਿਚ ਰਹਿੰਦੇ ਹਨ। ਪੱਕੇ ਨਸ਼ੇੜੀ ਨੀਟ ਪੀਂਦੇ ਹਨ। ਸੁਬਹ ਸਵੇਰੇ ਸਕਿਉਰਟੀ 'ਤੇ ਪਲਣ ਵਾਲੇ ਮੰਗਤਾਨੁਮਾ ਪੱਕੇ ਸ਼ਰਾਬੀ ਦੁਕਾਨਾਂ ਅੱਗੇ ਨੀਟ ਨਾਲ ਨਾਸ਼ਤਾ ਕਰਦੇ ਵੇਖਣੇ ਹੋਣ ਤਾਂ ਥੋੜ੍ਹੇ ਹੀ ਤਰੱਦਦ ਨਾਲ ਮਿਲ ਜਾਂਦੇ ਹਨ। ਫੀਮ ਤੇ ਖੇਤੀ ਦਾ ਲੀਗਲ ਸਟੈਂਡਰਡ ਤਾਂ ਅੱਡ ਅੱਡ ਦੇਸ਼ਾਂ ਵਿਚ ਅੱਡ ਅੱਡ ਹੈ ਪਰ ਖੇਤਾਂ ਵਿਚ ਆਪਣੇ ਆਪ ਉੱਗੀ ਗਾਰਡਨ ਪੌਪੀ ਬਹੁਤ ਵੇਖੀ। ਕੁਝ ਸ਼ੁਕੀਨ ਕਿਸਾਨਾਂ ਨੇ ਤਾਂ ਕਣਕ ਦੇ ਵਿਚਕਾਰ ਚੌਰਸ ਕਿਆਰੀਆਂ ਵਿਚ ਸੋਹਣੇ ਲੱਗਣ ਨੂੰ ਪੌਪੀ ਲਗਾਈ ਹੋਈ ਸੀ। ਹਰੇ ਕਚੂਰ ਖੇਤਾਂ ਦੇ ਵਿਚ ਲਾਲ ਲਾਲ ਫੁੱਲ ਬੜੇ ਸੋਹਣੇ ਲੱਗਦੇ ਸਨ। ਮੈਨੂੰ ਪੰਜਾਬੀ ਬੋਲੀ ਵਾਰ ਵਾਰ ਯਾਦ ਆ ਰਹੀ ਸੀ। ਐਧਰ ਕਣਕਾਂ ਓਧਰ ਕਣਕਾਂ, ਵਿਚ ਕਿਆਰੀ ਬਾਥੂ ਦੀ..। 000

***(3051-ਫੇਜ਼ 2, ਅਰਬਨ ਐਸਟੇਟ, ਪਟਿਆਲਾ 147 002***
***ਫੋਨ: +91-9198150-50617 ਈਮੇਲ: rpsbrar@gmail.com)***

# ਸਤਿ ਬਚਨ: ਸ਼ਬਦ ਝਰੋਖਾ: ਬਲਜੀਤ ਬਾਸੀ

ਮੈਨੂੰ ਛੋਟੇ ਹੁੰਦਿਆਂ ਹੀ ਭੀਖ ਮੰਗਣ ਵਾਲਿਆਂ ਤੋਂ ਬੜੀ ਚਿੜ ਆਉਂਦੀ ਸੀ। ਉਨ੍ਹੀਂ ਦਿਨੀਂ ਲਗਪਗ ਹਰ ਰੋਜ਼ ਸਾਡੇ ਘਰ ਇਕ ਸਾਧੂ ਗਜਾ ਕਰਨ ਆਉਂਦਾ ਸੀ। ਉਹ ਜਦ ਵੀ ਦਰ 'ਤੇ ਆਉਂਦਾ, ਮੈਂ ਕੋਈ ਨਾ ਕੋਈ ਕੁਰੱਖਤ ਬੋਲ ਬੋਲ ਦਿੰਦਾ, ਗਾਲ੍ਹ ਤਕ ਕੱਢ ਦਿੰਦਾ। ਪਰ ਉਹ ਹਰ ਵਾਰੀ ਬੜੇ ਮਿੱਠੇ ਲਹਿਜੇ ਵਿਚ ਘੜਿਆ-ਘੜਾਇਆ ਜਵਾਬ ਦਿੰਦਾ, "ਸਤਿ ਬਚਨ"। ਗੱਲ ਕੀ, ਉਹ ਮੇਰੇ ਕਿਸੇ ਵੀ ਅਪਸ਼ਬਦ ਦੀ ਪ੍ਰਤੀਕਿਰਿਆ ਵਜੋਂ ਟੱਸ ਤੋਂ ਮੱਸ ਨਾ ਹੁੰਦਾ, ਬੱਸ ਸਤਿ ਬਚਨ ਦੀ ਰੱਟ ਲਾਈ ਰੱਖਦਾ। ਅਕਸਰ ਉਸ ਦੀ ਉਪਜੀਵਕਾ ਦਾ ਮਸਲਾ ਸੀ। ਉਸ ਦਾ ਅਨੁਭਵ ਰਿਹਾ ਹੋਵੇਗਾ ਕਿ ਔਰਤਾਂ ਬਹੁਤ ਨਰਮ ਦਿਲ ਹੁੰਦੀਆਂ ਹਨ ਜਿਸ ਦੇ ਆਧਾਰ 'ਤੇ ਉਸ ਨੂੰ ਪਤਾ ਸੀ ਕਿ ਮੇਰੀ ਮਾਂ ਮੇਰੀ ਚੱਲਣ ਨਹੀਂ ਦੇਵੇਗੀ। ਨਿੱਤ ਅਨੁਸਾਰ ਉਹ ਹਰ ਵਾਰ ਮੁੱਠ ਆਟੇ ਦੀ ਲੈ ਕੇ ਆਉਂਦੀ ਤੇ ਮੈਨੂੰ ਝਿੜਕਦੀ ਹੋਈ ਉਸ ਦੀ ਝੋਲ਼ੀ ਵਿਚ ਪਾ ਦਿੰਦੀ। ਮੈਨੂੰ ਬਾਅਦ ਵਿਚ 'ਸਾਧੂ ਭੁੱਖੇ ਭੋਜਨ ਦੇ' ਉਕਤੀ ਦੀ ਸਮਝ ਆਈ! 'ਸਤਿ ਬਚਨ' ਸ਼ਬਦ ਅਕਸਰ ਸਾਧੂਆਂ, ਸੰਤਾਂ, ਭਗਤਾਂ, ਫਕੀਰਾਂ ਦੇ ਬੋਲੇ ਹਨ। ਗੁਰੂ ਸਾਹਿਬ ਦੀ ਇਸ ਤੁਕ ਤੋਂ ਪ੍ਰਗਟ ਹੁੰਦਾ ਹੈ, "ਜਿਨਿ ਜਾਤਾ ਤਿਸ ਕੀ ਇਹ ਰਹਤ॥ ਸਤਿ ਬਚਨ ਸਾਧੂ ਸਭਿ ਕਹਤ॥ ਜੋ ਜੋ ਹੋਇ ਸੋਈ ਸੁਖੁ ਮਾਨੈ॥" 'ਸਤਿ ਬਚਨ' ਦਰਅਸਲ ਪਹੁੰਚੇ ਹੋਏ ਦੈਵੀ ਪੁਰਸ਼ਾਂ ਦੇ ਬੋਲ ਹਨ ਜੋ ਹਮੇਸ਼ਾ ਸੱਚੇ ਮੰਨੇ ਜਾਂਦੇ ਹਨ। 'ਸਤਿ ਬਚਨ' ਬੋਲੇ ਦਾ ਸ਼ਾਬਦਿਕ ਅਰਥ ਹੀ 'ਸੱਚਾ ਬੋਲ' ਹੈ। ਗੁਰੂ ਗ੍ਰੰਥ ਵਿਚ ਗੁਰੂ ਦੇ ਸ਼ਬਦਾਂ ਨੂੰ ਅਟੱਲ ਸੱਚਾਈ ਇਸ ਲਈ ਉਪਦੇਸ਼ ਵਜੋਂ ਪ੍ਰਵਾਨ ਕੀਤਾ ਗਿਆ ਹੈ, "ਗੁਰ ਕਾ ਬਚਨੁ ਸਦਾ ਅਬਿਨਾਸੀ॥", "ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ॥" -ਗੁਰੂ ਅਰਜਨ।

ਐਪਰ ਕਲਯੁਗ ਵਿਚ ਵਰਤੀ ਸ਼ਬਦਾਂ ਦੀ ਇਹ ਪੁੱਠੀ ਖੇਲ੍ਹ ਹੀ ਸਮਝੀ ਜਾਵੇਗੀ ਕਿ ਸਾਧੂ ਲੋਕ ਮੇਰੇ ਵਰਗੇ ਨਾਸਮਝਾਂ ਵੱਲੋਂ ਉਨ੍ਹਾਂ ਨੂੰ ਉੱਚਰੇ ਦੁਰਬਚਨ ਵੀ ਸਤਿ ਬਚਨ ਕਰਕੇ ਜਾਣਦੇ ਹਨ! ਬਚਨ ਸੰਸਕ੍ਰਿਤ ਵਚਨ ਸ਼ਬਦ ਦਾ ਤਦਭਵ ਹੈ ਜਿਸ ਦਾ ਅਰਥ ਬੋਲ ਹੀ ਹੈ ਪਰ ਇਹ ਅਧਿਆਤਮਕਤਾ ਤੇ ਸਦਾਚਾਰ ਦੀ ਰੰਗਣ ਵਿਚ ਰੰਗਿਆ ਜਾਣ ਕਰਕੇ ਸੱਚੇ ਬੋਲ ਦੇ ਅਰਥ ਗ੍ਰਹਿਣ ਕਰ ਗਿਆ ਹੈ। ਸਤਿ ਬਚਨ ਤੋਂ ਇਲਾਵਾ ਸਾਡੇ ਕੋਲ ਗੁਰਬਚਨ ਜਾਂ ਗੁਰ ਕੇ ਬਚਨ ਜਿਹੀਆਂ ਉਕਤੀਆਂ ਵੀ ਆ ਗਈਆਂ ਹਨ। ਗੁਰਬਚਨ ਤਾਂ ਖਾਸ ਨਾਂ ਵਜੋਂ ਵੀ ਖੂਬ ਪ੍ਰਚਲਤ ਹੈ।

ਦਰਅਸਲ ਤਾਂ ਮਨੁੱਖ ਜੋ ਵੀ ਬੋਲਦਾ ਹੈ, ਉਸ ਨੂੰ ਸੱਚ ਸਮਝਿਆ ਗਿਆ ਹੈ। ਭਾਸ਼ਾ-ਵਿਗਿਆਨ ਅਨੁਸਾਰ ਸ਼ਬਦ ਬਾਹਰੀ ਸਚਾਈ ਦੇ ਚਿੰਨ੍ਹ-ਮਾਤਰ ਹਨ। ਇਕ ਉਕਤੀ ਮਸ਼ਹੂਰ ਹੈ, "ਸ਼ੇਰ ਨੂੰ ਸ਼ੇਰ ਕਿਉਂ ਕਿਹਾ ਜਾਂਦਾ ਹੈ?... ਕਿਉਂਕਿ ਏਹੀ ਸ਼ੇਰ ਵਰਗਾ ਹੁੰਦਾ ਹੈ"! ਗੂੜ੍ਹ ਗਿਆਨ ਵਿਚ ਨਾ ਪੈਂਦਿਆਂ ਬਚਨ ਸ਼ਬਦ ਦੇ ਥੋੜ੍ਹਾ ਹੋਰ ਅਰਥ ਵਿਸਤਾਰ ਵੱਲ ਜਾਂਦੇ ਹਾਂ। ਬਚਨ ਦੇ ਸੱਚਾ ਹੋਣ ਕਰਕੇ ਅੱਗੇ ਇਸ ਦਾ ਅਰਥ ਇਕਰਾਰ, ਕੌਲ ਜਿਹਾ ਵੀ ਹੋ ਗਿਆ ਜਿਸ ਨੂੰ ਸੱਚਾ ਮੰਨਦੇ ਹੋਏ ਨਿਭਾਉਣਾ ਜ਼ਰੂਰੀ ਹੈ। ਯਾਦ ਕਰੋ, ਤੁਲਸੀ ਦਾਸ ਦੇ ਬੋਲ "ਰਘੁਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਏ ਪਰ ਵਚਨ ਨਾ ਜਾਈ"।

ਇਸ ਤਰ੍ਹਾਂ ਮਨੁੱਖ ਦੇ ਬੋਲਾਂ ਵਿਚ ਹੀ ਸਚਾਈ, ਇਕਰਾਰ ਆਦਿ ਦੇ ਭਾਵ ਨਿਹਿਤ ਹਨ। ਅਸੀਂ ਬੋਲਾਂ ਨੂੰ ਪੁਗਾਉਣਾ ਵੀ ਕਹਿੰਦੇ ਹਾਂ। ਅੰਗਰੇਜ਼ੀ Word ਦਾ ਇਕ ਅਰਥ ਵੀ ਇਕਰਾਰ, ਕੌਲ ਹੈ, "keep ones words". ਇਸ ਦੇ ਅਰਥ ਮਹਾਂਵਾਕ, ਮੁਹਾਵਰਾ, ਉਕਤੀ, ਅਫਵਾਹ ਵੀ ਹਨ। ਪਰ ਕਿਸੇ ਵੀ ਤਰ੍ਹਾਂ ਦੀ ਲਗਲਪੇਟ ਤੋਂ ਬਿਨਾਂ ਆਪਣੇ ਨਿਰਪੱਖ ਰੂਪ ਵਿਚ ਬਚਨ/

ਵਚਨ, ਮੂੰਹ 'ਚੋਂ ਨਿਕਲਿਆ ਬੋਲ, ਸ਼ਬਦ, ਕਥਨ ਹੀ ਹੈ। ਇਸ ਤਰ੍ਹਾਂ ਹਮਾਤੜ ਦੇ ਬੋਲ ਵੀ ਮੁੱਢਲੇ ਤੌਰ 'ਤੇ ਬਚਨ ਹੀ ਹਨ।

ਵਚਨ ਸ਼ਬਦ ਸੰਸਕ੍ਰਿਤ ਧਾਤੂ *ਵਚ ਨਾਲ ਜਾ ਜੁੜਦਾ ਹੈ ਜਿਸ ਵਿਚ ਬੋਲਣ ਦੇ ਭਾਵ ਹਨ। ਇਸ ਤੋਂ ਅੱਗੇ ਬਣੇ ਵਾਚ ਦਾ ਅਰਥ ਬਾਣੀ, ਬੋਲੀ, ਭਾਸ਼ਾ ਹੈ। ਅਸੀਂ ਇਸ ਨੂੰ ਬਹੁਤਾ ਇਸ ਦੇ ਕਿਰਿਆ ਰੂਪ 'ਵਾਚਣਾ' ਵਜੋਂ ਪਛਾਣਦੇ ਹਾਂ, ਜਿਸ ਦਾ ਅਰਥ ਪੜ੍ਹਨਾ ਹੈ ਪਰ ਮੁੱਢਲੇ ਤੌਰ 'ਤੇ ਬੋਲ ਕੇ ਸੁਣਾਉਣਾ ਹੈ, "ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ" -ਗੁਰੂ ਨਾਨਕ; "ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ" -ਗੁਰੂ ਰਾਮ ਦਾਸ। 'ਕਥਾ ਵਾਚਣਾ' ਤੋਂ ਇਹ ਗੱਲ ਹੋਰ ਸਪੱਸ਼ਟ ਹੁੰਦੀ ਹੈ। ਇਸ ਤੋਂ ਅੱਗੇ ਵਾਚਕ ਦਾ ਅਰਥ ਬੋਧ ਕਰਾਉਣ ਵਾਲਾ ਹੈ ਪਰ ਮੁੱਢਲੇ ਤੌਰ 'ਤੇ ਬੋਲ ਕੇ ਸਮਝਾਉਣ ਵਾਲਾ ਹੈ। ਗ਼ੌਰ ਤਲਬ ਹੈ ਕਿ ਪਹਿਲੀਆਂ ਵਿਚ ਬੋਲ ਕੇ ਹੀ ਪੜ੍ਹਿਆ ਜਾਂਦਾ ਸੀ, ਇਸ ਲਈ ਇਸ ਸ਼ਬਦ ਵਿਚ ਪਾਠ ਦੇ ਭਾਵ ਵੀ ਹਨ। ਅੱਜ ਬਹੁਤਾ ਮਨ ਵਿਚ ਪੜ੍ਹਿਆ ਜਾਂਦਾ ਹੈ।

ਵਾਚ ਦੇ ਅਰਥ ਬੋਲ ਦਾ ਪਤਾ 'ਦਸਮ ਗ੍ਰੰਥ' ਵਿਚ 'ਗੋਪੀ ਵਾਚ' ਤੋਂ ਵੀ ਲੱਗਦਾ ਹੈ, ਮਤਲਬ ਗੋਪੀ ਦੇ ਬੋਲ। 'ਕਵੀ-ਓ-ਵਾਚ' ਹੈ ਕਵੀ ਦੇ ਬੋਲ। 'ਪਤਰਾ ਵਾਚਣਾ' ਵਿਚ ਵੀ ਇਸ ਦੇ ਬੋਲ ਕੇ ਪੜ੍ਹਨ ਦੇ ਭਾਵ ਉਜਾਗਰ ਹੁੰਦੇ ਹਨ। ਵਿਆਕਰਣ ਵਿਚ ਵਾਚ ਅਜਿਹਾ ਸੰਕਲਪ ਹੈ ਜਿਸ ਤੋਂ ਕਿਰਿਆ ਦਾ ਕਰਤਾ, ਕਰਮ ਜਾਂ ਭਾਵ ਵਿਚਕਾਰ ਸੰਬੰਧਾਂ ਦਾ ਪਤਾ ਲਗਦਾ ਹੈ, ਜਿਵੇਂ ਕਰਤਰੀਵਾਚ। ਵਾਚਣ ਦਾ ਅਰਥ ਐਲਾਨ ਕਰਨਾ ਵੀ ਹੋ ਜਾਂਦਾ ਹੈ ਜਿਸ ਤੋਂ ਅੱਗੇ ਇਸ ਵਿਚ ਪੜਤਾਲਣ ਦੇ ਭਾਵ ਵੀ ਆ ਗਏ ਹਨ ਜਿਵੇਂ 'ਨਾਨਕ ਸ਼ਾਹ ਫਕੀਰ' ਫਿਲਮ ਨੂੰ ਮੁੜ ਵਾਚਣ ਦੀ ਲੋੜ ਹੈ। ਮਤਲਬ ਹੈ ਕਿ ਇਸ ਬਾਰੇ ਮੁੜ ਐਲਾਨ ਕਰਨ ਜਾਂ ਦੱਸਣ ਦੀ ਲੋੜ ਹੈ। ਸੰਸਕ੍ਰਿਤ ਵਿਚ ਤਾਂ ਵਾਚ ਸ਼ਬਦ ਵਿਚ ਝਿੜਕਣ, ਮੰਦਾ ਬੋਲਣ ਦੇ ਭਾਵ ਵੀ ਹਨ।

*ਵਚ ਧਾਤੂ ਤੋਂ ਹੀ ਵਾਕ ਸ਼ਬਦ ਬਣਦਾ ਹੈ ਜਿਸ ਦਾ ਵਧੇਰੇ ਜਾਣਿਆ ਜਾਂਦਾ ਅਰਥ ਤਾਂ ਫਿਕਰਾ ਹੈ। ਸੰਸਕ੍ਰਿਤ ਵਾਕ ਸ਼ਬਦ ਵਿਚ ਬੋਲਣ ਦੇ ਭਾਵ ਹਨ ਪਰ ਇਹ ਇਕ ਅਗੇਤਰ ਵਜੋਂ ਹੀ ਵਰਤਿਆ ਮਿਲਦਾ ਹੈ, ਜਿਵੇਂ ਵਾਕਕੀਰ ਦਾ ਅਰਥ ਹੈ ਤੋਤਾ, ਅਰਥਾਤ ਜੋ ਮਨੁੱਖ ਵੱਲੋਂ ਬੋਲੇ ਗਏ ਸ਼ਬਦ ਨੂੰ ਰਟਦਾ ਹੈ। ਵਾਕਕੀਰ ਦਾ ਅਰਥ ਸਾਲ਼ਾ ਵੀ ਹੈ! ਵਾਕ ਛਲ (ਗੋਲਮੋਲ ਗੱਲ ਜਾਂ ਜਵਾਬ) ਵਿਚ ਅਸੀਂ ਇਸ ਨੂੰ ਦੇਖ ਸਕਦੇ ਹਾਂ। ਫਿਕਰੇ ਦੇ ਅਰਥਾਂ ਵਾਲਾ ਵਾਕ ਦਰਅਸਲ ਸੰਸਕ੍ਰਿਤ ਵਾਕਯ ਦਾ ਪੰਜਾਬੀ ਰੂਪ ਹੈ। ਸੰਸਕ੍ਰਿਤ ਵਾਕਯ ਦਾ ਅਰਥ ਹੈ ਬੋਲ, ਕਥਨ, ਬਿਆਨ, ਆਦੇਸ਼, ਸ਼ਬਦ ਆਦਿ। ਹੋਰ ਅੱਗੇ ਵਿਕਸਿਤ ਹੋ ਕੇ ਇਸ ਦੇ ਅਰਥ ਟੂਕ, ਸੱਚੇ ਬੋਲ, ਸੂਤਰ, ਕਹਾਵਤ, ਜੁਮਲਾ ਵੀ ਹੋ ਗਏ ਹਨ। ਸਿੱਖ ਧਰਮ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚੋਂ ਲਈਆਂ ਗਈਆਂ ਟੂਕਾਂ ਇਹੋ ਹਨ। 'ਵਾਕ ਲੈਣਾ' ਦਾ ਮਤਲਬ ਹੈ ਖੋਲ੍ਹੇ ਗਏ ਗੁਰੂ ਗ੍ਰੰਥ ਦੇ ਖੱਬੇ ਪੱਤਰੇ ਵਿਚਲਾ ਪਹਿਲਾ ਪਦ। ਸ਼ਿਵ ਕੁਮਾਰ ਨੇ ਵਾਕ ਦਾ ਅੱਗੇ ਵਿਸਤਾਰ ਕੀਤਾ, 'ਜਦ ਰੋਹੀਆਂ ਵਿਚ ਪੰਛੀ ਤੜਕੇ ਵਾਕ ਕੋਈ ਲੈਂਦਾ ਹੈ'। ਸਬੱਬ ਦੀ ਗੱਲ ਹੈ ਕਿ ਸੰਸਕ੍ਰਿਤ ਵਿਚ ਵਾਕਯ ਸ਼ਬਦ ਦੇ ਅਰਥ ਪੰਛੀਆਂ ਦੀ ਚਹਿਚਹਾਟ ਵੀ ਹੈ। ਉਂਝ ਗੁਰਬਾਣੀ ਵਿਚ ਇਸ ਦਾ ਅਰਥ ਵਚਨ, ਬੋਲ ਹੀ ਹੈ, 'ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ' -ਗੁਰੂ ਨਾਨਕ; 'ਜਨ ਕਾ ਕੀਨੋ ਪੂਰਨ ਵਾਕੁ' -ਗੁਰੂ ਅਰਜਨ। ਮਹਾਂਪੁਰਸ਼ਾਂ ਦੇ ਵਾਕਾਂ ਨੂੰ ਅਸੀਂ ਮਹਾਂਵਾਕ ਵੀ ਕਹਿ ਦਿੰਦੇ ਹਾਂ।

ਵਾਕ ਤੋਂ ਵਾਕੰਸ਼ ਬਣਿਆ ਜੋ ਸ਼ਾਬਦਿਕ ਤੌਰ 'ਤੇ 'ਵਾਕ ਦਾ ਇਕ ਹਿੱਸਾ' ਹੈ ਪਰ ਇਸ ਨੂੰ ਜੁਮਲਾ, ਉਕਤੀ ਵਜੋਂ ਵੀ ਲਿਆ ਜਾਣ ਲੱਗਾ ਹੈ। ਵਾਕਯ ਤੋਂ ਹੀ ਵਾਕਯਤਵ/ਵਕਤੱਵਯ ਬਣਿਆ ਜੋ ਹਿੰਦੀ ਤੇ ਕਦੇ ਕਦਾਈਂ ਪੰਜਾਬੀ ਵਿਚ ਵੀ ਬਿਆਨ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਧਿਆਨਯੋਗ ਹੈ ਕਿ ਭਾਵੇਂ ਬਿਆਨ ਸ਼ਬਦ ਦੀ ਧੁਨੀ ਚਰਚਾ ਵਿਚ ਆ ਰਹੇ ਸ਼ਬਦਾਂ ਨਾਲ ਮਿਲਦੀ

ਜੁਲਦੀ ਹੈ ਪਰ ਇਹ ਅਰਬੀ ਵੱਲੋਂ ਆਇਆ ਹੈ। ਵਕ ਤੋਂ ਹੀ ਵਕਤਾ ਸ਼ਬਦ ਬਣਿਆ ਜਿਸ ਦਾ ਅਰਥ ਬੋਲਣਹਾਰਾ, ਭਾਸ਼ਨਕਾਰ ਹੈ। ਵਾਕ ਦਾ ਇਕ ਭੇਦ 'ਵਾਗ' ਵੀ ਹੈ ਜੋ ਸਮਾਸੀ ਸ਼ਬਦਾਂ ਵਿਚ ਹੀ ਵਰਤਿਆ ਮਿਲਦਾ ਹੈ।

ਚੁਣਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਸ਼ਬਦ ਨਿਰਵਾਚਨ ਵੀ ਏਥੇ ਥਾਂ ਸਿਰ ਹੈ। ਇਹ ਬਣਿਆ ਹੈ ਨਿਰ+ਵਚਨ ਤੋਂ। ਇਸ ਦਾ ਸ਼ਾਬਦਿਕ ਅਰਥ ਹੈ ਬਹੁਤ ਸਾਰੇ ਵਚਨਾਂ ਵਿਚੋਂ ਅਰਥ ਵੱਖ ਕਰਨਾ, ਕੱਢਣਾ ਜਾਂ ਚੁਣਨਾ। ਇਸ ਤਰ੍ਹਾਂ ਇਸ ਸ਼ਬਦ ਵਿਚ ਚੁਣਨ ਦਾ ਭਾਵ ਆ ਗਿਆ। ਸੰਸਕ੍ਰਿਤ ਵਿਚ ਸਾਹਿਤ ਦੇ ਸ਼ਬਦਾਂ ਦੀ ਵਿਆਖਿਆ ਜਾਂ ਟੀਕਾ ਕਰਨ ਦੀ ਪ੍ਰਣਾਲੀ ਨੂੰ ਨਿਰਵਚਨ ਕਿਹਾ ਜਾਂਦਾ ਸੀ। ਪ੍ਰਸ਼ਾਸਨ ਦੀ ਚੋਣ-ਪ੍ਰਣਾਲੀ ਵਿਚ ਆ ਕੇ ਸ਼ਬਦ ਦੇ ਅਰਥ ਕਿਧਰ ਚਲੇ ਗਏ।

ਵਚਨ ਸ਼ਬਦ ਦਾ ਪ੍ਰਾਕ੍ਰਿਤ ਰੂਪ 'ਵਯਣ' ਹੋਇਆ ਜਿਸ ਵਿਚ ਬੋਲ, ਕਥਨ ਆਦਿ ਦੇ ਹੀ ਭਾਵ ਹਨ। ਵਿਰਲਾਪ ਦੇ ਅਰਥਾਂ ਵਾਲੇ ਪੰਜਾਬੀ ਸ਼ਬਦ ਵੈਣ/ਬੈਣ ਦਾ ਏਹੀ ਪਹਿਲਾ ਰੂਪ ਹੈ। ਇਨ੍ਹਾਂ ਵੈਣਾਂ ਨੂੰ ਜਦ ਕਾਵਿਕ ਰੂਪ ਦਿੱਤਾ ਗਿਆ ਤਾਂ ਉਹ ਵੀ ਵੈਣ ਕਹਾਏ। 'ਵੈਣ ਪਾਉਣੇ' ਦਾ ਅਰਥ ਹੈ ਕੀਰਨੇ ਪਾਉਣਾ, ਵਿਰਲਾਪ ਕਰਨਾ। ਵੈਣ/ਬੈਣ ਸ਼ਬਦ ਦਾ ਮੁੱਢਲਾ ਅਰਥ ਬੋਲ ਕਥਨ ਹੀ ਹੈ ਜਿਵੇਂ ਗੁਰੂ ਨਾਨਕ ਦੀਆਂ ਇਨ੍ਹਾਂ ਸਤਰਾਂ ਵਿਚ, "ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ"। ਗੁਰੂ ਰਾਮ ਦਾਸ ਨੇ ਵੀ ਏਹੀ ਭਾਵ ਲਿਆ ਹੈ, "ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ"। ਕੁਝ ਹੋਰ ਭਾਰਤੀ ਭਾਸ਼ਾਵਾਂ ਵਿਚ ਬੈਣ ਜਿਹੇ ਸ਼ਬਦਾਂ ਦਾ ਅਰਥ ਬੋਲ, ਕਥਨ ਹੈ। ਪਲੈਟਸ ਅਨੁਸਾਰ ਫਾਰਸੀ ਵੱਲੋਂ ਆਇਆ ਆਵਾਜ਼ ਸ਼ਬਦ ਵਾਚ ਦਾ ਹੀ ਸਜਾਤੀ ਹੈ। ਇਸ ਦਾ ਜ਼ੰਦ ਰੂਪ ਆਵਚ ਅਤੇ ਪਹਿਲਵੀ ਅਫਾਜ ਹੈ। ਇਸ ਤੋਂ ਬਣੇ ਆਵਾਜ਼ਾ ਦਾ ਅਰਥ ਉਚੀ ਆਵਾਜ਼ ਹੈ। ਅਸੀਂ ਇਸ ਨੂੰ 'ਅਵਾਜ਼ੇ ਕੱਸਣਾ' ਮੁਹਾਵਰੇ ਵਿਚ ਦੇਖ ਸਕਦੇ ਹਾਂ ਜਿਸ ਦਾ ਅਰਥ ਕਿਸੇ ਦਾ ਮਖੌਲ ਉਡਾਉਣਾ ਹੈ। ਪੰਜਾਬੀ ਆਵਾਜ਼ ਵੀ ਨਾ ਕੱਢ ਸਕੇ ਤਾਂ 'ਵਾਜ ਬਣਾ ਲਿਆ।

ਵਚਨ ਸ਼ਬਦ ਦੇ ਸਕੇ-ਸੋਹਦਰੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ *wekw- ਮਿਥਿਆ ਗਿਆ ਹੈ ਜਿਸ ਵਿਚ ਬੋਲਣ ਦੇ ਭਾਵ ਹਨ। ਇਸ ਤੋਂ ਬਣੇ ਅਨੇਕਾਂ ਸ਼ਬਦ ਮਿਲਦੇ ਹਨ। ਅੰਗਰੇਜ਼ੀ ਦਾ ਜਾਣਿਆ ਪਛਾਣਿਆ ਸ਼ਬਦ voice ਇਸ ਦੀ ਮਿਸਾਲ ਹੈ। ਇਸ ਦਾ ਅਰਥ ਆਵਾਜ਼, ਧੁਨੀ ਹੈ। ਇਹ ਸ਼ਬਦ ਲਾਤੀਨੀ vocem ਤੋਂ ਫਰਾਂਸੀਸੀ ਰਾਹੀਂ ਹੁੰਦਾ ਅੰਗਰੇਜ਼ੀ ਵਿਚ ਇਸ ਰੂਪ ਵਿਚ ਪੁੱਜਾ। ਲਾਤੀਨੀ ਵਿਚ ਇਸ ਦਾ ਅਰਥ ਬੋਲ, ਆਵਾਜ਼, ਸੱਦ ਆਦਿ ਹੈ। ਇਤਾਲਵੀ voce ਅਤੇ ਸਪੈਨਿਸ਼ voz ਵਿਚ ਵੀ ਇਸ ਸ਼ਬਦ ਦਾ ਝਾਉਲ਼ਾ ਪ੍ਰਤੀਤ ਹੁੰਦਾ ਹੈ। ਮੌਖਿਕ ਇਮਤਿਹਾਨ ਦੇ ਅਰਥਾਂ ਵਿਚ ਲਾਤੀਨੀ ਵੱਲੋਂ ਆਏ 'ਵੀਵਾ ਵੋਚੇ' viva voce ਉਕਤੀ ਵਿਚ ਇਸ ਸ਼ਬਦ ਨੂੰ ਦੇਖ ਸਕਦੇ ਹਾਂ। vocal, vocabulary, convocation, vocation, advocate, revoke, provoke, vouch, vowel, epic, evoke ਆਦਿ ਸ਼ਬਦਾਂ ਵਿਚ ਇਹ ਮੂਲ ਸਪੱਸ਼ਟ ਝਲਕਦਾ ਹੈ। 000

***(8345 Opal Drive, Westland MI 48185 U.S.A.)***

## ਸ਼ਾਮ ਦੀ ਸ਼ਾਖ 'ਤੇ (ਗ਼ਜ਼ਲ ਸੰਗ੍ਰਹਿ) ਕੁਲਵਿੰਦਰ

'ਸ਼ਾਮ ਦੀ ਸ਼ਾਖ 'ਤੇ' (ਪੰਨੇ 84, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਕੁਲਵਿੰਦਰ ਦਾ ਤੀਜਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦੇ ਦੋ ਗ਼ਜ਼ਲ ਸੰਗ੍ਰਹਿ ਛਪ ਚੁੱਕੇ ਹਨ, 'ਬਿਰਖਾਂ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦਾ ਸੇਕ'। ਆਪਣੀ ਰਚਨਾਤਮਕਤਾ ਲਈ ਉਸਨੇ ਆਪਣੇ ਆਪ ਨੂੰ ਸਿਰਫ ਗ਼ਜ਼ਲ ਲਿਖਣ ਤਕ ਹੀ ਮਹਿਦੂਦ ਰੱਖਿਆ ਹੈ। ਮੈਨੂੰ ਉਸਦੇ ਪਹਿਲੇ ਦੋਵੇਂ ਸੰਗ੍ਰਹਿ ਵੇਖਣ ਦਾ ਮੌਕਾ ਨਹੀਂ ਮਿਲਿਆ ਪਰ ਇਹ ਪਤਾ ਜ਼ਰੂਰ ਲੱਗਿਆ ਹੈ ਕਿ ਉਹਨਾਂ ਦੇ ਹਵਾਲੇ ਨਾਲ ਕੁਲਵਿੰਦਰ ਦੀ ਗ਼ਜ਼ਲਗੋਈ ਉੱਤੇ ਵਾਹਵਾ ਚਰਚਾ ਹੋਈ ਹੈ। ਉਹ ਬਹੁਤ ਚਿਰਾਂ ਤੋਂ ਗ਼ਜ਼ਲ ਲਿਖਦਾ ਆ ਰਿਹਾ ਹੈ। ਮੈਨੂੰ ਜਾਣਕਾਰੀ ਮਿਲੀ ਹੈ ਕਿ ਚਾਰ ਦਹਾਕੇ ਪਹਿਲਾਂ ਉਸਦੀ ਇਕ ਗ਼ਜ਼ਲ 'ਸਿਰਜਣਾ' ਵਿਚ ਵੀ ਛਪੀ ਸੀ ਜਦੋਂ ਉਹ ਹਾਲੇ ਕਾਲਿਜ ਦਾ ਵਿਦਿਆਰਥੀ ਹੀ ਸੀ। ਹੁਣ ਤਾਂ ਉਹ ਇਕ ਸਫਲ ਇੰਜਨੀਅਰ ਵਜੋਂ ਕੈਲੇਫੋਰਨੀਆ ਦਾ ਵਸਨੀਕ ਹੈ, ਪਰ ਇਕ ਕਿਰਤੀ ਪਰਿਵਾਰ ਦਾ ਜੰਮਪਲ ਉਦੋਂ ਉਹ ਆਪਣੇ ਪਿੰਡ, ਹਰਕਿਸ਼ਨ ਸਿੰਘ ਸੁਰਜੀਤ ਵਾਲੇ, ਬੁੰਡਾਲੇ ਹੀ ਰਹਿੰਦਾ ਸੀ। ਸ਼ਾਇਦ ਗ਼ਜ਼ਲ ਲਿਖਣ ਦੀ ਪ੍ਰੇਰਨਾ ਉਸਨੂੰ ਆਪਣੇ ਗਵਾਂਢੀ ਪਿੰਡ ਦੇ ਵਸਨੀਕ ਸ਼ਾਇਰ ਡਾ. ਜਗਤਾਰ ਤੋਂ ਮਿਲੀ ਹੋਵੇ। ਭਾਵੇਂ ਇਕ ਗ਼ਜ਼ਲਗੋ ਵਜੋਂ ਮੇਰਾ ਕੁਲਵਿੰਦਰ ਨਾਲ ਪਰਿਚਯਾ ਹੱਥਲੇ ਸੰਗ੍ਰਹਿ ਰਾਹੀਂ ਹੀ ਹੋਇਆ ਹੈ, ਪਰ ਇਸ ਦੀ ਸੁਰਜੀਤ ਪਾਤਰ ਵੱਲੋਂ ਲਿਖੀ ਭੂਮਿਕਾ ਦੇ ਪੇਸ਼ਨਜ਼ਰ ਮੇਰੇ ਲਈ ਵੀ ਇਹ ਮੰਨਣਾ ਯੋਗ ਹੈ ਕਿ ਉਹ ਵਾਕਈ 'ਪੰਜਾਬੀ ਗ਼ਜ਼ਲ ਨੂੰ ਹੋਰ ਸਮਰੱਥ ਤੇ ਹੋਰ ਖ਼ੂਬਸੂਰਤ ਬਣਾਉਣ' ਵਾਲਾ ਸ਼ਾਇਰ ਹੈ।

ਉਰਦੂ ਗ਼ਜ਼ਲ-ਗੋ ਗ਼ਜ਼ਲ ਨੂੰ ਇਸ ਦੇ ਸ਼ਬਦੀ ਅਰਥਾਂ ਤਕ ਸੀਮਤ ਰੱਖਦੇ ਸਨ। ਔਰਤਾਂ ਨਾਲ ਪਰਦੇ ਵਿਚ ਇਸ਼ਕ ਦੀਆਂ ਗੱਲਾਂ ਕਰਨ ਤਕ। ਫੇਰ ਇਸ ਵਿਚ ਮਰਦਾਵੀਂ ਆਸ਼ਕੀ ਮਾਸ਼ੂਕੀ ਵੀ ਆ ਗਈ। ਸਹਿਜੇ ਸਹਿਜੇ ਇਸ ਵਿਚ ਹੁਸਨ, ਜਮਾਲ, ਸੁਹੱਪਣ, ਸ਼ਬਾਬ ਤੇ ਕਬਾਬ ਅਤੇ ਹਿਜਰ ਤੇ ਵਸਲ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਵਧਾ ਚੜ੍ਹਾ ਕੇ ਦਿਲ ਦੇ ਅਰਮਾਨ ਜ਼ਾਹਰ ਕਰਨਾ ਤੇ ਗ਼ਮ ਦੀ ਭੜਾਸ ਕੱਢਣਾ ਵੀ ਆ ਰਲਿਆ।

ਪਹਿਲਾਂ ਗ਼ਜ਼ਲ ਕੇਵਲ ਇਕ ਵਿਸ਼ੇ ਉੱਤੇ ਲਿਖੀ ਜਾਂਦੀ ਸੀ, ਹੁਣ ਹਰ ਇਕ ਸ਼ਿਅਰ ਦਾ ਵਿਸ਼ਾ ਵੱਖਰਾ ਹੋ ਗਿਆ ਹੈ। ਇਹ ਵੀ ਨਿਸ਼ਚਿਤ ਸੀ ਕਿ ਗ਼ਜ਼ਲ ਦੇ ਘੱਟ ਤੋਂ ਘੱਟ ਪੰਜ ਸ਼ਿਅਰ ਹੋਣ। ਜੇ ਵੱਧ ਹੋਣ ਤਾਂ ਇਨ੍ਹਾਂ ਦੀ ਗਿਣਤੀ ਟੌਂਕ ਹੋਵੇ। ਇਨ੍ਹਾਂ ਬੰਦਸ਼ਾਂ ਨੂੰ ਤੋੜਨ ਵਾਲਾ ਉਰਦੂ ਸ਼ਾਇਰ ਮਿਰਜ਼ਾ ਗ਼ਾਲਿਬ ਸੀ, ਜਿਸ ਨੇ ਇਕ ਸ਼ਿਅਰ ਵਾਲੀ ਗ਼ਜ਼ਲ ਵੀ ਲਿਖੀ ਤੇ ਦੋ ਵਾਲੀ ਵੀ ਅਤੇ ਕਾਫ਼ੀਆ ਤੇ ਰਦੀਫ਼ ਦੀ ਪ੍ਰਵਾਹ ਨਹੀਂ ਕੀਤੀ। ਉਸ ਦੀ ਤਿੰਨ ਸ਼ਿਅਰਾਂ ਵਾਲੀ ਇਕ ਗ਼ਜ਼ਲ ਬਹੁਤ ਮਕਬੂਲ ਹੋਈ ਜੋ ਏਥੇ ਪੇਸ਼ ਹੈ:

*ਰਹੀਏ ਅਬ ਐਸੀ ਜਗ੍ਹਾ ਚਲ ਕਰ ਜਹਾਂ ਕੋਈ ਨਾ ਹੋ*
*ਹਮਸੁਖਨ ਕੋਈ ਨਾ ਹੋ ਔਰ ਹਮਜ਼ੁਬਾਂ ਕੋਈ ਨਾ ਹੋ*
*ਬੇ-ਦਰ-ਓ-ਦੀਵਾਰ ਸਾ ਇਕ ਘਰ ਬਨਾਇਆ ਚਾਹੀਏ*
*ਕੋਈ ਹਮਸਾਇਆ ਨਾ ਹੋ ਔਰ ਪਾਸਬਾਂ ਕੋਈ ਨਾ ਹੋ*
*ਪੜੀਏ ਗਰ ਬੀਮਾਰ ਤੋ ਕੋਈ ਨਾ ਹੋ ਤੀਮਾਰਦਾਰ*
*ਔਰ ਅਗਰ ਮਰ ਜਾਈਏ ਤੋ ਨੌਹਾ ਖਵਾਂ ਕੋਈ ਨਾ ਹੋ*

ਜਿੱਥੋਂ ਤਕ ਕੁਲਵਿੰਦਰ ਦਾ ਸੰਬੰਧ ਹੈ, ਉਸ ਨੇ ਆਪਣੇ ਮਨ ਦੀ ਭੜਾਸ ਕੱਢਣ ਲਈ ਅਗਨੀ, ਪੌਣ, ਪਾਣੀ ਤੇ ਪੱਥਰਾਂ ਨੂੰ ਵੀ ਔਰਤ ਮਰਦ ਦੇ ਬਰਾਬਰ ਤੋਲਿਆ ਹੈ ਅਤੇ ਸ਼ਿਅਰਾਂ ਦੀ ਟੌਂਕ ਗਿਣਤੀ ਤੋਂ ਮੁਕਤ ਹੋ ਕੇ ਬਹੁਤ ਲੰਮੀ ਬਹਿਰ ਦੇ ਸ਼ਿਅਰ ਵੀ ਕਹੇ ਹਨ:

*ਉਹ ਕਿਸ ਲਈ ਸੀ ਉਹ ਕਿਉਂ ਸੀ ਹੋਇਆ*
*ਅਸੀਂ ਕੀ ਪਾਇਆ ਅਸੀਂ ਕੀ ਖੋਇਆ*
*ਨਾ ਤੇਰੇ ਹਿੱਸੇ 'ਚ ਪੂਰਾ ਸਤਲੁਜ*
*ਨਾ ਮੇਰੇ ਰਾਵੀ ਚਨਾਬ ਆਏ*
*****
*ਜੋ ਪਾਣੀ ਲਈ ਕੀਤੇ ਵਿਰਲਾਪ ਸਾਰੇ*
*ਨਦੀ ਨੂੰ ਹੀ ਸੁਣਨੇ ਪਏ ਆਪ ਸਾਰੇ*
*ਸਮੁੰਦਰ ਤਾਂ ਆਪਣੇ ਹੀ ਰੌਲੇ ਦੇ ਕਾਰਨ*
*ਰੁਦਨ ਸੁਣ ਹੀ ਸਕਿਆ ਨਾ ਸੁੱਕੀ ਨਦੀ ਦਾ*

ਕੁਲਵਿੰਦਰ ਦੇ ਸ਼ਿਅਰਾਂ ਵਿਚ ਨਦੀ ਨਾਲਿਆਂ ਤੇ ਪੱਥਰਾਂ ਦਾ ਵਿਰਲਾਪ ਏਨਾ ਭਾਰੂ ਹੈ ਕਿ ਆਸ਼ਕੀ ਤੇ ਮਾਸ਼ੂਕੀ ਦੇ ਵਿਰਲਾਪ ਨੂੰ ਮਾਤ ਪਾ ਜਾਂਦਾ ਹੈ:

*ਮੁਕਟ ਸੂਰਜ ਦਾ ਸਜਾ ਕੇ, ਓੜ੍ਹ ਕੇ ਰੇਤੇ ਦਾ ਸ਼ਾਲ*
*ਜ਼ਿੰਦਗੀ ਦੇ ਥਲ 'ਚ ਤੁਰਿਆ ਜਾ ਰਿਹਾ ਹਾਂ ਸ਼ਾਨ ਨਾਲ*
*ਮੈਂ ਇਕੱਲਾ ਹੀ ਸਫ਼ਰ ਵਿਚ ਹਾਂ, ਨਹੀਂ ਇਓਂ ਤਾਂ ਨਹੀਂ*
*ਚੱਲ ਰਹੇ ਨੇ ਲੱਖਾਂ ਹੀ ਬ੍ਰਹਿਮੰਡ ਮੇਰੇ ਨਾਲ ਨਾਲ*

ਰਵਾਨੀ ਭਾਵੇਂ ਕਿਤੇ ਕਿਤੇ ਖਟਕਦੀ ਹੋਵੇ, ਕਵੀ ਆਪਣੀ ਭਾਵਨਾ ਉੱਤੇ ਪਹਿਰਾ ਬਹੁਤ ਸੁਜੱਗਤਾ ਨਾਲ ਦੇ ਰਿਹਾ ਹੈ। ਉਸ ਦੇ ਸ਼ਿਅਰਾਂ ਦੀ ਇਹ ਧੜਕਣ ਨਵੇਕਲੀ ਵੀ ਹੈ ਤੇ ਅਲੌਕਿਕ ਵੀ। ਚਾਲ ਵੀ ਨਿਰੰਤਰ ਜਾਰੀ ਹੈ:

*ਕੌਣ ਹੈ ਇਹ ਜੋ ਕਰਾਉਂਦਾ ਹੈ ਜੁਦਾ ਧੜ ਸੀਸ ਨਾਲੋਂ*
*ਚੀਰਦੇ ਨੇ ਕਿਸ ਲਈ ਜਿਸਮਾਂ ਨੂੰ ਆਰੇ, ਸੋਚਦਾ ਹਾਂ*
*****
*ਖਾਕ ਦਾ ਹੋਵੇ ਤਾਂ ਆਵੇ ਉਸ 'ਚੋਂ ਮਿੱਟੀ ਦੀ ਮਹਿਕ*
*ਕਿਸ ਤਰ੍ਹਾਂ ਆਵੇ ਭਲਾ ਸੋਨੇ ਦੇ ਪੰਛੀ ਦੀ ਮਹਿਕ*
*****
*ਯਕੀਨਨ ਹੀ ਕਦੇ ਵੀ ਦੇਵਤਾ ਬਣਨਾ ਨਹੀਂ ਇਸਨੇ*
*ਪਰ ਇਹ ਅਣਘੜਤ ਪੱਥਰ ਫੇਰ ਵੀ ਘੜਨਾ ਜ਼ਰੂਰੀ ਹੈ*
*****
*ਬਣਾਉਂਦੇ ਬਰਫ਼ 'ਤੇ ਤਾਂ ਵੀ ਸਦੀਵੀ ਹੋ ਜਾਂਦੇ*
*ਤੁਸੀਂ ਬਣਾ ਰਹੇ ਹੋ ਭਾਫ਼ 'ਤੇ ਹੀ ਰਾਹਵਾਂ ਨੂੰ*
*****
*ਜੁਗਨੂੰਆਂ ਦੇ, ਦੀਵਿਆਂ ਦੇ, ਸੂਰਜਾਂ ਦੇ ਬਾਵਜੂਦ*
*ਨ੍ਹੇਰ ਸੁੰਨੇ ਘਰ 'ਚ ਹੀ ਲਾ ਕੇ ਸਮਾਧੀ ਬਹਿ ਗਿਆ*
*****
*ਪੈਰਾਂ ਹੇਠਾਂ ਧਰਤੀ ਕੰਬੇ, ਕੰਬਣ ਤਾਰੇ ਉੱਤੇ*

*ਕਿਹੜੇ ਰੁੱਖ ਨੇ ਚੜ੍ਹਨਾ ਹੈ ਅੱਜ ਕਿਹੜੇ ਆਰੇ ਉੱਤੇ*
***
*ਮੈਂ ਤਾਂ ਉਸ ਨੂੰ ਰੋਕ ਰਿਹਾ ਸੀ ਕਰਕੇ ਯਤਨ ਹਜ਼ਾਰ*
*ਫਿਰ ਵੀ ਨੀਲੀ ਝੀਲ 'ਚ ਡਿੱਗਿਆ ਸੂਰਜ ਸਿਰ ਦੇ ਭਾਰ*
***
*ਇਹਨਾਂ ਨੇ ਫਿਰ ਉਦੈ ਹੋਣਾ ਤੇਰੇ ਅੰਬਰ ਨੂੰ ਲਿਸ਼ਕਾਉਣਾ*
*ਤੂੰ ਡੁਬਦੇ ਸੂਰਜਾਂ ਨੂੰ ਵੇਖ ਕੇ ਬਹੁਤਾ ਨਾ ਰੋਇਆ ਕਰ*

ਕੁਲਵਿੰਦਰ ਦੀ ਸ਼ਾਇਰੀ ਵਿਚ ਦਮ ਤੇ ਖ਼ਮ ਹੈ। ਇਸ ਵਿਚ ਉੱਤਮਤਾਈ ਭਰਨ ਲਈ ਉਸ ਨੂੰ ਆਪਣੇ ਸ਼ਿਅਰਾਂ ਦੀ ਰਵਾਨੀ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ। ਉਸ ਦੇ ਹੇਠ ਲਿਖੇ ਟੋਟਕੇ ਸ਼ਾਹਿਦ ਹਨ ਕਿ ਜੇ ਉਹ ਸਹਿਜ ਤੇ ਸੰਜਮ ਤੋਂ ਕੰਮ ਲਵੇ ਤਾਂ ਇਸ ਮੰਜ਼ਿਲ ਨੂੰ ਸਹਿਜੇ ਹੀ ਪਾ ਸਕਦਾ ਹੈ। ਗਜ਼ਲ ਹੋਵੇ ਜਾਂ ਗੀਤ, ਸਰਲਤਾ ਤੇ ਰਵਾਨੀ ਇਸ ਦੀ ਜਿੰਦ ਜਾਨ ਹੁੰਦੇ ਹਨ। ਪੇਸ਼ ਹਨ ਕੁਲਵਿੰਦਰ ਦੇ ਹੀ ਟੋਟਕੇ:

*ਮੀਲ ਪੱਥਰ ਤਾਂ ਸੈਆਂ ਸਫ਼ਰ ਵਿਚ ਮਿਲੇ*
*ਪਰ ਨਾ ਮੰਜ਼ਿਲ ਦੀ ਕੋਈ ਵੀ ਚਾਹਤ ਰਹੀ*
*ਰੇਤ ਤਪਦੀ ਵੀ ਸੀ, ਪੈਰ ਸੜਦੇ ਵੀ ਸਨ*
*ਰਸਤਿਆਂ ਨਾਲ ਫਿਰ ਵੀ ਮੁਹੱਬਤ ਰਹੀ*

*ਪੌਣ ਵਗਦੀ ਰਹੀ ਪੱਤ ਝੜਦੇ ਰਹੇ*
*ਬਿਰਖ ਅੰਨ੍ਹੀ ਹਵਾ ਨਾਲ ਲੜਦੇ ਰਹੇ*
*ਦੋਸ਼ ਇਸ ਦਾ ਉਹ ਮੌਸਮ 'ਤੇ ਮੜ੍ਹਦੇ ਰਹੇ*
*ਰਾਤ ਭਰ ਜੋ ਵੀ ਜੰਗਲ 'ਚ ਦਹਿਸ਼ਤ ਰਹੀ*
***
*ਜੋ ਟੁੱਟ ਚੁੱਕੇ ਨੇ ਸ਼ਾਖ ਨਾਲੋਂ*
*ਜੁਦਾ ਨੇ ਆਪਣੀ ਹੀ ਖਾਕ ਨਾਲੋਂ*
*ਉਦਾਸ ਬਿਰਖਾਂ ਦਾ ਦਰਦ ਸਾਰਾ*
*ਉਹ ਖ਼ੁਸ਼ਕ ਪੱਤਰ ਹੀ ਜਾਣਦੇ ਨੇ*
*ਇਹ ਨੀਂਹ ਦੇ ਪੱਥਰ ਹੀ ਜਾਣਦੇ ਨੇ*

ਕੁਲਵਿੰਦਰ ਜਾਣਦਾ ਹੈ ਕਿ ਸ਼ਾਖ ਨਾਲੋਂ ਟੁੱਟੇ ਖੁਸ਼ਕ ਪੱਤਰ ਮੰਜ਼ਿਲ ਦੀ ਚਾਹਤ ਨਹੀਂ ਪਛਾਣਦੇ ਪਰ ਉਹ ਆਪਣੀ ਕਵਿਤਾ ਨੂੰ ਕਾਵਿਕ ਬਣਾ ਕੇ ਉਨ੍ਹਾਂ ਵਿਚ ਅਰਥ ਭਰਨ ਲਈ ਇਨ੍ਹਾਂ ਦੀ ਸ਼ਰਨ ਲੈਂਦਾ ਹੈ। ਜੇ ਸਬੱਬ ਨਾਲ ਰਵਾਨੀ ਆ ਜਾਵੇ ਤਾਂ ਇਨ੍ਹਾਂ ਵਿਚ ਉੱਤਮਤਾਈ ਵੀ ਉੱਤਰ ਆਉਂਦੀ ਹੈ। ਕਵੀ ਖ਼ੁਦ ਵੀ ਇਸ ਤੋਂ ਅਣਜਾਣ ਨਹੀਂ। ਉਸ ਦਾ ਆਪਣਾ ਕਥਨ ਹੈ:

*ਤੂੰ ਖ਼ੁਦ ਨੂੰ ਬੇਦਾਗ਼ ਹੀ ਸਮਝੇਂ ਪੱਥਰਾਂ ਅੱਗੇ ਖੜ੍ਹ ਕੇ*
*ਸੱਚ ਜਾਨਣ ਦੀ ਹਿੰਮਤ ਹੈ ਤਾਂ ਸ਼ੀਸ਼ੇ ਸਾਹਵੇਂ ਖੜ੍ਹ ਵੀ*
*ਜੇਕਰ ਤੂੰ ਸ਼ਬਦਾਂ ਦੀ ਸਰਗਮ ਸੁਣਨੀ ਹੈ ਕੁਲਵਿੰਦਰ*
*ਬੰਦ ਕਰ ਆਪਣੀ ਫੇਲੁਨ ਫੇਲੁਨ, ਤੂੰ ਕਵੀਆਂ ਨੂੰ ਪੜ੍ਹ ਵੀ* 000

**–ਗੁਲਜ਼ਾਰ ਸਿੰਘ ਸੰਧੂ**

## ਸੱਥਰ (ਕਹਾਣੀ ਸੰਗ੍ਰਹਿ) ਹਰਪ੍ਰੀਤ ਸਿੰਘ ਚੰਨੂ

'ਸੱਥਰ' (ਪੰਨੇ 144, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ) ਕਹਾਣੀ ਸੰਗ੍ਰਹਿ ਵਿਚਲੀਆਂ ਕੁਝ ਕਹਾਣੀਆਂ ਕਹਾਣੀਕਾਰ ਹਰਪ੍ਰੀਤ ਸਿੰਘ ਚੰਨੂ ਦੇ ਮੁੱਖਬੰਦ ਵਿਚਲੇ ਕਥਨ ਮੁਤਾਬਿਕ ਭਾਵੇਂ ਚਾਰ ਦਹਾਕੇ ਪਹਿਲਾਂ ਲਿਖੀਆਂ ਗਈਆਂ ਹਨ ਪਰੰਤੂ ਸੰਪੂਰਨ ਕਹਾਣੀ ਸੰਗ੍ਰਹਿ ਲੈ ਕੇ ਉਹ 2021 ਵਿਚ ਹੀ ਪਾਠਕਾਂ ਦੇ ਸਨਮੁੱਖ ਹੋਇਆ ਹੈ। ਨੌਂ ਕਹਾਣੀਆਂ 'ਤੇ ਸੰਮਿਲਤ ਇਹ ਸੰਗ੍ਰਹਿ ਪੇਂਡੂ ਜੀਵਨ-ਜਾਚ ਵਿਚੋਂ ਉਸਰੇ ਪਾਤਰਾਂ ਦੀਆਂ ਨਮੋਸ਼ੀਆਂ, ਹੋਣੀਆਂ, ਆਰਥਿਕ ਥੁੜ੍ਹਾਂ, ਸੰਕਟਾਂ ਅਤੇ ਸਰੀਰਕ ਕਾਮਨਾਵਾਂ ਦੀ ਅਪੂਰਤੀ ਵਿਚੋਂ ਉਪਜੇ ਮਾਨਸਿਕ ਵਿਸ਼ਾਦਾਂ ਅਤੇ ਮਨੋਵਿਡੰਬਨਾਵਾਂ ਦਾ ਬਿਰਤਾਂਤ ਸਿਰਜਦਾ ਹੈ। ਇਹ ਕਹਾਣੀਆਂ ਪੇਂਡੂ ਸਮਾਜਕ ਅਰਥਚਾਰੇ ਵਿਚ ਥੁੜੇ ਹੋਏ ਪਾਤਰਾਂ ਵੱਲੋਂ ਨਵ-ਸਿਰਜਤ ਭਾਈਚਾਰਕ ਸਾਂਝ ਸੁਨੇਹਿਆਂ ਦੇ ਸਮਵਿੱਥ ਵਿਭਿੰਨ ਵਰਗਾਂ ਅਧੀਨ ਉਪਜੇ ਅੰਤਰ-ਦਵੰਦਾਂ ਦੇ ਅਮੂਰਤ ਵਿਰੋਧਾਭਾਸ ਦੇ ਬਹੁਵੰਨੇ ਪਾਸਾਰਾਂ ਨੂੰ ਵੀ ਪੇਸ਼ ਕਰਦੀਆਂ ਹਨ। ਕਹਾਣੀਕਾਰ ਪਾਤਰਾਂ ਦੇ ਸਥਿਤੀ ਸਾਪੇਖ ਮਨੁੱਖੀ ਚਰਿਤਰ ਸਿਰਜਣ ਹਿਤ ਉਹਨਾਂ ਦੇ ਅੰਦਰੂਨੀ ਤਣਾਵਾਂ ਅਤੇ ਸੰਕਟਾਂ ਦੀ ਅਨਕੂਲ/ਪ੍ਰਤਿਕੂਲ ਬਾਹਰੀ ਹਾਲਤਾਂ ਦਾ ਫੋਕਸੀਕਰਨ ਸੂਖਮਦਰਸ਼ੀ ਬਿਰਤਾਂਤ ਵਿਧੀ ਨਾਲ ਕਰਦਾ ਹੈ। ਪਰੰਤੂ ਪਾਤਰਾਂ ਦੇ ਪ੍ਰਤਿਕੂਲ ਬਾਹਰੀ ਯਥਾਰਥ ਨਾਲ ਵਾਪਰਦੇ ਸੂਖਮ ਭੇੜਾਂ ਦੀ ਬਾਤ ਦੇ ਵਿਸਤਾਰ ਸਹਿਤ ਪ੍ਰਸਤੁਤੀਕਰਨ ਉਪਰੰਤ ਵੀ ਬਿਰਤਾਂਤਕਾਰ ਦੇ ਦ੍ਰਿਸ਼ਟੀ ਬਿੰਦੂ ਦੀ ਥਾਹ ਪਾਉਣਾ ਸਹਿਲ ਨਹੀਂ ਭਾਸਦਾ। ਇਸ ਪ੍ਰਤਿ ਡਾ.ਰਘਬੀਰ ਸਿੰਘ ਸਿਰਜਣਾ ਫਲੈਪ ਟਿੱਪਣੀ ਵਿਚ ਉਲੇਖ ਕਰਦੇ ਹਨ ਕਿ 'ਜਿਸ ਨਿਰਲੇਪਤਾ ਨਾਲ ਉਹ ਪਿੰਡ ਦੇ ਵਿਭਿੰਨ ਵਰਗਾਂ ਦੇ ਜੀਵਨ ਯਥਾਰਥ ਨੂੰ ਉਹਨਾਂ ਦੀ ਸਾਂਝ ਅਤੇ ਦਵੰਦ ਦੇ ਵੇਰਵਿਆਂ ਸਹਿਤ ਪੇਸ਼ ਕਰਦਾ ਹੈ ਉਸ ਤੋਂ ਉਸ ਦੇ ਦ੍ਰਿਸ਼ਟੀਕੋਣ ਦੇ ਅਭਾਵ ਦਾ ਭੁਲਾਂਦਰਾ ਲੱਗ ਸਕਦਾ ਹੈ। ਇਸੇ ਭੁਲਾਂਦਰੇ ਵਿਚ ਹੀ ਉਸ ਦੀ ਕਲਾਕਾਰੀ ਹੈ ਕਿਉਂਕਿ ਵਾਸਤਵ ਵਿਚ ਉਸਦਾ ਦ੍ਰਿਸ਼ਟੀਕੋਣ ਕਹਾਣੀ ਦੇ ਸਮੁੱਚੇ ਬਿਰਤਾਂਤ ਵਿਚ ਰਮਿਆ ਹੁੰਦਾ ਹੈ।'

ਉਦਯੋਗੀਕਰਨ ਦੇ ਗਲਬੇ ਅਧੀਨ ਨਿਮਨ ਕਿਸਾਨੀ ਦੇ ਝੰਬੇ ਗ਼ਰੀਬੀ ਅਤੇ ਦਲਿੱਦਰਤਾ ਦਾ ਜੀਵਨ ਹੰਢਾਉਂਦੇ ਪਾਤਰਾਂ ਦੇ ਦਿਲ ਵਿਲੂੰਧਰਵੇਂ ਯਥਾਰਥ ਨੂੰ 'ਸਤਹ ਉਤੋਂ ਲੰਘਦੀ ਹਵਾ' ਅਤੇ 'ਨਰਮੇ ਦੇ ਫੰਬੇ' ਨਾਮੀ ਕਹਾਣੀਆਂ ਰੂਪਮਾਨ ਕਰਦੀਆਂ ਹਨ। ਪੀੜ੍ਹੀ ਦਰ ਪੀੜ੍ਹੀ ਜ਼ਮੀਨੀ ਵੰਡ ਕਾਰਨ ਘਟਦੀ ਹੋਈ ਮਾਲਕੀ ਅਤੇ ਆਰਥਿਕ ਸੰਕਟਾਂ ਵਿਚ ਗ੍ਰੱਸੀ ਹੋਈ ਖੇਤੀ ਦੇ ਫਲਸਰੂਪ ਕਰਜ਼ਿਆਂ ਦੀ ਮਾਰ ਹੇਠ ਦੱਬੇ ਕਹਾਣੀਆਂ ਦੇ ਜ਼ਿਮੀਂਦਾਰ ਪਾਤਰ ਆਪਣੀ ਸਰਦਾਰੀ ਹਉਂ ਦੇ ਉਡਦੇ ਪਰਖਚਿਆਂ ਨੂੰ ਸਾਂਭਣ ਲਈ ਯਤਨਸ਼ੀਲ ਤਾਂ ਹਨ ਪਰੰਤੂ ਅਸਫ਼ਲ ਉਪਰਾਲਿਆਂ ਉਪਰੰਤ ਨਮੋਸ਼ੀ ਦੇ ਡੂੰਘੇ ਮਾਨਸਿਕ ਵਹਿਣਾਂ ਵਿਚ ਡੁੱਬਣ ਤੋਂ ਇਲਾਵਾ ਉਹਨਾਂ ਨੂੰ ਕੋਈ ਬਦਲ ਨਜ਼ਰੀਂ ਨਹੀਂ ਪੈਂਦਾ।

'ਸਤਹ ਉਤੋਂ ਲੰਘਦੀ ਹਵਾ', 'ਸੱਥਰ' ਅਤੇ 'ਨਰਮੇ ਦੇ ਫੰਬੇ' ਨਾਮੀ ਕਹਾਣੀਆਂ ਮੁੱਖ ਪਾਤਰਾਂ ਦੀਆਂ ਮਾਨਸਿਕ ਉਲਝਣਾਂ ਅਤੇ ਤਣਾਵਾਂ ਦੇ ਡੂੰਘੇ ਅਵਚੇਤਨੀ ਪਾਸਾਰਾਂ ਨੂੰ ਸਹਿਜੇ ਹੀ ਸਾਹਮਣੇ ਲਿਆਉਂਦੀਆਂ ਹਨ, ਜਿੱਥੇ ਉਹ ਆਪਣੇ ਆਪ ਨੂੰ ਅਤਿ ਲਾਚਾਰ ਅਤੇ ਬੇਵੱਸ ਮਹਿਸੂਸ ਕਰਦੇ ਹਨ। 'ਸਤਹ ਉਤੋਂ ਲੰਘਦੀ ਹਵਾ' ਕਹਾਣੀ ਵਿਚ ਮੁੱਖ ਪਾਤਰ ਅਮਰਜੀਤ ਦੇ ਧੁਰ ਅੰਦਰੀ ਮਾਨਸਿਕ ਦਵੰਦਾਂ ਦੇ ਸਮਵਿੱਥ ਚਾਨਣ ਸਿੰਘ ਦੇ ਪਰਿਵਾਰਕ ਸੰਕਟਾਂ, ਜਸਵੰਤ ਸਿੰਘ ਦੀ ਮਾਨਸਿਕ ਪੀੜਾ ਅਤੇ ਸਰੀਰਕ ਲੋੜਾਂ ਦੀ ਅਪੂਰਤੀ ਨੂੰ ਮਨੋਵਿਗਿਆਨਕ ਬਿਰਤਾਂਤਕ ਜੁਗਤਾਂ ਰਾਹੀਂ ਪਰਸਾਰਨ ਦਾ ਸਫ਼ਲ ਉਪਰਾਲਾ ਕੀਤਾ ਗਿਆ ਹੈ। ਬਿਰਤਾਂਤਕਾਰ ਅਮਰਜੀਤ ਦੇ ਪਾਤਰ, ਜੋ ਪੜ੍ਹਿਆ ਲਿਖਿਆ ਅਤੇ ਸੰਤੁਲਤ ਸੋਚ ਦਾ ਧਾਰਨੀ ਹੈ, ਰਾਹੀਂ ਸਥਾਨਕ ਸੱਭਿਆਚਾਰਕ ਮਾਪਦੰਡਾਂ ਨੂੰ ਤਰਕ-ਵਿਤਰਕ ਦੀ ਕਸਵੱਟੀ 'ਤੇ ਪਰਖਦਾ ਹੈ ਪਰੰਤੂ ਇਸ ਦੇ ਸਮਵਿੱਥ ਹੀ ਅਮਰਜੀਤ ਦੀ ਇਹਨਾਂ ਦਕੀਆਨੂਸੀ ਮਾਪਦੰਡਾਂ ਪ੍ਰਤਿ ਖੁੱਲ੍ਹ ਕੇ ਵਿਰੋਧ ਕਰਨ ਦੀ ਬੇਵਸੀ ਨੂੰ ਵੀ ਪ੍ਰਗਟਾਉਂਦਾ ਹੈ। ਇਸ ਤਰ੍ਹਾਂ ਇਸ ਕਹਾਣੀ ਦਾ ਬਿਰਤਾਂਤਕ ਪ੍ਰਵਚਨ ਘੋਰ ਮਾਨਸਿਕ ਵਿਡੰਬਨਾ ਦਾ ਲਖਾਇਕ ਬਣਦਾ ਹੈ। ਅਮਰਜੀਤ

ਨੂੰ ਜਸਵੰਤ ਦਾ ਨਾਜਾਇਜ਼ ਸੰਬੰਧਾਂ ਦੀ ਸਿਰਜਣਾ ਕਰਨ ਦਾ ਕਾਰਜ ਕਿਤੇ ਵੀ ਗ਼ੈਰ-ਸਮਾਜਕ ਨਹੀਂ ਭਾਸਦਾ ਕਿਉਂਕਿ ਉਸ ਦਾ ਤਰਕ ਹੈ ਕਿ ਜਸਵੰਤ ਦਾ ਇਹ ਅਸਮਾਜਕ ਕਾਰਜ ਜੈਵਿਕ ਅਤੇ ਕੁਦਰਤੀ ਹੈ। ਪਿੰਡ ਦਾ ਸਰਪੰਚ ਹੋਣ ਦੇ ਨਾਤੇ ਉਹ ਜਸਵੰਤ ਨੂੰ ਦੰਡਿਤ ਨਹੀਂ ਕਰਨਾ ਚਾਹੁੰਦਾ ਪਰੰਤੂ ਸਥਾਨਕ ਸਮਾਜਕ ਪ੍ਰਬੰਧ ਦੇ ਦਬਾਅ ਅਧੀਨ ਸਮਾਜਕ ਫਤਵੇ ਦਾ ਸਮਰਥਨ ਕਰਨਾ ਪੈਂਦਾ ਹੈ। ਇਸ ਸਮੁੱਚੇ ਮਾਨਸਿਕ ਗਹਿ-ਗੱਚ ਭਰੇ ਬਿਰਤਾਂਤਕ ਪ੍ਰਵਚਨ ਵਿਚੋਂ ਉਪਭੋਗੀ ਸਭਿਆਚਾਰਕ ਵਰਤਾਰੇ ਅਧੀਨ ਬਦਲਦੇ ਆਰਥਿਕ ਰਾਜਨੀਤਿਕ ਅਤੇ ਸਮਾਜਕ ਸਮੀਕਰਨਾਂ ਨੂੰ ਪੇਸ਼ ਕਰਨ ਲਈ ਵਿਭਿੰਨ ਅਲਪ ਬਿਰਤਾਂਤਕ ਪ੍ਰਵਚਨ ਉਸਰਦੇ ਦਿਖਾਈ ਦਿੰਦੇ ਹਨ। ਪਹਿਲਾ ਅਮਰਜੀਤ ਦੇ ਪਾਤਰ ਦੁਆਲੇ ਉਸਰਿਆ ਬਿਰਤਾਂਤ ਹੈ ਜਿਸ ਵਿਚੋਂ ਸਮਾਜ ਬਦਲਣ ਵਾਲੇ ਅਗਾਂਹਵਧੂ ਸਮਾਜਕ ਆਗੂ ਦੀ ਕਨਸੋਅ ਮਿਲਦੀ ਹੈ। ਗਭਲੇ ਬਿਰਤਾਂਤਾਂ ਅਧੀਨ ਜਸਵੰਤ ਅਤੇ ਸੱਤੇ ਦੇ ਪਿਤਾ ਮਣਕੇ ਦੀ ਥੁੜਾਂ ਮਾਰੀ ਆਰਥਿਕ ਸਥਿਤੀ ਪੇਸ਼ ਹੈ, ਜਿਸ ਵਿਚ ਉਹ ਸਥਾਨਕ ਸਮਾਜ ਵਿਚ ਅਤਿ ਲਾਚਾਰੀ ਅਤੇ ਸ਼ਰਮਿੰਦਗੀ ਦੇ ਅਹਿਸਾਸ ਵਿਚ ਅਸਹਿਣਸ਼ੀਲ ਪੀੜਾਂ ਨੂੰ ਭੋਗਦੇ ਹੋਏ ਕਿਸੇ ਨਵੇਂ ਪਰਿਵਤਰਨ ਦੀ ਤਲਾਸ਼ ਵਿਚ ਹਨ।

ਇਸੇ ਤਰ੍ਹਾਂ 'ਸੱਥਰ' ਕਹਾਣੀ ਵਿਚ ਵੀ ਪੇਂਡੂ ਸਭਿਆਚਾਰਕ ਅਰਥਚਾਰੇ ਦੇ ਬਦਲਦੇ ਹੋਏ ਯਥਾਰਥ ਦੇ ਸੂਖਮ ਗਲਪੀ ਬਿੰਬ ਪੇਸ਼ ਹੋਏ ਹਨ। ਇਹ ਕਹਾਣੀ ਸਿਰਫ ਲੰਬੜਦਾਰ ਅਮਰ ਸਿਹੁੰ ਦੀ ਹਵੇਲੀ ਵਿਚ ਵਿਛੇ ਸੱਥਰ ਦੀ ਪ੍ਰਿਸ਼ਟਭੂਮੀ ਵਿਚ ਫੈਲੇ ਹੋਏ ਕਰੂਰ ਯਥਾਰਥ ਨੂੰ ਹੀ ਉਜਾਗਰ ਨਹੀਂ ਕਰਦੀ ਸਗੋਂ ਸਮੁੱਚੇ ਪੰਜਾਬੀ ਸਮਾਜ ਵਿਚਲੇ ਵਿਸ਼ੈਲੇ ਉਪਭੋਗਤਾਵਾਦੀ ਕਲਚਰ ਦੇ ਮਾਰਮਿਕ ਪਾਸਾਰਾਂ ਦੀ ਲਖਾਇਕ ਵੀ ਬਣਦੀ ਹੈ। 'ਸੱਥਰ' ਕਹਾਣੀ ਦੀ ਕਲਾਤਮਕਤਾ ਦਾ ਸਿਖਰ ਹਵੇਲੀ ਦੇ ਗੌਰਵਸ਼ਾਲੀ ਪ੍ਰਤੀਕ ਦੀ ਚਕਾਚੌਂਧ ਦੇ ਤਲਿਸਮ ਨੂੰ ਭੰਗ ਕਰਨਾ ਤਾਂ ਹੈ ਹੀ, ਪਰੰਤੂ ਨਾਲ ਹੀ ਅਮਰ ਸਿਹੁੰ ਦੀ ਸਾਧਨ ਸੰਪਨ ਸਰਦਾਰੀ ਤੋਂ ਆਰਥਿਕ ਨਿਘਾਰ ਤਕ ਦੇ ਇਤਿਹਾਸਕ ਸਫਰ ਦਾ ਐਨਾ ਸਥੂਲ ਗਲਪੀ ਬਿੰਬ ਸਿਰਜਣਾ ਵੀ ਹੈ ਕਿ ਜਿਸ ਵਿਚੋਂ ਇਸ ਘਟਨਾਕ੍ਰਮ ਦੀਆਂ ਆਰਥਿਕ ਅਤੇ ਪਰਿਵਾਰਕ ਹੋਣੀਆਂ/ਤ੍ਰਾਸਦੀਆਂ ਦੇ ਵਿਭਿੰਨ ਘਟਕ ਸਹਿਜੇ ਹੀ ਪਰੋਖ ਹੋ ਜਾਣ। ਇਹ ਗਲਪੀ ਘਟਕ ਪੰਜਾਬੀ ਕਿਸਾਨੀ ਸੰਕਟ ਦੀ ਤਤਕਾਲੀ ਦਾਸਤਾਨ ਨਾਲ ਭਲੀਭਾਂਤ ਜਾ ਜੁੜਦੇ ਹਨ ਜਿੱਥੇ ਨਿਮਨ ਕਿਸਾਨੀ ਦੇ ਸੰਤਾਪੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਮਾਰਮਿਕ ਯਥਾਰਥ ਦਾ ਨਿਰੂਪਣ ਵੀ ਹੁੰਦਾ ਜਾਪਦਾ ਹੈ। ਇਸ ਕਹਾਣੀ ਵਿਚ ਸਮੱਸਿਆਵਾਂ ਦੀ ਗਹਿਨਤਾ ਅਤੇ ਗੰਭੀਰਤਾ ਨੂੰ ਮਠਾਰ ਕੇ ਸੰਵਾਦੀ ਜੁਗਤ ਰਾਹੀਂ ਕਥਾ ਵਿਵੇਕ ਦੀ ਪੁਖਤਗੀ ਨਾਲ ਪੇਸ਼ ਕੀਤਾ ਗਿਆ ਹੈ। ਅਮਰ ਸਿਹੁੰ ਦੀ ਐਸ਼ ਪ੍ਰਸਤ, ਭੋਗ ਵਿਲਾਸੀ ਜੀਵਨ-ਜਾਚ ਅਤੇ ਦੇਖਾ ਦੇਖੀ ਉਸ ਦੇ ਪੁੱਤਰ ਬਲਦੇਵ ਸਿੰਘ ਦੀ ਨਸ਼ਾਖੋਰੀ ਦੀ ਆਦਤ ਵਜੋਂ ਪੋਤੇ ਗੁਰਕੀਰਤ ਕੋਲ਼ ਸੌ ਘੁਮਾਂ ਤੋਂ ਉੱਤੇ ਜ਼ਮੀਨੀ ਮਾਲਕੀ ਦੇ ਘਟ ਕੇ ਸਿਰਫ ਸੋਲਾਂ-ਸਤਾਰਾਂ ਕਿੱਲਿਆਂ ਤਕ ਰਹਿ ਜਾਣ ਦੇ ਸਮੁੱਚੇ ਆਰਥਿਕ ਨਿਘਾਰ ਦੀਆਂ ਘਟਨਾਵਾਂ ਨੂੰ ਸੁਰਜਣ ਸਿਹੁੰ, ਜੰਟੇ ਅਤੇ ਗੱਜਰ ਖੁਰੀਆਂ ਵਾਲੇ ਦੇ ਮੁੰਡੇ ਵਰਗੇ ਹੋਰ ਪਾਤਰਾਂ ਦੇ ਵਿਭਿੰਨ ਸੰਵਾਦਾਂ ਰਾਹੀਂ ਸਾਹਮਣੇ ਲਿਆਂਦਾ ਗਿਆ ਹੈ। ਇਸ ਤਰ੍ਹਾਂ ਇਹ ਕਹਾਣੀ ਉਪਭੋਗਤਾਵਾਦੀ ਕਲਚਰ, ਨਸ਼ਾਖੋਰੀ ਅਤੇ ਹਵੇਲੀ ਵਰਗੇ ਤਲਿਸਮੀ ਚਿਹਨਾਂ ਦੀ ਗੌਰਵਤਾ 'ਤੇ ਸੰਜੀਦਾ ਗਲਪੀ ਵਿਅੰਗ ਹੋ ਨਿਬੜਦੀ ਹੈ।

'ਨਰਮੇ ਦੇ ਫੰਬੇ' ਕਹਾਣੀ ਵੀ ਨਿਮਨ ਕਿਸਾਨੀ, ਬੈਂਕ ਦੇ ਕਰਜ਼ੇ, ਸ਼ਾਹ ਦੇ ਅਣਮੁੱਕਦੇ ਵਿਆਜ ਵਰਗੇ ਵਿਆਪਕ ਸੰਕਟਾਂ ਵਿਚ ਘਿਰੇ ਪਾਤਰ ਸੰਤ ਦੀ ਤਣਾਵਪੂਰਨ ਜ਼ਿੰਦਗੀ ਦੇ ਗਲਪੀ ਬਿੰਬ ਪ੍ਰਸਤੁਤ ਕਰਦੀ ਹੈ। ਕਹਾਣੀ ਦਾ ਕੇਂਦਰੀ ਪਾਤਰ ਸੰਤ, ਜਿਉਣ ਸਿੰਘ ਦਾ ਛੋਟਾ ਪੁੱਤਰ ਹੈ। ਜ਼ਮੀਨ ਦੀ ਵੰਡ ਅਤੇ ਕਰਜ਼ਿਆਂ ਦੀ ਪੰਡ ਕਾਰਨ ਘਰ ਦੀ ਹਾਲਤ ਨਿਘਰਦੀ ਗਈ; ਫਲਸਰੂਪ ਸੰਤ ਨੂੰ ਪੰਜਵੀਂ ਜਮਾਤ ਵਿਚੋਂ ਪੜ੍ਹਨ ਤੋਂ ਹਟਾ ਕੇ ਸਰਦਾਰਾਂ ਨਾਲ ਡਰਾਇਵਰ ਲਗਾ ਦਿੱਤਾ ਗਿਆ। ਇਸ

ਘੋਰ ਗ਼ਰੀਬੀ ਦੇ ਪਰਿਵੇਸ਼ ਕਾਰਨ ਦੋਹਾਂ ਭਰਾਵਾਂ ਦਾ ਵਿਆਹ ਹੋਣਾ ਅਸੰਭਵ ਹੋ ਗਿਆ। ਸੰਤ ਦੀਆਂ ਸਰੀਰਕ ਲੋੜਾਂ, ਜਵਾਨ ਦਿਲ ਦੀਆਂ ਰੀਝਾਂ ਅਤੇ ਅਕਾਂਖਿਆਵਾਂ ਦੀ ਪੂਰਤੀ ਹਿੱਤ ਚੋਣੀਆਂ ਵਿਚ ਆਉਣ ਵਾਲੀਆਂ ਹਮਉਮਰ ਕੁੜੀਆਂ ਨਾਲ ਜਜ਼ਬਾਤੀ ਸੰਬੰਧਾਂ ਦੀ ਕਲਪਨਾ ਕਰਨਾ ਅਤੇ ਉਹਨਾਂ ਦੇ ਕਿਸੇ ਹੋਰ ਨਾਲ ਵਿਆਹ ਹੋਣ ਉਪਰੰਤ ਕਿਸੇ ਅਣਕਹੀ ਮਾਨਸਿਕ ਪੀੜਾ ਦਾ ਸ਼ਿਕਾਰ ਹੋਣ ਦੇ ਡੂੰਘੇ ਮਾਨਸਿਕ ਵਿਸ਼ਾਦ ਅਤੇ ਤੜਪ ਦੀ ਉਸਾਰੀ ਕਰਨਾ ਇਸ ਕਹਾਣੀ ਦਾ ਅਹਿਮ ਹਾਸਲ ਬਣਦਾ ਹੈ।

'ਛੱਪੜ ਦਾ ਪਾਣੀ' ਵੀ ਇਸੇ ਸ਼੍ਰੇਣੀ ਦੀ ਕਹਾਣੀ ਹੈ ਜਿਸ ਦੀ ਮੁੱਖ ਪਾਤਰ ਭਾਵੇਂ ਸਾਧਨ ਸੰਪੰਨ ਸੁਖ ਸਹੂਲਤਾਂ ਭਰਪੂਰ ਪਰਿਵਾਰ ਵਿਚ ਵਿਆਹੀ ਹੋਈ ਹੈ ਪਰੰਤੂ ਉਹ ਫਿਰ ਵੀ ਆਪਣੇ ਆਪ ਨੂੰ ਸੱਖਣੀ ਅਤੇ ਅਸੰਤੁਸ਼ਟ ਪ੍ਰਤੀਤ ਕਰਦੀ ਹੈ। ਕਹਾਣੀ ਵਿਚ ਪੱਤਰ-ਲੇਖਣ ਦੀ ਬਿਰਤਾਂਤਕ ਜੁਗਤ ਰਾਹੀਂ ਗਲਪੀ ਸੰਵਾਦ ਸਿਰਜਿਆ ਗਿਆ ਹੈ, ਜਿਸ ਵਿਚ ਕੇਂਦਰੀ ਪਾਤਰ ਆਪਣੇ ਪੁਰਾਣੇ ਸਹਿਪਾਠੀ ਨੂੰ ਪੱਤਰ ਲਿਖ ਕੇ ਆਪਣੀ ਵਰਤਮਾਨ ਜ਼ਿੰਦਗੀ ਵਿਚਲੇ ਇਕੱਲਤਾ ਭਰਪੂਰ ਮਨੋਵਿਸ਼ਾਦ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦੀ ਹੈ। ਸਮੁੱਚੇ ਬਿਰਤਾਂਤ ਵਿਚੋਂ ਉਸ ਦੇ ਮਨੋਵਿਸ਼ਾਦ ਦਾ ਕਾਰਨ ਉਸ ਦੀ ਸਮਰੱਥਾ ਦੇ ਉਲਟ ਕੰਮਕਾਰ ਰਹਿਤ ਅਕਾਊ ਜੀਵਨ-ਜਾਚ ਹੈ ਜੋ ਉਸ ਨੂੰ ਉਚ-ਸ਼੍ਰੇਣੀ ਪਰਿਵਾਰ ਨਾਲ ਰਿਸ਼ਤਾ ਜੋੜ ਕੇ ਪ੍ਰਾਪਤ ਹੋਈ ਹੈ। ਪਰੰਤੂ ਉਸ ਨੂੰ ਇਹ ਸੁਖ-ਸਹੂਲਤਾਂ, ਨੌਕਰ-ਚਾਕਰ ਅਤੇ ਵਿਹਲੇ ਰਹਿਣ ਦੀ ਪ੍ਰਵਿਰਤੀ ਕਿਸੇ ਛੱਪੜ ਦੇ ਪਾਣੀ ਤੋਂ ਘੱਟ ਨਹੀਂ ਜਾਪਦੀ। ਛੱਪੜ ਦੇ ਪਾਣੀ ਦਾ ਪ੍ਰਤੀਕ ਕੇਵਲ ਉਸ ਦੇ ਬਾਹਰੀ ਹਾਲਾਤ ਦਾ ਹੀ ਬਿਆਨ ਨਹੀਂ ਕਰਦਾ ਸਗੋਂ ਉਸ ਵੱਲੋਂ ਆਪਣੇ ਪੁਰਾਣੇ ਸਹਿਪਾਠੀ ਵਿਚੋਂ ਰੂਹ ਦੇ ਹਾਣੀ ਦੀ ਤਲਾਸ਼ ਦਾ ਮੈਟਾਫ਼ਰ ਵੀ ਸਿਰਜਦਾ ਪ੍ਰਤੀਤ ਹੁੰਦਾ ਹੈ।

ਇਸੇ ਤਰ੍ਹਾਂ ਇਹ ਕਹਾਣੀ ਸੰਗ੍ਰਹਿ 'ਹੌਲੀ-ਹੌਲੀ ਸਰਕਦੀ ਧੁੱਪ', 'ਸੱਖਣਾ ਆਦਮ ਕੱਦ ਸ਼ੀਸ਼ਾ', 'ਨਾ ਤੇਰੇ ਵੱਸ ਨਾ ਮੇਰੇ ਵੱਸ' ਅਤੇ 'ਉਲਝਣ' ਸਮੇਤ ਪੇਂਡੂ ਜੀਵਨ ਦੇ ਵਿਭਿੰਨ ਸਾਰਾਂ ਅਤੇ ਸਰੋਕਾਰਾਂ ਦੇ ਨਿਆਰੇ ਪਾਸਾਰ ਸਿਰਜਣ ਵਾਲੀਆਂ ਖ਼ੂਬਸੂਰਤ ਕਲਾਤਮਕ ਕਹਾਣੀਆਂ ਨਾਲ ਸੰਮਿਲਤ ਹੈ। 'ਡੇਵਿਡ ਪੀਟਰ ਦਾ ਬਿਰਤਾਂਤ' ਇਸ ਸੰਗ੍ਰਹਿ ਦੀ ਆਖ਼ਰੀ ਕਹਾਣੀ ਹੈ ਜੋ ਡੇਵਿਡ ਨਾਮ ਦੇ ਇਸਾਈ ਪਾਤਰ ਦੇ ਦੇਹਰਾਦੂਨ ਅਤੇ ਦਿੱਲੀ ਵਰਗੇ ਵੱਡੇ ਸ਼ਹਿਰਾਂ ਤੋਂ ਚੱਲ ਕੇ ਪੰਜਾਬ ਦੇ ਛੋਟੇ ਪਿੰਡ ਵਿਚ ਬਸੇਰਾ ਕਰਕੇ ਜ਼ਿੰਦਗੀ ਜਿਉਣ ਅਤੇ ਨਵੀਂ ਭਾਈਚਾਰਕ ਸਾਂਝ ਵਿਕਸਤ ਕਰਨ ਦੇ ਵਡੇਰੇ ਕੌਮੀ ਸੰਦੇਸ਼ ਵਾਲੀ ਖ਼ੂਬਸੂਰਤ ਕਹਾਣੀ ਹੈ। ਡੇਵਿਡ ਸਾਰੀ ਜ਼ਿੰਦਗੀ ਆਪਣੇ ਪਰਿਵਾਰ ਤੋਂ ਦੂਰ ਪੰਜਾਬ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਸਮਾਜਕ ਵਲਗਣਾਂ ਅਧੀਨ ਕਿਰਤ ਕਰਦਿਆਂ ਗੁਜ਼ਾਰ ਦਿੰਦਾ ਹੈ। ਉਸ ਦੀ ਆਖ਼ਰੀ ਇੱਛਾ ਹੈ ਕਿ ਮਰਨ ਉਪਰੰਤ ਇਸਾਈ ਮੱਤ ਅਨੁਸਾਰ ਉਸ ਦੀ ਕਬਰ ਬਣਾ ਕੇ ਉਸ ਉੱਤੇ ਕਰਾਸ ਦਾ ਨਿਸ਼ਾਨ ਲਗਾਇਆ ਜਾਵੇ, ਜੋ ਉਸ ਨੇ ਆਪਣੇ ਹੱਥੀਂ ਤਿਆਰ ਕੀਤਾ ਹੈ। ਪਰੰਤੂ ਬਿਤਰਾਂਤਕਾਰ ਉਸ ਦੀ ਇੱਛਾ ਦੇ ਉਲਟ ਸਿੱਖ ਧਰਮ ਦੀਆਂ ਰਸਮਾਂ ਅਨੁਸਾਰ ਕੀਤੇ ਗਏ ਸਸਕਾਰ ਅਤੇ ਭੋਗ ਪਾਉਣ ਦੇ ਰਸਮੀ ਕਾਰਜ ਦੇ ਅਮਾਨਵੀ ਪਹਿਲੂਆਂ ਨੂੰ ਸਾਹਮਣੇ ਲਿਆਉਂਦਾ ਹੈ। ਬਿਰਤਾਂਤਕਾਰ ਇਸ ਕਾਰਜ ਨੂੰ ਡੇਵਿਡ ਦੀ ਕਿਰਤ ਅਤੇ ਇਮਾਨਦਾਰੀ ਨਾਲ ਕੀਤੀ ਗਈ ਬੇਇਨਸਾਫ਼ੀ ਦੇ ਚਿਹਨ ਵਜੋਂ ਲੈਂਦਾ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਦੇ ਕਥਾ ਵਸਤੂ ਦੇ ਨਿਭਾਅ, ਕਥਾ ਵਿਵੇਕ ਦੀ ਉਸਾਰੀ ਅਤੇ ਪਾਤਰਾਂ ਦੀ ਸਿਰਜਣਸ਼ੀਲਤਾ ਵਿਚੋਂ ਕਹਾਣੀਕਾਰ ਦਾ ਮਨੋਵਿਗਿਆਨਕ ਦ੍ਰਿਸ਼ਟੀਕੋਣ ਸਹਿਜੇ ਹੀ ਪ੍ਰਤਿਬਿੰਬਤ ਹੁੰਦਾ ਹੈ, ਜਿਸ ਰਾਹੀਂ ਉਸ ਨੇ ਪੇਂਡੂ ਧਰਾਤਲ ਨਾਲ ਜੁੜੇ ਪਾਤਰਾਂ ਦੇ ਬਹੁ-ਪਰਤੀ ਅਵਚੇਤਨ ਦੇ ਗੂੜ੍ਹ ਪਾਸਾਰਾਂ ਨੂੰ ਨਿਤਾਰਣ ਤੇ ਨਿਖੇੜਣ ਦਾ ਸਫ਼ਲ ਉਪਰਾਲਾ ਕੀਤਾ ਹੈ। ਇਸ ਤਰ੍ਹਾਂ ਇਹ ਆਸਾਵੇਂ ਸਮਾਜਕ ਅਤੇ ਆਰਥਿਕ ਪ੍ਰਬੰਧ ਦੇ ਸਿਆਸੀ ਅਵਚੇਤਨ ਦੇ ਵਿਭਿੰਨ ਸਰੋਕਾਰਾਂ ਨੂੰ ਸਾਹਮਣੇ ਲਿਆਉਣ ਵਾਲੇ ਪਾਤਰਾਂ ਦੀ ਸਿਰਜਣਸ਼ੀਲਤਾ ਦੇ ਬਿਰਤਾਂਤਕ ਪਾਸਾਰਾਂ ਦਾ ਸਫ਼ਲ ਕਹਾਣੀ ਸੰਗ੍ਰਹਿ ਹੈ।000

**-ਰਾਜਵੰਤ ਕੌਰ (ਡਾ.)**

## ਤੀਸਰੀ ਖਿੜਕੀ (ਕਹਾਣੀ ਸੰਗ੍ਰਹਿ) ਨਿਰੰਜਣ ਬੋਹਾ

ਕਹਾਣੀ ਸੰਗ੍ਰਹਿ 'ਤੀਸਰੀ ਖਿੜਕੀ' (ਪੰਨੇ 142, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਨਿਰੰਜਣ ਬੋਹਾ ਦੇ ਪਹਿਲੇ ਕਹਾਣੀ ਸੰਗ੍ਰਹਿ 'ਪੂਰਾ ਮਰਦ' ਤੋਂ 22 ਸਾਲ ਬਾਅਦ ਛਪਿਆ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਵਕਫ਼ੇ ਦੌਰਾਨ ਬੋਹਾ ਨੇ ਮਿੰਨੀ ਕਹਾਣੀ ਸੰਗ੍ਰਹਿ, ਵਾਰਤਕ ਅਤੇ ਆਲੋਚਨਾ ਦੀਆਂ ਕਿਤਾਬਾਂ ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ ਹੈ। ਇਸ ਸੰਗ੍ਰਹਿ ਵਿਚ ਕੁੱਲ 12 ਕਹਾਣੀਆਂ ਸ਼ਾਮਲ ਹਨ। ਕਹਾਣੀਆਂ ਦਾ ਕੇਂਦਰੀ ਥੀਮ ਰਿਸ਼ਤਿਆਂ ਦੇ ਬਦਲਦੇ ਪਰਿਪੇਖ ਵਿਚ ਨਾਰੀ ਸਮੱਸਿਆ ਦਾ ਮੁੱਲਾਂਕਣ ਕਰਨ ਵੱਲ ਅਗਰਸਰ ਹੈ। ਸਮਾਜਕ ਸੰਰਚਨਾ ਵਿਚ ਔਰਤ ਮਰਦ ਦੇ ਆਪਸੀ ਰਿਸ਼ਤੇ ਨੂੰ ਵੱਖ-ਵੱਖ ਪਹਿਲੂਆਂ ਤੋਂ ਸਮਝਣ ਦੀ ਲੋੜ ਹੈ। ਔਰਤ ਮਰਦ ਦੇ ਮੁਕਾਬਲੇ ਵਧੇਰੇ ਸੂਖਮ ਭਾਵਾਂ ਵਾਲੀ ਹੁੰਦੀ ਹੈ। ਉਸਦੀ ਮਾਨਸਿਕਤਾ ਨੂੰ ਸਮਝਣ ਦੀ ਪਹਿਲਕਦਮੀ ਕਰਨ ਦੀ ਲੋੜ ਹੈ। ਆਮ ਤੌਰ 'ਤੇ ਮਰਦ ਆਪਣੀ ਹਉਂ ਨਹੀਂ ਛੱਡਦਾ ਤੇ ਔਰਤ ਵਿਚਾਰੀ ਜਿਹੀ ਬਣੀ ਰਹਿੰਦੀ ਹੈ। ਔਰਤ ਦੇ ਵਿਹਾਰ ਵਿਚ ਮਰਦ ਨੂੰ ਬਦਲਣ ਦੀ ਬਹੁਤ ਵੱਡੀ ਸ਼ਕਤੀ ਹੁੰਦੀ ਹੈ। 'ਉਹ ਮੇਰਾ ਵੀ ਕੁਝ ਲੱਗਦੈ' ਕਹਾਣੀ ਇਸੇ ਭਾਵ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਪਤੀ ਪਤਨੀ ਬਬਲੀ ਤੇ ਸਤਨਾਮ ਦੋਹਾਂ ਦਾ ਆਪਸ ਵਿਚ ਦੂਜਾ ਵਿਆਹ ਹੁੰਦਾ ਹੈ। ਬਬਲੀ ਆਪਣੇ ਪਹਿਲੇ ਵਿਆਹ ਦੇ ਬੱਚੇ ਪੱਪੀ ਨੂੰ ਛੱਡਣਾ ਨਹੀਂ ਚਾਹੁੰਦੀ ਪਰ ਮਜਬੂਰੀ ਵੱਸ ਉਸਨੂੰ ਬੱਚੇ ਤੋਂ ਦੂਰ ਹੋਣਾ ਪੈਂਦਾ ਹੈ। ਬਬਲੀ ਇਕ ਮਾਂ ਹੋਣ ਦੇ ਨਾਤੇ ਬੱਚਿਆਂ ਦੀ ਵੇਦਨਾ ਸਮਝਦੀ ਹੈ ਪਰ ਸਤਨਾਮ ਮਰਦ ਹੋਣ ਕਰਕੇ ਹੋਰ ਕਿਸੇ ਦੇ ਬੱਚੇ ਨੂੰ ਅਪਨਾਉਣ ਵਿਚ ਝਿਜਕਦਾ ਹੈ। ਬਬਲੀ ਦੀ ਮਮਤਾ ਬੱਚਿਆਂ ਵਿਚ ਫਰਕ ਨਹੀਂ ਕਰਦੀ। ਬਬਲੀ ਦੇ ਵਿਹਾਰ ਨਾਲ ਜਦੋਂ ਸਤਨਾਮ ਤੇ ਬਬਲੀ ਦੀ ਸੱਸ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਬਬਲੀ ਆਪਣੇ ਬੱਚੇ ਦੀ ਲੋੜ ਨੂੰ ਪਿੱਛੇ ਰੱਖ ਕੇ ਉਹਨਾਂ ਦੇ ਬੱਚਿਆਂ ਨੂੰ ਆਪਣੇ ਬੱਚੇ ਤੋਂ ਵੀ ਵੱਧ ਪਿਆਰ ਕਰਦੀ ਰਹੀ ਹੈ ਤਾਂ ਉਹ ਪੱਪੀ ਨੂੰ ਵੀ ਆਪਣੇ ਨਾਲ ਰੱਖਣਾ ਮੰਨ ਜਾਂਦੇ ਹਨ। ਇਸ ਤਰ੍ਹਾਂ ਦਾ ਬਦਲਾਵ ਦੇਖਣ ਨੂੰ ਬੇਸ਼ੱਕ ਆਦਰਸ਼ਵਾਦ ਜਾਪਦਾ ਹੋਵੇ ਪਰ ਅਸਲ ਵਿਚ ਇਹ ਬਬਲੀ ਦੇ ਵਿਹਾਰ ਕਾਰਨ ਆਇਆ ਬਦਲਾਵ ਹੈ।

ਬਾਕੀ ਦੀਆਂ ਕਹਾਣੀਆਂ ਵਿਚੋਂ 'ਉਹ ਰਾਤ', 'ਇਕ ਦਾਅ ਹੋਰ', 'ਕੋਈ ਹੋਰ ਠਿਕਾਣਾ', 'ਤੀਸਰੀ ਖਿੜਕੀ', 'ਤੂੰ ਇੰਝ ਨਾ ਕਰੀਂ', 'ਬੋਲਾਂ ਤਾਂ ਕੀ ਬੋਲਾਂ' ਛੇ ਕਹਾਣੀਆਂ ਦਾ ਕੇਂਦਰੀ ਥੀਮ ਵੀ ਨਾਰੀ ਦੀ ਭਟਕਣਾ, ਉਸਦੀ ਇੱਛਾ ਅਤੇ ਸੁਰੱਖਿਆ ਨਾਲ ਜੁੜੇ ਮਹੱਤਵਪੂਰਨ ਸਵਾਲ ਉਠਾਉਂਦਾ ਹੈ। ਕਹਾਣੀਆਂ ਸਪਸ਼ਟ ਕਰਦੀਆਂ ਹਨ ਕਿ ਔਰਤ ਸਮਾਜ ਵਿਚ ਕਿਤੇ ਵੀ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਇਥੋਂ ਤਕ ਕਿ ਉਹ ਆਪਣੇ ਖ਼ੂਨ ਦੇ ਰਿਸ਼ਤਿਆਂ ਹੱਥੋਂ ਵੀ ਪੀੜਤ ਰਹਿੰਦੀ ਹੈ। 'ਉਹ ਰਾਤ' ਕਹਾਣੀ ਦੀ ਨਾਇਕਾ ਆਪਣੇ ਪਤੀ ਮਨਜੀਤ ਦੀ ਮੌਤ ਉਪਰੰਤ ਦਿਉਰ ਦਰਸ਼ਨ ਨਾਲ ਵਿਆਹੀ ਜਾਂਦੀ ਹੈ ਪਰ ਉਸਦੀਆਂ ਸਾਮੰਤੀ ਰੁਚੀਆਂ ਕਾਰਨ ਭੋਗ ਵਿਲਾਸ ਦੀ ਵਸਤੂ ਬਣੀ ਰਹਿੰਦੀ ਹੈ। ਦੂਜੇ ਪਾਸੇ 'ਇਕ ਦਾਅ ਹੋਰ' ਕਹਾਣੀ ਦੀ ਨਾਇਕਾ ਆਪਣੇ ਪਤੀ ਅਜੀਤ ਦੀ ਮੌਤ ਉਪਰੰਤ ਦਿਉਰ ਨਰੇਸ਼ ਨਾਲ ਵਿਆਹ ਕਰਵਾਉਣ ਦੀ ਥਾਂ ਲੇਖਕ ਸ਼ੁਸ਼ੀਲ ਨਾਲ ਵਿਆਹ ਕਰਵਾ ਲੈਂਦੀ ਹੈ। ਪਰ ਉਸਨੂੰ ਵੀ ਖੁਸ਼ੀ ਨਸੀਬ ਨਹੀਂ ਹੁੰਦੀ। ਉਹ ਅਧਿਆਪਕਾ ਹੋਣ ਕਰਕੇ ਬੇਸ਼ੱਕ ਆਰਥਿਕ ਤੌਰ 'ਤੇ ਮਜ਼ਬੂਤ ਹੈ ਪਰ ਸ਼ੁਸ਼ੀਲ ਕੋਈ ਕੰਮ ਕਰਨ ਦੀ ਥਾਂ ਉਸਦੇ ਪੈਸੇ 'ਤੇ ਟੇਕ ਲਾਈ ਰੱਖਦਾ ਹੈ। 'ਬੋਲਾਂ ਤਾਂ ਕੀ ਬੋਲਾਂ' ਕਹਾਣੀ ਵੀ ਇਸੇ ਵਿਸ਼ੈਗਤ ਸਰੋਕਾਰਾਂ ਵਾਲੀ ਹੈ। ਕਵੀ ਸੁਰਿੰਦਰ ਆਪਣੀ ਨੌਕਰੀ ਪੇਸ਼ਾ ਪਤਨੀ ਦੀ ਥਾਂ ਆਰਤੀ ਵੱਲ ਖਿੱਚਿਆ ਜਾਂਦਾ ਹੈ। ਆਰਤੀ ਤਲਾਕਸ਼ੁਦਾ ਹੈ ਤੇ ਕਵਿਤਾ ਲਿਖਦੀ ਹੋਣ ਕਾਰਨ ਸੁਰਿੰਦਰ ਉਸ ਨਾਲ ਸੰਬੰਧ ਬਣਾ ਲੈਂਦਾ ਹੈ। ਨਾਇਕਾ ਸੁਰਿੰਦਰ ਨੂੰ ਆਪਣੇ ਮਨੋਂ ਵਿਸਾਰ ਦਿੰਦੀ ਹੈ। 'ਕੋਈ ਹੋਰ ਠਿਕਾਣਾ' ਕਹਾਣੀ ਵੀ

ਨਾਰੀ ਸੁਰੱਖਿਆ ਦੇ ਗੁੰਝਲਦਾਰ ਸਵਾਲ ਨੂੰ ਮੁਖ਼ਾਤਿਬ ਹੈ। ਕਹਾਣੀ ਦੀ ਨਾਇਕਾ ਆਪਣੇ ਮਤੇਰ ਬਾਪ ਵੱਲੋਂ ਆਪਣੀ ਮਾਂ ਦੀ ਮੌਜੂਦਗੀ ਵਿਚ ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀ ਹੈ। ਖ਼ੂਨ ਦੇ ਰਿਸ਼ਤਿਆਂ ਤੋਂ ਹਤਾਸ਼ ਹੋਈ ਉਹ ਸਾਧਵੀ ਬਣਨ ਵੱਲ ਪਰੇਰੀ ਜਾਂਦੀ ਹੈ ਪਰ ਪ੍ਰੇਮ ਲਤਾ ਨਾਲ ਆਸ਼ਰਮ ਦੇ ਸੇਵਾਦਾਰ ਵੱਲੋਂ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਸਪਸ਼ਟ ਕਰਦੀ ਹੈ ਕਿ ਆਸ਼ਰਮਾਂ ਵਿਚ ਵੀ ਔਰਤ ਸੁਰੱਖਿਅਤ ਨਹੀਂ ਹੈ। ਇਸੇ ਤਰ੍ਹਾਂ ਸੰਗ੍ਰਹਿ ਦੀ ਟਾਈਟਲ ਕਹਾਣੀ 'ਤੀਸਰੀ ਖਿੜਕੀ' ਔਰਤ ਦੀ ਇਸੇ ਅਸੁਰੱਖਿਆ ਦੀ ਗੱਲ ਕਰਦੀ ਹੈ। ਕਹਾਣੀ ਦੀ ਨਾਇਕਾ ਦਾ ਪਤੀ ਸੁਖਚੈਨ ਨਸ਼ਿਆਂ ਵਿਚ ਗਲਤਾਨ ਰਹਿੰਦਾ ਹੈ ਤੇ ਚਿੱਟੇ ਕਾਰਨ ਜੇਲ੍ਹ ਚਲਿਆ ਜਾਂਦਾ ਹੈ। ਪਤੀ ਤੋਂ ਬਿਨਾਂ ਇਕੱਲੀ ਔਰਤ ਨੂੰ ਮਰਦ ਆਪਣੀ ਕਾਮ ਵਾਸਨਾ ਦਾ ਸੌਖਾ ਵਸੀਲਾ ਸਮਝਣ ਲੱਗ ਜਾਂਦੇ ਹਨ। ਇਸੇ ਸੋਚ ਤਹਿਤ ਉਸਦੇ ਮਾਮੇ ਦਾ ਮੁੰਡਾ ਰਤਨ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਖ਼ੂਨ ਦੇ ਰਿਸ਼ਤਿਆਂ ਤੋਂ ਨਿਰਾਸ਼ ਹੋਈ ਨਾਇਕਾ ਮਾਈ ਬਚਨੀ ਤੇ ਬਾਬਾ ਰੱਖਾ ਨਾਲ ਬਣਾਏ ਹੋਏ ਰਿਸ਼ਤਿਆਂ ਤੋਂ ਆਸਰਾ ਤਲਾਸ਼ ਕਰਦੀ ਹੈ। 'ਤੂੰ ਇੰਝ ਨਾ ਕਰੀਂ' ਕਹਾਣੀ ਬਚਪਨ ਵਿਚ ਬਲਾਤਕਾਰ ਦਾ ਸ਼ਿਕਾਰ ਹੋਈ ਨਾਇਕਾ ਦੇ ਮਨ ਵਿਚ ਬੈਠੇ ਡਰ ਨੂੰ ਮਨੋਵਿਗਿਆਨਕ ਪਹਿਲੂਆਂ ਤੋਂ ਪੇਸ਼ ਕਰਦੀ ਹੈ। ਉਹ ਇਸ ਡਰ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋਈ ਰਹਿੰਦੀ ਹੈ ਤੇ ਆਪਣੇ ਆਪ ਨੂੰ ਵਿਆਹ ਲਈ ਯੋਗ ਨਹੀਂ ਸਮਝਦੀ। ਧੀਰਜ ਉਸ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੈ। ਉਹ ਨਾਇਕਾ ਦੀ ਤਲਾਕ ਲੈਣ ਦੀ ਇੱਛਾ ਨੂੰ ਆਪਣੇ ਵਿਵਹਾਰ ਨਾਲ ਬਦਲ ਦਿੰਦਾ ਹੈ। ਕਹਾਣੀ ਸਪਸ਼ਟ ਕਰਦੀ ਹੈ ਕਿ ਔਰਤ ਦੇ ਮਨੋਭਾਵਾਂ ਨੂੰ ਸਮਝਣ ਲਈ ਧੀਰਜ ਵਰਗੇ ਬਣਨਾ ਪੈਂਦਾ ਹੈ।

ਖੱਬੇ ਪੱਖੀ ਲਹਿਰ ਨਾਲ ਸੰਬੰਧਤ ਗਲਪ ਵਿਚ ਜ਼ਿਆਦਾਤਰ ਲਹਿਰ ਦੇ ਉਤਰਾਅ ਕਾਰਨ ਆਈ ਨਿਰਾਸ਼ਾ ਦਾ ਰੁਦਨ ਪੇਸ਼ ਕੀਤਾ ਮਿਲਦਾ ਹੈ ਪਰ 'ਕੋਈ ਤਾਂ ਹੈ' ਕਹਾਣੀ ਵਿਚ ਲਹਿਰ 'ਚੋਂ ਉਪਜੀ ਨਿਰਾਸ਼ਾ ਨੂੰ ਆਸ਼ਾਵਾਦੀ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਨਕਸਲੀ ਕਾਰਕੁਨ ਸੰਤੋਖ ਸਿੰਘ ਆਪਣੀ ਉਮਰ ਦੇ ਅੰਤਲੇ ਵਰ੍ਹਿਆਂ ਵਿਚ ਪਤਨੀ ਅਤੇ ਪਾਰਟੀ ਦੇ ਵਤੀਰੇ ਤੋਂ ਨਿਰਾਸ ਹੋ ਕੇ ਆਪਣੇ ਕਿਸੇ ਕਾਮਰੇਡ ਦੋਸਤ ਕੋਲ਼ ਰਹਿਣ ਲੱਗ ਜਾਂਦਾ ਹੈ। ਅੰਤ ਵਿਚ ਜਦੋਂ ਉਸਦਾ ਪੁੱਤਰ ਵਿਆਹਿਆ ਜਾਂਦਾ ਹੈ ਤੇ ਉਹ ਸੰਤੋਖ ਸਿੰਘ ਦੇ ਵਿਚਾਰਾਂ ਨੂੰ ਮਾਨਤਾ ਦਿੰਦਾ ਹੋਇਆ ਆਪਣੀ ਜ਼ਿੰਦਗੀ ਵਿਚ ਉਸਦੀ ਅਗਵਾਈ ਮੰਗਦਿਆਂ ਆਪਣੇ ਨਾਲ ਰਹਿਣ ਲਈ ਲੈ ਕੇ ਜਾਂਦਾ ਹੈ ਤਾਂ ਸੰਤੋਖ ਸਿੰਘ ਤਸੱਲੀ ਮਹਿਸੂਸ ਕਰਦਾ ਹੈ। ਸੰਤੋਖ ਨੂੰ ਜਾਪਦਾ ਹੈ ਕਿ ਉਸਦਾ ਪੁੱਤਰ ਉਸਦੇ ਵਿਚਾਰਾਂ ਦੀ ਵਿਰਾਸਤ ਨੂੰ ਸਾਂਭਣ ਵਾਲਾ ਹੈ। 'ਇਸ ਤਰ੍ਹਾਂ ਹੀ ਹੋਵੇਗਾ ਹੁਣ' ਕਹਾਣੀ ਦੀ ਮੁੱਖ ਪਾਤਰ ਵਿਚ ਅਜਿਹੇ ਹੀ ਸਾਮੰਤੀ ਗੁਣ ਹਨ ਜਿਹੜੇ ਪਤੀ ਪਤਨੀ ਦੇ ਆਪਸੀ ਕਲੇਸ਼ ਦਾ ਕਾਰਨ ਬਣ ਜਾਂਦੇ ਹਨ। ਮੈਂ ਪਾਤਰ ਨੌਕਰੀ ਪੇਸ਼ਾ ਹੈ। ਆਪਣੇ ਤੋਂ ਨੀਵੀਂ ਜਾਤ ਦੇ ਸੁਰਜੀਤ ਨਾਲ ਵਿਆਹ ਕਰਵਾਉਣ ਕਰਕੇ ਉਸਦਾ ਜਾਗੀਰਦਾਰ ਬਾਪ ਹਰਬੰਤ ਉਸ ਨਾਲੋਂ ਹਮੇਸ਼ਾ ਲਈ ਟੁੱਟ ਜਾਂਦਾ ਹੈ ਅਤੇ ਆਪਣੀ ਮੌਤ ਤਕ ਉਹਨਾਂ ਨਾਲ ਨਹੀਂ ਵਰਤਦਾ। ਉਸਦੀ ਮੌਤ ਉਪਰੰਤ ਆਪਣੇ ਭਰਾ ਨਾਲ ਮਿਲ ਕੇ ਨਾਇਕਾ ਵਿਚ ਪਿਤਰੀ ਮੋਹ ਜਾਗ ਪੈਂਦਾ ਹੈ। ਸਹੁਰਿਆਂ ਵੱਲੋਂ ਤ੍ਰਿਸਕਾਰਿਆ ਗਿਆ ਹੋਣ ਕਾਰਨ ਸੁਰਜੀਤ ਵੀ ਉਹਨਾਂ ਪ੍ਰਤੀ ਰੰਜਸ਼ ਰੱਖਦਾ ਹੈ। ਨਾਇਕਾ ਆਪਣੇ ਪਤੀ ਦੀ ਇੱਛਾ ਦੇ ਉਲਟ ਬੱਚੇ ਦਾ ਨਾਂਅ ਆਪਣੇ ਬਾਪ ਦੇ ਨਾਮ 'ਤੇ ਰੱਖਕੇ ਆਪਣੇ ਪਿਤਰੀ ਮੋਹ ਅਤੇ ਸਾਮੰਤੀ ਸੋਚ ਦਾ ਪ੍ਰਗਟਾਵਾ ਕਰਦੀ ਹੈ। ਸਮਕਾਲੀ ਪੂੰਜੀਵਾਦੀ ਦੌਰ ਵਿਚ ਰਿਸ਼ਤਿਆਂ ਵਿਚਲੀ ਮੋਹ-ਮੁਹੱਬਤ ਬਚੀ ਨਹੀਂ ਰਹਿ ਸਕਦੀ। ਵਧੇਰੇ ਆਰਥਿਕ ਲਾਭ ਹਾਸਲ ਕਰਨ ਦੀ ਦੌੜ ਨੇ ਰਿਸ਼ਤਿਆਂ ਨੂੰ ਖੋਰਾ ਲਾਇਆ ਹੈ। 'ਹੋਰ ਵੰਡ ਨਹੀਂ' ਕਹਾਣੀ ਅਜਿਹੇ ਵਿਚਾਰਾਂ ਨੂੰ ਦ੍ਰਿੜ ਕਰਾਉਂਦੀ ਹੈ। ਦੋ ਭਰਾਵਾਂ ਦੇ ਆਪਸੀ ਕਲੇਸ਼ ਦਾ ਕਾਰਨ ਬਾਪ ਤੇ ਉਸਦੇ ਹਿੱਸੇ ਆਉਂਦੀ ਜ਼ਮੀਨ ਹੈ। ਛੋਟਾ ਭਰਾ ਤੇ ਉਸਦੀ ਪਤਨੀ

ਪੂੰਜੀਵਾਦੀ ਜੀਵਨ ਜਾਚ ਦੇ ਅਨੁਸਾਰੀ ਹਨ, ਜਿਨ੍ਹਾਂ ਨੂੰ ਰਿਸ਼ਤੇ ਬੋਝ ਜਾਪਦੇ ਹਨ। ਉਹ ਕਿਸੇ ਸਵਾਰਥ ਨਾਲ ਬੱਝ ਕੇ ਹੀ ਰਿਸ਼ਤਾ ਨਿਭਾਉਂਦੇ ਹਨ। ਕਈ ਵਾਰ ਆਰਥਿਕ ਤੰਗਦਸਤੀ ਕਾਰਨ ਰਿਸ਼ਤੇ ਬੋਝ ਜਾਪਣ ਲੱਗਦੇ ਹਨ। 'ਖਲਾਅ ਵਿਚ ਭਟਕਦੇ ਰਿਸ਼ਤੇ' ਕਹਾਣੀ ਅਜਿਹੇ ਹੀ ਮਨੋਭਾਵਾਂ ਨੂੰ ਪੇਸ਼ ਕਰਦੀ ਹੈ। ਆਰਥਿਕ ਪੱਖੋਂ ਤੰਗ ਮੈਂ ਪਾਤਰ ਲਈ ਆਪਣੇ ਮਾਮੇ ਦੀ ਕੁੜੀ ਨਾਲ ਜੁੜੀਆਂ ਬਚਪਨ ਦੀਆਂ ਪਿਆਰੀਆਂ ਯਾਦਾਂ ਉਦੋਂ ਬੋਝ ਬਣ ਜਾਂਦੀਆਂ ਹਨ ਜਦੋਂ ਉਹ ਰੱਖੜੀ ਦੇ ਤਿਉਹਾਰ 'ਤੇ ਆਪਣੇ ਪਤੀ ਨਾਲ ਮਿਲਣ ਲਈ ਆ ਜਾਂਦੀ ਹੈ। ਆਪਣੀ ਆਰਥਿਕ ਤੰਗੀ ਕਾਰਨ ਉਹ ਭੈਣ ਦਾ ਬਣਦਾ ਮਾਣ-ਸਤਿਕਾਰ ਕਰਨ ਤੋਂ ਅਸਮਰੱਥ ਹੈ। ਪਤਨੀ ਲਈ ਚਾਵਾਂ ਨਾਲ ਲਿਆਂਦਾ ਸੂਟ ਦੇ ਕੇ ਬੇਸ਼ੱਕ ਉਹ ਇਸ ਬੋਝ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰੰਤੂ ਦੂਜੇ ਪਾਸੇ ਪਤਨੀ ਦੇ ਚਾਵਾਂ ਦਾ ਗਲ਼ਾ ਘੁੱਟਣ ਦਾ ਬੋਝ ਬਰਕਰਾਰ ਰਹਿੰਦਾ ਹੈ। ਕਹਾਣੀ ਵਿਚ ਉਸਦੇ ਮਾਨਸਿਕ ਦਵੰਦ ਨੂੰ ਬੜੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ। ਮਾਨਸਿਕ ਭਾਵਾਂ ਦੀ ਤ੍ਰਿਪਤੀ ਦੇ ਪੱਖ ਤੋਂ ਇਸ ਸੰਗ੍ਰਹਿ ਦੀ ਸਭ ਤੋਂ ਕਮਾਲ ਦੀ ਕਹਾਣੀ 'ਆਪਣਾ ਹੀ ਪਰਛਾਵਾਂ' ਹੈ। ਕਹਾਣੀ ਦਾ ਮੁੱਖ ਪਾਤਰ ਐੱਸ.ਡੀ.ਐਮ. ਬਚਪਨ ਵਿਚ ਖੇਡਣ ਤੋਂ ਅਸਮਰੱਥ ਹੋਣ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਰਿਹਾ ਹੁੰਦਾ ਹੈ। ਉਸਦੀ ਇਹ ਹੀਣ ਭਾਵਨਾ ਆਪਣੇ ਬੱਚੇ ਰਿਸ਼ੂ ਦੇ ਖੇਡਣ ਵਿਚ ਨਿਪੁੰਨ ਹੋਣ ਤੋਂ ਖੁਸ਼ ਹੋਣ ਕਰਕੇ ਦੂਰ ਹੋ ਜਾਂਦੀ ਹੈ। ਉਹ ਰਿਸ਼ੂ ਨੂੰ ਖੇਡਾਂ ਵਿਚ ਮੱਲਾਂ ਮਾਰਦੇ ਦੇਖਕੇ ਆਪਣੇ ਅਹੁਦੇ ਦੀ ਮਾਣ-ਮਰਿਆਦਾ ਭੁੱਲ ਕੇ ਬੱਚਿਆਂ ਵਾਂਗ ਖੁਸ਼ੀ ਦਾ ਇਜ਼ਹਾਰ ਕਰਦਾ ਹੈ।

ਕੁੱਲ ਮਿਲਾ ਕੇ ਨਿਰੰਜਣ ਬੋਹਾ ਦੀਆਂ ਕਹਾਣੀਆਂ ਆਪਣੇ ਵਿਸ਼ੈਗਤ ਸਰੋਕਾਰਾਂ ਦੀ ਪੇਸ਼ਕਾਰੀ ਕਾਰਨ ਜਾਨਦਾਰ ਹਨ। ਕਹਾਣੀਆਂ ਵਿਚ ਨਾਰੀ ਸਮੱਸਿਆ ਕੇਂਦਰੀ ਵਿਸ਼ੇ ਵਜੋਂ ਉਭਰਦੀ ਹੈ। ਇਸਤੋਂ ਬਿਨਾਂ ਰਿਸ਼ਤਿਆਂ ਦਾ ਪੂੰਜੀਵਾਦੀ ਖਾਸਾ ਵੀ ਉਸਦਾ ਸਰੋਕਾਰ ਬਣਿਆ ਹੈ। ਇਕ ਤੋਂ ਵਧੇਰੇ ਕਹਾਣੀਆਂ ਦੇ ਪਲਾਟ ਵਿਚ ਦੋਹਾਜੂ ਵਿਆਹ ਦਾ ਬਿਰਤਾਂਤਕ ਦਹੁਰਾਓ ਹੋਇਆ ਹੈ। ਕਹਾਣੀਕਾਰ ਵੱਲੋਂ ਇਸ ਤਰ੍ਹਾਂ ਦੇ ਦਹੁਰਾਓ ਤੋਂ ਬਚਿਆ ਜਾ ਸਕਦਾ ਸੀ। ਕਹਾਣੀਆਂ ਵਿਚ ਪਿਆਰ, ਨਫ਼ਰਤ, ਸਹਿਣਸ਼ੀਲਤਾ, ਦੁੱਖ-ਸੁੱਖ ਤੇ ਹੋਰ ਅਨੇਕਾਂ ਕਿਸਮ ਦੇ ਮਨੋਭਾਵ ਪਾਤਰਾਂ ਦੀ ਸ਼ਖਸੀਅਤ ਦੇ ਅਹਿਮ ਅੰਗ ਬਣ ਕੇ ਪੇਸ਼ ਹੋਏ ਹਨ। ਆਲੋਚਕ ਹੋਣ ਕਰਕੇ ਬੋਹਾ ਨੂੰ ਕਹਾਣੀ ਦੀਆਂ ਕਲਾਤਮਕ ਜੁਗਤਾਂ ਦੀ ਸਮਝ ਹੈ। ਇਸ ਪੱਖ ਤੋਂ ਇਸ ਕਹਾਣੀ ਸੰਗ੍ਰਹਿ ਦਾ ਸਵਾਗਤ ਕਰਨਾ ਬਣਦਾ ਹੈ।

**-ਡਾ. ਹਰਿੰਦਰ ਸਿੰਘ**

## ਹਨੇਰੇ ਦਾ ਚੀਰਹਰਣ (ਸਵੈ-ਜੀਵਨੀ) ਸੋਮਾ ਸਬਲੋਕ

ਤਿੰਨ ਕਾਵਿ ਸੰਗ੍ਰਹਿ 'ਆਕਟੋਪਸ', 'ਸੰਗਤਰਾਸ਼', 'ਹਰਫ਼-ਏ-ਮੁਹੱਬਤ'; ਦੋ ਕਹਾਣੀ ਸੰਗ੍ਰਹਿ 'ਪੱਤਾ ਪੱਤਾ ਜ਼ਿੰਦਗੀ', 'ਕਿਰਚਾਂ'; ਇਕ ਨਾਵਲੈਟ 'ਪੇਟੈਂਟ ਹਸਬੈਂਡ', ਪੰਜ ਬਾਲ ਸਾਹਿਤ ਕਿਤਾਬਾਂ ਪ੍ਰਕਾਸ਼ਤ ਕਰਵਾ ਚੁੱਕੀ ਅਤੇ ਬਹੁਤ ਸਾਰਾ ਅਨੁਵਾਦ ਕਾਰਜ ਕਰਨ ਵਾਲੀ ਬਹੁ-ਪੱਖੀ ਲੇਖਕਾ ਸੀਮਾ ਸਬਲੋਕ ਦੀ ਹੱਥਲੀ ਪੁਸਤਕ 'ਹਨੇਰੇ ਦਾ ਚੀਰਹਰਣ' (ਮੁੱਲ 300 ਰੁਪਏ, ਪੰਨੇ 156, ਨਵਯੁਗ ਪਬਲਿਸ਼ਰਜ਼, ਦਿੱਲੀ) ਉਸਦੀ ਸਵੈਜੀਵਨੀ ਹੈ। ਉਸਦਾ ਕਹਿਣਾ ਹੈ ਕਿ ਅਭੁੱਲ ਅਨੁਭਵ ਤੋਂ ਬਿਨਾਂ ਲੇਖਕਾਂ ਤੇ ਪਾਠਕਾਂ ਵੱਲੋਂ ਮਿਲੀ ਹਲਾਸ਼ੇਰੀ ਇਸ ਪੁਸਤਕ ਦੇ ਲਿਖਣ ਦਾ ਸਬੱਬ ਬਣੀ ਹੈ। ਅਜਿਹੀ ਹੱਲਾਸ਼ੇਰੀ ਦੇਣ ਵਾਲਿਆਂ ਵਿਚ ਡਾ. ਕਰਮਜੀਤ ਸਿੰਘ ਵੀ ਸ਼ਾਮਲ ਹੈ ਜਿਸਦੇ ਨਿਮਨ ਲਿਖਤ ਕਥਨ ਦੇ ਹਵਾਲੇ ਨਾਲ ਉਸਨੇ ਪੁਸਤਕ ਦਾ ਆਗਾਜ਼ ਕੀਤਾ ਹੈ, "ਹੁਣ ਤਕ ਸਾਡੀਆਂ ਬਹੁਤੀਆਂ ਸਾਹਿਤਕਾਰਾਂ ਜਦੋਂ ਵੀ ਬੋਲਦੀਆਂ ਹਨ... ਤਰਸ ਦੀਆਂ ਪਾਤਰ ਬਣੀਆਂ ਨਜ਼ਰ ਆਉਂਦੀਆਂ ਹਨ ਜਾਂ ਫੇਰ ਬਹੁਤੇ ਮਰਦਾਂ ਨਾਲ ਹੰਢਾਏ ਜੀਵਨ ਨੂੰ ਹੀ ਉਹ ਆਦਰਸ਼ਿਆ ਕੇ ਪੇਸ਼ ਕਰਦੀਆਂ ਹਨ ਪਰ ਸੋਮਾ ਜੀ ਦੀ ਸੰਘਰਸ਼ ਚੇਤਨਾ ਇਹਨਾਂ ਲੇਖਿਕਾਵਾਂ ਲਈ

ਰਾਹ ਦਰਸਾਊ ਹੋਣ ਦਾ ਮਾਣ ਪ੍ਰਾਪਤ ਕਰ ਸਕਦੀ ਹੈ। '

ਲੇਖਿਕਾ ਆਪਣੇ ਜਨਮ ਸਥਾਨ ਬੰਗਾ ਦੀ ਭੂਗੋਲਿਕ ਸਥਿਤੀ, ਪ੍ਰਬੰਧਕੀ ਢਾਂਚੇ ਤੇ ਇਤਿਹਾਸ ਬਾਰੇ ਜਾਣਕਾਰੀ ਨਾਲ ਸ਼ੁਰੂਆਤ ਕਰਦੀ ਹੋਈ ਪਰਿਵਾਰਕ ਪਿਛੋਕੜ 'ਤੇ ਝਾਤ ਪਵਾਉਂਦੀ ਹੈ। ਉਹ ਦੱਸਦੀ ਹੈ ਕਿ ਨਾਥ ਸੰਪਰਦਾਇ ਨੂੰ ਮੰਨਣ ਵਾਲੇ ਪਰਿਵਾਰ ਵਿਚ ਉਸਦਾ ਜਨਮ ਹੋਇਆ, ਜੋ ਇਸਤਰੀ ਪ੍ਰਤੀ ਨੀਵੀਂ ਸੋਚ ਦੇ ਹੀ ਧਾਰਨੀ ਰਹੇ ਸਨ। ਲੇਖਿਕਾ ਅਨੁਸਾਰ 1956 ਵਿਚ ਉਸਦੇ ਜਨਮ ਤੋਂ ਪਿੱਛੋਂ ਉਸਦੀ ਪੰਜਵੀਂ ਭੈਣ ਦਾ ਜਨਮ 1971 ਵਿਚ ਹੋਇਆ, ਜਦਕਿ ਵਾਰਿਸ ਯਾਨੀ ਪੁੱਤਰ ਲਈ ਉਸਦੇ ਮਾਪਿਆਂ ਦੀ ਉਡੀਕ 1978 ਵਿਚ ਜਾ ਕੇ ਹੀ ਖਤਮ ਹੋਈ। ਲੇਖਿਕਾ ਦੇ ਬਾਲ ਮਨ ਲਈ ਇਹ ਰਹੱਸ ਸੀ ਕਿ ਉਸ ਦੇ ਬਾਪ ਨੂੰ 'ਗਊਆਂ ਦਾ ਪਾਲੀ' ਕਿਉਂ ਕਿਹਾ ਜਾਂਦਾ ਸੀ। ਪਤਾ ਲੱਗਣ 'ਤੇ ਇਹ ਸੁਆਲ ਮਨ ਚ ਪਨਪਿਆ ਕਿ "ਕੁੜੀਆਂ ਨੂੰ ਗਊਆਂ ਕਿਉਂ ਕਹਿੰਦੇ ਹਨ?" ਅਜਿਹੇ ਪਰਿਵਾਰਕ ਪਿਛੋਕੜ ਤੇ ਮਾਹੌਲ ਵਿਚ ਲੇਖਿਕਾ ਸ਼ੁਰੂ ਤੋਂ ਹੀ ਆਪਣੀ ਹੋਂਦ ਅਤੇ ਸਵੈਮਾਣ ਬਾਰੇ ਚੇਤੰਨ ਰਹਿਣ ਲੱਗੀ। ਉਸਦੇ ਜ਼ਿਹਨ ਉੱਤੇ ਇਹ ਪ੍ਰਭਾਵ ਪੈਂਦਾ ਗਿਆ ਜਿਵੇਂ ਘਰ ਵਿਚ ਉਸ ਦੀ ਹੋਂਦ ਨਿਗੂਣੀ ਹੈ। ਹਰ ਵਰਤਾਰੇ ਬਾਰੇ ਡੂੰਘਾਈ ਨਾਲ ਸੋਚਣਾ ਅਤੇ ਕੀ ਕਿਉਂ ਬਾਰੇ ਵਿਚਾਰਨਾ ਉਸਦਾ ਸੁਭਾਅ ਬਣ ਗਿਆ। ਇਸਦੇ ਬਾਵਜੂਦ ਮੁੱਢਲੀ ਅਵਸਥਾ ਵਿਚ ਉਹ ਘਰ ਵਿਚ ਬਹੁਤ ਸੰਕੋਚ ਨਾਲ ਵਿਚਰਦੀ ਰਹੀ। ਉਹ ਘਰਦਿਆ ਅੱਗੇ ਕੋਈ ਮੰਗ ਨਹੀਂ ਰੱਖਦੀ ਸੀ, ਸੰਕੋਚਵਾਂ ਹੀ ਖਾਂਦੀ ਤੇ ਪਹਿਨਦੀ ਸੀ। ਏਥੋਂ ਤਕ ਕਿ ਜਦੋਂ ਦਸਵੀਂ ਪਾਸ ਕਰਨ ਤੋਂ ਬਾਅਦ ਘਰ ਵਾਲੇ ਉਸਨੂੰ ਅਗਾਂਹ ਪੜ੍ਹਾਉਣ ਲਈ ਤਿਆਰ ਨਹੀਂ ਸਨ ਤਾਂ ਉਸਨੇ ਪ੍ਰਤੱਖ ਤੌਰ 'ਤੇ ਵਿਰੋਧ ਨਹੀਂ ਕੀਤਾ ਪਰ ਪ੍ਰਾਈਵੇਟ ਇਮਤਿਹਾਨ ਦੇਣ ਲਈ ਲੁਕਵੇਂ ਤੌਰ 'ਤੇ ਤਿਆਰੀ ਕਰਦੀ ਰਹੀ।

ਸਮੇਂ ਦੇ ਬੀਤਣ ਨਾਲ ਉਹ ਇਸ ਸੰਕੋਚ ਨੂੰ ਤਿਲਾਂਜਲੀ ਦੇਣ ਲੱਗੀ ਅਤੇ ਆਪਣੇ ਤਾਰਕਿਕ ਵਿਚਾਰਾਂ ਉੱਤੇ ਡਟਣ ਲੱਗੀ। ਉਸਦੀ ਇਸ ਸੋਚ ਨੂੰ ਵਿਕਸਤ ਕਰਨ ਵਿਚ ਡਾ. ਸੁਰਿੰਦਰ ਅਜਨਾਤ ਮਦਦਗਾਰ ਸਾਬਤ ਹੋਇਆ ਜਿਸਦਾ ਉਸਦੇ ਪਰਿਵਾਰ ਵਿਚ ਆਉਣ ਜਾਣ ਸੀ। ਡਾ. ਅਜਨਾਤ ਜੋ ਖੁਦ ਤਰਕਸ਼ੀਲ ਵਿਚਾਰਾਂ ਸਹਿਤ ਹਨੇਰ ਬਿਰਤੀ ਦਾ ਵਿਰੋਧ ਕਰਦਾ ਸੀ ਅਤੇ ਅੰਬੇਦਕਰ ਦੀ ਵਿਚਾਰਧਾਰਾ ਦਾ ਸਮਰਥਕ ਸੀ, ਨਾਲ ਲੇਖਿਕਾ ਦੀ ਵਿਚਾਰਧਾਰਕ ਸਾਂਝ ਬਣਦੀ ਗਈ, ਜੋ ਅੱਗੇ ਜਾ ਕੇ ਜੀਵਨ ਸਾਥੀ ਦੇ ਰੂਪ ਵਿਚ ਵਟ ਗਈ। ਡਾ. ਅਜਨਾਤ ਨਾਲ ਇਹ ਅੰਤਰਜਾਤੀ ਵਿਆਹ ਉਸਨੇ ਰਵਾਇਤੀ ਢੰਗ ਨਾਲ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਕੀਤਾ। ਮਰਦ ਔਰਤ ਦੇ ਪਰਸਪਰ ਸੰਬੰਧਾਂ ਦੀ ਲੋੜ ਨੂੰ ਤਾਂ ਉਹ ਸਵੀਕਾਰ ਕਰਦੀ ਸੀ ਪਰ ਔਰਤ ਨੂੰ ਮਰਦ ਦੇ ਲੜ ਲਾਉਣ ਦੇ ਵਿਆਹ ਦੇ ਸੰਕਲਪ ਨੂੰ ਮੰਨਣ ਤੋਂ ਉਹ ਇਨਕਾਰੀ ਸੀ। ਉਸਦਾ ਕਹਿਣਾ ਹੈ: "ਵਿਆਹ ਦੀ ਸੰਸਥਾ ਬਾਰੇ ਪੜ੍ਹ ਕੇ ਮੈਂ ਇਸ ਸਿੱਟੇ 'ਤੇ ਪਹੁੰਚੀ ਕਿ ਮੈਂ ਮਨੁੱਖ ਹਾਂ ਤੇ ਸੁਚੇਤ ਤੇ ਸਿਹਤਮੰਦ ਇਨਸਾਨ ਦੇ ਨਾਤੇ ਮੇਰੀਆ ਕੁੱਝ ਜ਼ਰੂਰਤਾਂ ਹਨ...ਪਰ ਇਸ ਸਭ ਕਾਸੇ ਦੀ ਪੂਰਤੀ ਮੈਂ ਦੂਜਿਆਂ ਦੇ ਬਣਾਏ ਅਖੌਤੀ ਨਿਯਮਾਂ ਮੁਤਾਬਕ ਨਹੀਂ ਕਰਨੀ...ਹਿੰਦੂ ਵਿਆਹ ਪੱਧਤੀ ਮੇਰੀ ਸੋਚ ਅਨੁਸਾਰ, ਲੜਕੀ ਦੇ ਸਵੈਮਾਣ 'ਤੇ ਸੱਟ ਹੈ... ਜਿਸ ਤਹਿਤ ਉਸ ਦਾ ਬਾਪ ਵਰ ਨੂੰ ਉਸ ਦਾ ਦਾਨ ਕਰਦਾ ਹੈ...।"

ਇੰਝ ਲੇਖਿਕਾ ਦੀ ਜੀਵਨ ਕਹਾਣੀ ਅਗਾਂਹ ਵਧਦੀ ਹੈ ਜਿਸ ਅਨੁਸਾਰ ਉਹ ਪਿਤਰਕੀ ਸੱਤਾ ਨੂੰ ਵੰਗਾਰਦੀ ਹੈ ਅਤੇ ਸੰਘਰਸ਼ ਦਾ ਰਾਹ ਅਖਤਿਆਰ ਕਰਦੀ ਹੇ। ਉਹ ਆਪਣੇ ਜੀਵਨ ਪੰਧ ਨੂੰ ਜਿਉਣ ਯੋਗ ਬਣਾਉਣ ਲਈ ਹਰ ਟਕਰਾਵੀਂ ਪਰਿਸਥਿਤੀ ਨਾਲ ਟੱਕਰ ਲੈਂਦੀ ਹੈ। ਗਹਿਣੇ ਉਸ ਨੂੰ ਗ਼ੁਲਾਮੀ ਕਾਰਨ ਬੋਝ ਲੱਗਦੇ ਹਨ ਅਤੇ ਉਹ ਇਹਨਾਂ ਤੋਂ ਆਪਣੇ ਆਪ ਨੂੰ ਮੁਕਤ ਰੱਖਦੀ ਹੈ। ਉਸ ਅਨੁਸਾਰ ਗਹਿਣਿਆਂ ਦਾ ਉਦੇਸ਼ ਔਰਤ ਨੂੰ ਸੁਹਣੀ ਦਰਸਾਉਣਾ ਤਾਂ ਸੀ ਪਰ ਇਹਨਾਂ ਕਰਕੇ ਉਹ ਸਿਰ ਤੋਂ ਪੈਰਾਂ ਤੀਕ ਪੁਰਸ਼ ਦੇ ਪੰਜਿਆਂ ਵਿਚ ਜਕੜੀਆਂ ਹੋਈਆਂ ਹਨ।ਉਸਦਾ ਕਹਿਣਾ ਹੈ,

"ਮੰਗਲਸੂਤਰ ਪਹਿਨਾਉਣ ਵਾਲਾ ਪੁਰਸ਼ ਇਹ ਦੱਸਦਾ ਹੈ ਕਿ ਹੁਣ ਇਸ ਇਸਤਰੀ ਦਾ ਮਾਲਿਕ ਉਹੀ ਹੈ।" ਅਤੇ ਉਹ ਇਸ ਤਰ੍ਹਾਂ ਦੇ ਗ਼ੁਲਾਮੀ ਵਾਲੇ ਸਾਥ ਤੋਂ ਇਨਕਾਰੀ ਹੈ।

ਲੇਖਿਕਾ ਤਰਕਸ਼ੀਲ ਵਿਚਾਰਧਾਰਾ ਦੀ ਕੱਟੜ ਹਾਮੀ ਵਜੋਂ ਸਾਹਵੇਂ ਆਉਂਦੀ ਹੈ ਜਿਸਦੇ ਅੰਤਰਗਤ ਉਹ ਲਿੰਗਕ ਸਮਾਨਤਾ ਅਥਵਾ ਇਸਤਰੀ ਜਾਤੀ ਦੇ ਹੱਕ ਵਿਚ, ਜਾਤਪਾਤੀ ਪ੍ਰਥਾ ਅਤੇ ਧਾਰਮਿਕ ਹਨੇਰ ਬਿਰਤੀ ਦੇ ਵਿਰੁੱਧ ਲਗਾਤਰ ਸੰਘਰਸ਼ ਕਰਦੀ ਰਹੀ ਹੈ। ਉਸ ਨੇ ਇਸ ਸੇਧ ਵਿਚ ਵੱਡੀ ਗਿਣਤੀ ਵਿਚ ਲੇਖ ਲਿਖੇ ਤੇ ਛਪਵਾਏ ਹਨ। ਅੰਬੇਦਕਰੀ ਸੋਚ ਨੂੰ ਅਪਨਾਉਂਦਿਆਂ ਹੋਇਆਂ ਉਸਨੇ ਲਿਖਿਆ ਹੈ: "ਔਰਤ ਜਾਤ ਤਾਂ ਸਾਰੀ ਹੀ ਦਲਿਤ ਹੈ ਜਿਸ ਕੋਲ਼ ਸੰਵਿਧਾਨ ਲਿਖੇ ਜਾਣ ਤੋਂ ਪਹਿਲਾ ਕੋਈ ਵੀ ਮਨੁੱਖੀ ਅਧਿਕਾਰ ਹੈ ਹੀ ਨਹੀਂ ਸੀ।" ਸੰਵਿਧਾਨ ਦੀ ਪਾਲਣਾ ਦੇ ਸੰਬੰਧ ਵਿਚ ਉਸਦਾ ਅਗਾਂਹ ਕਹਿਣਾ ਹੈ, "ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਹਿੱਤ ਸੰਵਿਧਾਨ ਵਿਚ ਮਿਲੇ ਆਪਣੇ ਮੂਲ ਕਰਤੱਵ ਨੂੰ ਨਿਭਾਉਣ ਹਿੱਤ...ਸੰਵਿਧਾਨਿਕ ਕਰਤੱਵਾਂ ਨੂੰ ਦਿਆਨਤਦਾਰੀ ਨਾਲ ਨਿਭਾਉਣਾ ਮੈਂ ਆਪਣਾ ਨੈਤਿਕ ਕਰਤੱਵ ਮੰਨ ਕੇ ਚੱਲਦੀ ਹਾਂ।" ਜਾਤ-ਪਾਤੀ ਵਖੇਵੇਂ ਦਾ ਖਾਤਮਾ ਕਰਨਾ ਉਸਦਾ ਮਿਸ਼ਨ ਰਿਹਾ ਹੈ ਅਤੇ ਉਸਦੀ ਧਾਰਨਾ ਹੈ ਕਿ " ਜਾਤ-ਪਾਤ ਦੇ ਵਿਰੋਧੀ ਮਨੁੱਖ ਨੂੰ ਆਪਣੀ ਜਾਤ-ਪਾਤ ਭਰਪੂਰ ਚੇਤਨਾ ਛੱਡਣੀ ਹੋਵੇਗੀ"।

ਆਪਣੀ ਵਿਚਾਰਾਂ ਦੇ ਤਿੱਖੇ ਪ੍ਰਗਟਾਅ ਕਾਰਨ ਉਸਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸਨੇ ਆਪਣੇ ਵਿਚਾਰਾਂ ਦਾ ਪਰਚਾਰ ਪ੍ਰਸਾਰ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਖੁਦ ਆਪਣੀ ਜ਼ਿੰਦਗੀ ਵਿਚ ਵੀ ਢਾਲਿਆ। ਇਸਤਰ੍ਹਾਂ ਜਾਤ ਪਾਤ ਦਾ ਵਿਰੋਧ ਕਰਦੀ ਹੋਈ ਉਹ ਉਜਾਗਰ ਰੂਪ ਵਿਚ ਡੀ-ਕਾਸਟ ਹੋ ਗਈ। ਘਰ ਵਿਚ ਅੰਧ ਵਿਸ਼ਵਾਸੀ ਸੰਸਕਾਰਾਂ ਨੂੰ ਨਿਭਾਉਣ ਤੋਂ ਉਸ ਨੇ ਇਨਕਾਰ ਕੀਤਾ। ਇਸ ਕਾਰਨ ਮਾਂ ਨਾਲ ਉਸਦੇ ਸੰਬੰਧ ਅਣਸੁਖਾਵੇਂ ਰਹੇ ਅਤੇ ਕਈ ਨੇੜਲਿਆਂ ਨੇ ਉਸਨੂੰ ਛੇਕ ਦਿੱਤਾ। ਅਦਾਲਤੀ ਮੁਕੱਦਮਿਆਂ ਦਾ ਵੀ ਉਸਨੂੰ ਸਾਹਮਣਾ ਕਰਨਾ ਪਿਆ। ਪਰ ਉਸ ਨੇ ਇਹਨਾਂ ਸਭ ਮੁਸ਼ਕਿਲਾਂ ਅਤੇ ਵਿਰੋਧਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਅਤੇ 'ਆਪਣੇ ਨਾਲ ਖੜ੍ਹੀ ਲੋਕਾਈ ਨੂੰ ਆਪਣੀ ਰਿਸ਼ਤੇਦਾਰ ਮੰਨਿਆ।' ਲੇਖਿਕਾ ਦਾ ਮੰਨਣਾ ਹੈ ਕਿ ਉਸਦੀ ਸੂਝ-ਬੂਝ ਨੂੰ ਨਿਖਾਰਨ ਵਿਚ ਉਸ ਦੇ ਪਤੀ ਡਾ. ਸੁਰਿੰਦਰ ਅਜਨਾਤ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਪੁਸਤਕ ਵਿਚ ਡਾ. ਅਜਨਾਤ ਦੁਆਰਾ ਪੜ੍ਹੇ ਪੇਪਰਾਂ ਦੇ ਥਾਂ-ਥਾਂ ਹਵਾਲੇ ਦਿੱਤੇ ਗਏ ਹਨ। ਆਪਣੇ 'ਤੇ ਹੋਏ ਮੁਕੱਦਮੇ ਵਿਚ ਸਫਾਈ ਪੇਸ਼ ਕਰਨ ਲਈ ਉਸਨੇ ਜੋ ਵੀ ਸਾਰ ਤੱਤ ਲੱਭੇ, ਸਭ ਦੇ ਵੇਰਵੇ ਪੁਸਤਕ ਵਿਚ ਦਰਜ ਹਨ।

ਵਿਆਹ ਉਪਰੰਤ ਉਚੇਰੀ ਪੜ੍ਹਾਈ ਲਈ, ਫਿਰ ਅਧਿਆਪਕ ਵਜੋਂ ਕੀਤੀ ਨੌਕਰੀ ਦੌਰਾਨ ਕੀਤੇ ਸੰਘਰਸ਼ਾਂ ਦਾ ਬਿਰਤਾਂਤ ਵੀ ਪੁਸਤਕ ਵਿਚ ਮਿਲਦਾ ਹੈ। ਚੰਡੀਗੜ੍ਹ ਡੈਪੂਟੇਸ਼ਨ 'ਤੇ ਕੰਮ ਕਰਦਿਆਂ ਅਧਿਕਾਰੀਆਂ ਦੇ ਵਿਹਾਰ ਅਤੇ ਕਾਰਜਸ਼ੈਲੀ ਦਾ ਬੇਬਾਕੀ ਨਾਲ ਵੇਰਵਾ ਦਿੱਤਾ ਗਿਆ ਹੈ। ਸਾਰੇ ਬਿਰਤਾਂਤ ਵਿਚੋਂ ਲੇਖਿਕਾ ਦੀ ਪ੍ਰਤੀਬੱਧਤਾ ਅਤੇ ਲਗਨ ਨਾਲ ਕੰਮ ਕਰਨ ਦੀ ਰੁਚੀ ਬਾਰੇ ਪਤਾ ਲੱਗਦਾ ਹੈ। ਉਹ ਕਿਸੇ ਅੱਗੇ ਗੋਡੇ ਨਹੀਂ ਟੇਕਦੀ ਅਤੇ ਹਰ ਵਧੀਕੀ ਦੇ ਕਾਰਨਾਂ ਦੇ ਜਵਾਬ ਤਲਾਸ਼ਦੀ ਹੈ। ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਤਕ ਦੇ ਕਾਫ਼ੀ ਬਿਰਤਾਂਤ ਹਨ ਜੋ ਪਾਠਕ ਨੂੰ ਸਾਡੇ ਸਿੱਖਿਆ-ਤੰਤਰ ਦੇ ਜਾਲ ਦੇ ਰੂਬਰੂ ਕਰਵਾ ਜਾਂਦੇ ਹਨ।

ਸੋਮਾ ਸਬਲੋਕ ਦੀ ਇਹ ਲਿਖਤ ਸੱਚਮੁੱਚ ਹਨੇਰੇ ਨੂੰ ਨਿਰਵਸਤਰ ਕਰ ਕੇ ਰੱਖ ਦਿੰਦੀ ਹੈ। ਸਵੈਜੀਵਨੀ ਦੀ ਵਿਧਾ ਅਨੁਸਾਰ ਅਤੇ ਆਪਣੇ ਸਿਰਲੇਖ ਦੇ ਅਨੁਕੂਲ ਇਹ ਪੁਸਤਕ ਸੱਚਮੁੱਚ ਨੰਗੇ ਸੱਚ ਦੇ ਰੂਬਰੂ ਕਰਦੀ ਹੈ। ਔਰਤ ਨੇ ਆਪਣੇ ਹੱਕਾਂ ਦੀ ਲੜਾਈ ਕਿਵੇਂ ਲੜਨੀ ਹੈ, ਸਮਾਜਕ ਭੇਦਭਾਵ ਵਿਰੁੱਧ ਕਿਵੇਂ ਜੂਝਣਾ ਹੈ, ਪੁਸਤਕ ਪੜ੍ਹ ਕੇ ਇਸ ਸੰਬੰਧ ਵਿਚ ਪ੍ਰੇਰਨਾ, ਚੇਤਨਾ ਤੇ ਹਲਾਸ਼ੇਰੀ ਮਿਲਦੀ ਹੈ।

**-ਪੁਸ਼ਵਿੰਦਰ ਕੌਰ**

## ਜਾਗ ਪੰਜਾਬ ਤੂੰ ਜਾਗ (ਕਾਵਿ ਸੰਗ੍ਰਹਿ) ਕੁਲਵੰਤ ਸਿੰਘ ਔਜਲਾ

ਕੁਲਵੰਤ ਸਿੰਘ ਔਜਲਾ ਦੀ ਕਾਵਿ ਕਿਤਾਬ 'ਜਾਗ ਪੰਜਾਬ ਤੂੰ ਜਾਗ' (ਪੰਨੇ 160, ਮੁੱਲ 300 ਰੁਪਏ, ਸਾਂਝ ਪ੍ਰਕਾਸ਼ਨ, ਜਲੰਧਰ) ਬਹੁ ਪਰਤੀ ਹੈ। ਇਸ ਕਿਤਾਬ ਵਿਚਲੀਆਂ ਕਵਿਤਾਵਾਂ ਵਿਸ਼ਿਆਂ ਦੀ ਵਿਲੱਖਣਤਾ ਅਤੇ ਨਵੇਕਲੇਪਣ ਕਾਰਨ ਧਿਆਨ ਮੰਗਦੀਆਂ ਹਨ। ਪੰਜਾਬ ਦੇ ਇਤਿਹਾਸ ਨੂੰ ਸਾਹਮਣੇ ਰੱਖ ਕੇ ਇਸ ਦੇ ਭਵਿੱਖ ਨਾਲ ਸੰਬਾਦ ਰਚਾਉਣਾ ਕਵੀ ਦਾ ਮੁੱਖ ਆਸ਼ਾ ਹੈ। ਇਹ ਅਜਿਹਾ ਪਕੇਰਾ ਅਹਿਸਾਸ ਹੈ ਜਿਹੜਾ ਸਮਕਾਲ ਅੰਦਰ ਕਿਰਦਾ ਜਾ ਰਿਹਾ ਹੈ। ਅਜਿਹਾ ਹੋਣ ਦੀ ਸੂਰਤ ਵਿਚ ਕੌਮ ਕਿਸੇ ਸੇਧਤ ਭਵਿੱਖ ਵੱਲ ਵਧਣ ਦੀ ਬਜਾਏ ਕਿਸੇ ਅੰਧਕਾਰ ਯੁੱਗ ਵੱਲ ਵਧ ਜਾਂਦੀ ਹੈ ਤੇ ਇਸ ਲਈ ਇਸ ਸਮੇਂ ਲੋਕਾਈ ਨੂੰ ਜਿਸ ਦਿਸ਼ਾ ਸੂਚਕ ਦੀ ਜ਼ਰੂਰਤ ਹੁੰਦੀ ਹੈ, ਉਸਦੀ ਨਿਸ਼ਾਨਦੇਹੀ ਇਹ ਕਵਿਤਾਵਾਂ ਕਰਦੀਆਂ ਹਨ। ਇਹਨਾਂ ਕਵਿਤਾਵਾਂ ਵਿਚ ਲੋਹੜੇ ਦਾ ਜਜ਼ਬਾ ਹੈ, ਵੇਗ ਹੈ, ਵਹਾਅ ਹੈ, ਰਵਾਨੀ ਹੈ ਤੇ ਵਿਸ਼ੇ ਦਾ ਜ਼ੋਰ ਹੈ। ਇਕ ਕਵਿਤਾ ਦਾ ਨਮੂਨਾ ਦੇਖੋ:

*ਵੰਡ ਵੰਡਾ ਕੇ ਢਾਈ ਰਹਿ ਗਏ*
*ਦੁਸ਼ਮਣਾਂ ਵਰਗੇ ਭਾਈ ਰਹਿ ਗਏ*
*ਨਿਆਂ ਕਰਨ ਕਸਾਈ ਬਹਿ ਗਏ*
*ਸੱਤ ਦਾ ਸਲਵਾਨ ਚੂਸ ਗਿਆ*
*ਸੁਰ ਸਾਂਝਾ ਦਾ ਬਾਗ਼*
*ਜਾਗ ਪੰਜਾਬ ਤੂੰ ਜਾਗ...*

ਇਹ ਕੋਈ ਸਾਧਾਰਨ ਆਵਾਜ਼ ਨਹੀਂ ਹੈ ਤੇ ਨਾ ਇਸ ਵਿਚ ਬੀਤੇ ਵਿਚ ਹੋਏ ਵਾਪਰੇ ਦਾ ਰੁਦਨ ਹੈ। ਇਹ ਇਕ ਜਾਗਦੇ ਜੀਵ ਦੀ ਬਾਕੀ ਸੁੱਤਿਆਂ ਨੂੰ ਮਾਰੀ ਹਾਕ ਹੈ। ਇਕ ਅਜਿਹੀ ਹਾਕ ਜਿਸਦੀ ਇਹਨਾਂ ਵਕਤਾਂ ਵਿਚ ਉਹ ਜ਼ਰੂਰਤ ਆਣ ਪਹੁੰਚੀ ਹੈ ਜਿਹੜੀ ਪੰਜਾਬ ਦੇ ਇਤਿਹਾਸ ਵਿਚ ਪਹਿਲੋਂ ਵੀ ਕਈ ਵਾਰ ਉਪਜੀ ਹੈ। ਇਹ ਵੀ ਪੰਜਾਬ ਦੀ ਖ਼ਸਲਤ ਹੈ ਕਿ ਜਦੋਂ ਵੀ ਅਜਿਹੀ ਜ਼ਰੂਰਤ ਦਾ ਭਾਸ ਹੋਇਆ ਹੈ ਤਾਂ ਕਿਸੇ ਨੇ ਇਹ ਸੱਦ ਜ਼ਰੂਰ ਲਗਾਈ ਹੈ ਅਤੇ ਜਵਾਬ ਵਿਚ ਪੂਰੀ ਖ਼ਲਕਤ ਉੱਠ ਖਲੋਤੀ ਹੈ। ਸਮਕਾਲੀ ਸਮਿਆਂ ਵਿਚ ਜਦ ਚੌਤਰਫ਼ੀ ਹੱਲੇ ਹੋ ਰਹੇ ਨੇ, ਸੱਭਿਅਤਾ, ਸੱਭਿਆਚਾਰ, ਅਰਥਚਾਰਾ, ਭਾਈਚਾਰਾ ਆਦਿ ਸਭ ਕਿਸੇ ਨਵੇਂ ਮੋੜ 'ਤੇ ਆਣ ਖਲੋਇਆ ਹੈ, ਅਜਿਹੇ ਸਮੇਂ ਵਿਚ ਦਿਸਦੇ ਰਾਹਾਂ ਵਿਚੋਂ ਬਹੁਤ ਅਣਦਿਸਦੀਆਂ ਮੰਜ਼ਿਲਾਂ ਵੱਲ ਜਾਣ ਵਾਲੇ ਹਨ, ਜਿਸ ਕਾਰਨ ਇਹਨਾਂ ਘੁੱਪ ਹਨੇਰੇ ਰਾਹਾਂ ਵਿਚ ਆਸਾਂ ਦਾ ਦੀਵਾ ਬਾਲ ਕੇ ਚੱਲਣਾ ਤੇ ਅਗਵਾਈ ਕਰਨਾ ਕੁਲਵੰਤ ਔਜਲਾ ਜਿਹੇ ਕਵੀਆਂ ਦੇ ਹਿੱਸੇ ਹੀ ਆਉਣਾ ਹੁੰਦਾ ਹੈ। ਅੱਖਰਾਂ ਦੀ ਲੋਅ ਵਿਚ ਚੱਲਣਾ ਵੈਸੇ ਵੀ ਸੁਖਾਂਤ ਜਿਹਾ ਅਹਿਸਾਸ ਲੈ ਕੇ ਆਉਂਦਾ ਹੈ। ਰੌਸ਼ਨ ਰਾਹਾਂ ਦੇ ਪਾਂਧੀ ਇਕ ਨਾ ਇਕ ਦਿਨ ਆਪਣੀਆਂ ਮੰਜ਼ਿਲਾਂ 'ਤੇ ਜ਼ਰੂਰ ਪਹੁੰਚਦੇ ਹਨ। ਇਸ ਲਈ ਲੋੜ ਬੱਸ ਰਾਹਾਂ ਨੂੰ ਰੁਸ਼ਨਾਉਣ ਲਈ ਗਿਆਨ ਦੇ ਦੀਵੇ ਬਾਲਣ ਦੀ ਹੁੰਦੀ ਹੈ।

ਇਹ ਕਵਿਤਾਵਾਂ ਨਿਰਾ ਨਾਹਰਾ ਨਹੀਂ ਹਨ। ਬਲਕਿ ਕਸ਼ੀਦਿਆ ਗਿਆ ਉਹ ਜੀਵਨ ਸੱਚ ਹਨ ਜਿਹੜਾ ਉਸ ਪ੍ਰੌੜ੍ਹ ਉਮਰ ਵਿਚ ਆਉਂਦਾ ਹੈ ਜਦੋਂ ਆਪਣੀਆਂ ਅੱਖਾਂ ਸਾਹਵੇਂ ਇਤਿਹਾਸ ਬਣਦੇ ਵਰਤਾਰਿਆਂ, ਘਟ ਰਹੇ ਇਤਿਹਾਸ ਅਤੇ ਇਸਦੀਆਂ ਪਰਤਾਂ ਵਿਚੋਂ ਲੰਘਣ ਦਾ ਵਾਕਿਆ ਹੋ ਗੁਜ਼ਰਿਆ ਹੋਵੇ। ਔਜਲਾ ਦੀਆਂ 'ਪਿੰਡ ਬਾਰੇ ਕਵਿਤਾਵਾਂ' ਬੀਤੇ ਦਾ ਮੋਹ ਨਹੀਂ ਹੈ। ਬਲਕਿ ਪਿਛਾਂਹ ਰਹਿ ਗਏ ਗੋਸ਼ਟਿ ਗਿਆਨ ਦਾ ਫਿਕਰ ਹੈ। ਇਹ ਤਾਂ ਧਰਤੀ ਨਾਲੋਂ ਟੁੱਟ ਗਏ ਧਰਤੀ ਪੁੱਤਰ ਦੀ ਵੇਦਨਾ ਹੈ:

*ਪੁੱਤਾਂ ਵਰਗੇ ਖੇਤਾਂ ਵਿਚ ਖ਼ੁਦਕੁਸ਼ੀਆਂ ਉਗਾ ਕੇ*
*ਕੀ ਖੱਟਿਆ ਪਿੰਡ ਨੂੰ ਵਿਸ਼ਵ ਪਿੰਡ ਬਣਾ ਕੇ*

*ਪੇਂਡੂ ਜਿਹੇ ਬੰਦਿਆਂ ਦੀ ਪਿੰਡਾਂ ਵਾਲ਼ੀ ਸ਼ਾਹੂਕਾਰੀ*
*ਭੋਰਾ ਭਰ ਇਲਮ ਨਹੀਂ ਸੀ ਕਾਰਪੋਰੇਟ ਕੁਬੇਰ ਦਾ*
*ਸਾਂਝਾ ਚੁੱਲ੍ਹਾ, ਸਾਂਝੀ ਖੇਤੀ, ਸਾਂਝਾ ਸਾਰਾ ਲੈਣ ਦੇਣ*
*ਘਰਾਂ ਚ ਰਿਵਾਜ ਨਹੀਂ ਸੀ ਤੇਰ ਅਤੇ ਮੇਰ ਦਾ*

ਇਹ ਕਾਵਿ ਬੰਦ ਤਾਂ ਇਕ ਨਮੂਨਾ ਹੈ। ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਵਾਰ ਵਾਰ ਇਹਨਾਂ ਅਹਿਸਾਸਾਂ ਨੂੰ ਦੁਹਰਾਉਂਦੀਆਂ ਹਨ। ਖਾਸ ਗੱਲ ਇਹ ਹੈ ਕਿ ਬਹੁਤ ਖਾਸ ਵਿਸ਼ਾ ਰੱਖਦੀਆਂ ਇਹ ਕਵਿਤਾਵਾਂ ਆਪਣੀ ਸਾਧਾਰਨਤਾ ਨਹੀਂ ਗਵਾਉਂਦੀਆਂ। ਲੋਕ ਮੁਹਵਰੇ ਵਿਚ ਢਲੀਆਂ ਹੋਣ ਕਰਕੇ ਇਹ ਕਵਿਤਾਵਾਂ ਆਮ-ਜਨਸਾਧਾਰਨ ਮਾਨਸ ਤੀਕ ਵੀ ਆਪਣੀ ਰਸਾਈ ਰੱਖਣ ਵਾਲੀਆਂ ਹਨ।

ਨਾਨਕ ਬਾਬੇ ਨਾਲ਼ ਸੰਵਾਦ ਕਰਦੀਆਂ ਕਵਿਤਾਵਾਂ, ਭਲੇ ਦਿਨਾਂ ਦੀ ਆਸ ਵਰਗੀਆਂ ਕਵਿਤਾਵਾਂ, ਅੱਖਰਵੰਤ ਕਵਿਤਾਵਾਂ, ਕਿਸਾਨੀ ਸੰਘਰਸ਼ ਨੂੰ ਮੁਖਾਤਿਬ ਕਵਿਤਾਵਾਂ, ਕਰੋਨਾ ਕਵਿਤਾਵਾਂ, ਤਬਸਰਾ ਏ ਵਕਤ ਆਦਿ ਸਿਰਲੇਖਾਂ ਅਧੀਨ ਲਿਖੀਆਂ ਇਹ ਕਵਿਤਾਵਾਂ ਜਿੱਥੇ ਆਪਣੇ ਸਿਰਲੇਖ ਅਨੁਸਾਰ ਵਿਸ਼ੇ ਵਾਲੀਆਂ ਹੀ ਹਨ, ਓਥੇ ਹੀ ਇਹ ਤਤਕਾਲੀ ਸਮਾਜਕ ਹਾਲਤਾਂ ਨਾਲ਼ ਸੰਵਾਦ ਰਚਾਉਂਦੀਆਂ ਹਨ। ਜਿੱਥੇ ਇਹ ਵਾਪਰ ਰਹੇ ਵਰਤਾਰਿਆਂ ਬਾਰੇ ਚਿੰਤਾਗ੍ਰਸਤ ਨਜ਼ਰ ਆਉਂਦੀਆਂ ਹਨ ਓਥੇ ਹੀ ਇਹਨਾਂ ਕਵਿਤਾਵਾਂ ਵਿਚ ਇਹਨਾਂ ਵਰਤਾਰਿਆਂ ਪਿਛਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦੀ ਤਾਕਤ ਵੀ ਹੈ।

*ਸਾਡੇ ਹੀ ਸਮਿਆਂ ਵਿਚ ਹੋਣਾ ਸੀ ਇੰਝ ਵੀ ਅਖ਼ੀਰ ਨੂੰ*
*ਕਿ ਨੀਹਾਂ ਨੇ ਭੁੱਲ ਜਾਣਾ ਸੀ ਸਾਈਂ ਮੀਆਂ ਮੀਰ ਨੂੰ*
*ਕਦੇ ਪੰਜਾਬ ਨੂੰ ਕਦੇ ਗੁਜਰਾਤ ਨੂੰ ਕਦੇ ਕਸ਼ਮੀਰ ਨੂੰ*
*ਹਿੰਸਾ ਦੀ ਅੱਗ ਲੂਹ ਦੇਵੇ ਅੱਖਾਂ ਦੇ ਨਿਰਮਲ ਨੀਰ ਨੂੰ*

ਪੰਜਾਬੀ ਕਵਿਤਾ ਦਾ ਇਤਿਹਾਸ ਰਿਹਾ ਹੈ ਕਿ ਵੱਖੋ ਵੱਖਰੇ ਸਮਿਆਂ ਅੰਦਰ ਕਵਿਤਾ ਦੀਆਂ ਵੱਖ ਵੱਖ ਕਾਵਿ ਧਾਰਾਵਾਂ ਚੱਲਦੀਆਂ ਰਹੀਆਂ ਹਨ। ਇਹਨਾਂ ਕਾਵਿ ਧਾਰਾਵਾਂ ਅੰਦਰ ਵੱਖੋ ਵੱਖਰੇ ਵਿਚਾਰਧਾਰਕ ਆਧਾਰ ਕਵਿਤਾ ਰਾਹੀਂ ਆਪਣੀ ਸਪੇਸ ਮੱਲਦੇ ਰਹੇ ਹਨ। ਪਰ ਸਮਕਾਲ ਅੰਦਰ, ਤੇ ਜੇਕਰ ਮੈਂ ਏਥੇ ਹੋਰ ਤਿੱਖੇ ਰੂਪ ਵਿਚ ਕਹਿਣਾ ਹੋਵੇ ਤਾਂ ਤਤਕਾਲੀ ਸਮਿਆਂ ਅੰਦਰ, ਪੰਜਾਬੀ ਕਵਿਤਾ ਦੇ ਖੇਤਰ ਵਿਚ ਕੋਈ ਵੀ ਨਵਾਂ ਜ਼ਿਕਰਯੋਗ ਨਾਮ ਨਜ਼ਰ ਨਹੀਂ ਆ ਰਿਹਾ। ਜਿਹੜੀ ਕਵਿਤਾ ਇਹਨਾਂ ਸਮਿਆਂ ਵਿਚ ਲਿਖੀ ਜਾ ਰਹੀ ਹੈ ਉਹ ਇਕੋ ਚਰਚਿਤ ਰਹੀ ਕਿਤਾਬ ਦਾ ਦੁਹਰਾਅ ਮਾਤਰ ਜਾਂ ਉਸ ਜਿਹਾ ਦਿਖਣ ਦੀ ਨਾਕਾਮ ਕੋਸ਼ਿਸ਼ ਹੈ। ਜਿਸ ਬਾਜ਼ਾਰ ਦੇ ਖਿਲਾਫ ਪੰਜਾਬ ਦਿੱਲੀ ਦੀਆਂ ਹੱਦਾਂ 'ਤੇ ਬਹਿ ਕੇ ਆਇਆ ਹੈ ਉਸੇ ਬਜ਼ਾਰ ਵਿਚ ਖਪਣ ਵਾਲੀ ਕਵਿਤਾ ਦੀ ਢੇਰੀ ਤਤਕਾਲੀ ਕਵੀਆਂ ਨੇ ਲਗਾਈ ਹੋਈ ਹੈ। ਅਜਿਹੇ ਵਿਚ ਕਿਧਰੇ ਕਿਧਰੇ ਤਾਂ ਪੰਜਾਬੀ ਦੇ ਪੁਰਾਣੇ ਕਵੀ ਵੀ ਟਪਲਾ ਖਾਂਦੇ ਨਜ਼ਰ ਆਉਂਦੇ ਹਨ ਜਾਂ ਪਿਛਲੇ ਦੋ ਤਿੰਨ ਸਾਲਾਂ ਵਿਚ ਨਜ਼ਰ ਆਏ ਹਨ। ਚੰਗੀ ਤੇ ਗੰਭੀਰ ਕਵਿਤਾ ਜਿਸ ਵਿਚ ਚਿੰਤਨ ਦਾ ਰਸ ਹੋਵੇ, ਉਹ ਕਿਧਰੇ ਨਹੀਂ ਦਿਖਦੀ। ਸਿਰਫ਼ ਦਿਸਦੇ ਦੀ ਦ੍ਰਿਸ਼ਕਾਰੀ ਹੈ।

ਕੁਲਵੰਤ ਔਜਲਾ ਦਾ ਕਾਵਿ ਸੰਗ੍ਰਹਿ ਕੁਝ ਵੱਖਰੀ ਕਿਸਮ ਦਾ ਹੈ। ਭਾਵੇਂ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਵੀ ਵਿਚਾਰਧਾਰਕ ਸੇਧ ਦੀ ਘਾਟ ਰੜਕਦੀ ਹੈ ਪਰ ਸੂਝਵਾਨ ਪਾਠਕ ਇਸਨੂੰ ਤਲਾਸ਼ ਸਕਦਾ ਹੈ। ਤਤਕਾਲ ਅੰਦਰ ਇਸ ਤਰ੍ਹਾਂ ਦੀ ਕਵਿਤਾ ਦਾ ਸਵਾਗਤ ਕਰਨਾ ਬਣਦਾ ਹੈ ਤਾਂ ਕਿ ਨਵੇਂ ਕਵੀ (ਖੁਦ ਨੂੰ ਕਵੀ ਕਹਾਉਣ ਵਾਲੇ) ਇਹਨਾਂ ਕਵਿਤਾਵਾਂ ਤੋਂ ਕੋਈ ਸੇਧ ਲੈ ਸਕਣ।

**-ਹਰਵਿੰਦਰ ਸਿੰਘ**

## ਪੰਖੀ (ਕਾਵਿ ਸੰਗ੍ਰਹਿ) ਪਰਮਵੀਰ ਸਿੰਘ

ਸਾਲ 2006 ਵਿਚ ਪ੍ਰਕਾਸ਼ਤ ਹੋਏ ਆਪਣੇ ਪਹਿਲੇ ਕਾਵਿ ਸੰਗ੍ਰਹਿ ਨਾਲ ਹੀ ਪਰਮਵੀਰ ਸਿੰਘ ਨੇ ਭਰਵਾਂ ਸੰਕੇਤ ਦਿੱਤਾ ਸੀ ਕਿ ਪੰਜਾਬੀ ਸਾਹਿਤ ਸਿਰਜਣਾ ਦੇ ਜਗਤ ਵਿਚ ਪ੍ਰਵੇਸ਼ ਪਾਉਣ ਵਾਲਾ ਇਹ ਨੌਜਵਾਨ ਅਸਾਧਾਰਨ ਕਾਵਿ ਪ੍ਰਤਿਭਾ ਨਾਲ ਵਰੋਸਾਇਆ ਹੋਇਆ ਹੈ। ਅਕਵਿਤਾ ਦੇ ਦੌਰ ਵਿਚ ਭਾਵ-ਭਿੰਨੀ ਸੱਚਮੁੱਚ ਦੀ ਕਵਿਤਾ ਲਿਖਣ 'ਤੇ ਸਾਡੇ ਸਮਿਆਂ ਦੇ ਵੱਡੇ ਸ਼ਾਇਰ ਸੁਰਜੀਤ ਪਾਤਰ ਨੇ ਉਦੋਂ ਹੀ ਪਰਮਵੀਰ ਦੀ ਰਚਨਾਤਮਕਤਾ ਦੇ ਪਿੜ ਵਿਚ ਆਮਦ ਦਾ ਭਰਪੂਰ ਸਵਾਗਤ ਕੀਤਾ ਸੀ। ਚਾਰ ਵਰ੍ਹਿਆਂ ਮਗਰੋਂ 2010 ਵਿਚ ਛਪੇ ਉਸਦੇ ਦੂਜੇ ਕਾਵਿ ਸੰਗ੍ਰਹਿ 'ਅੰਮ੍ਰਿਤ ਵੇਲ਼ਾ' ਉੱਤੇ ਜਦੋਂ ਉਸਨੂੰ ਭਾਰਤੀ ਸਾਹਿਤ ਅਕਾਦਮੀ ਦਾ 'ਸ੍ਰੇਸ਼ਟ ਯੁਵਾ ਕਵੀ' ਪੁਰਸਕਾਰ ਮਿਲਿਆ ਤਾਂ ਉਸਦੀ ਪ੍ਰਤਿਭਾ ਜਿਵੇਂ ਇਕ ਤਰ੍ਹਾਂ ਨਾਲ ਪ੍ਰਮਾਣਤ ਹੋ ਗਈ। ਗਿਆਰਾਂ ਸਾਲ ਦੇ ਵਕਫੇ ਮਗਰੋਂ 2021 ਵਿਚ ਸਾਹਮਣੇ ਆਇਆ ਉਸਦਾ ਤੀਜਾ ਕਾਵਿ ਸੰਗ੍ਰਹਿ 'ਪੰਖੀ' (ਪੰਨੇ 135, ਮੁੱਲ 300 ਰੁਪਏ, ਸਿੰਘ ਬ੍ਰਦਰਜ਼, ਅੰਮ੍ਰਿਤਸਰ) ਇਹ ਸਾਬਤ ਕਰਦਾ ਹੈ ਕਿ ਪਰਮਵੀਰ ਸਿੰਘ ਦੀ ਸਿਰਜਣਾਤਮਕਤਾ ਦੀ ਰਫਤਾਰ ਤਾਂ ਭਾਵੇਂ ਮੱਧਮ ਹੈ ਪਰ ਉਸਦੀ ਕਲਾਤਮਕਤਾ ਵਿਚ ਕਿਧਰੇ ਕੋਈ ਕਮੀ ਨਹੀਂ ਵਿਆਪੀ।

ਪੁਸਤਕ ਦਾ ਨਾਮਕਰਨ 'ਪੰਖੀ' ਅਤੇ ਇਸਦੀ ਪਹਿਲੀ ਕਵਿਤਾ 'ਪੰਛੀਉ' ਸੂਚਨਾ ਦਿੰਦੀ ਹੈ ਕਿ ਪਰਮਵੀਰ ਪ੍ਰਕ੍ਰਿਤੀ ਦੇ ਸਹਿਜ ਤੇ ਸੁਹਜ ਤੋਂ ਪ੍ਰਭਾਵਤ ਵੀ ਹੈ ਤੇ ਉਸ ਵੱਲ ਆਕਰਸ਼ਤ ਵੀ। ਪੁਸਤਕ ਵਿਚਲੀਆਂ ਕਿੰਨੀਆਂ ਸਾਰੀਆਂ ਕਵਿਤਾਵਾਂ ਵਿਚ ਉਹ ਨਦੀਆਂ. ਮੈਦਾਨਾਂ, ਪਹਾੜਾਂ, ਝਰਨਿਆਂ, ਖੇਤਾਂ ਦੀ ਮਿੱਟੀ ਤੇ ਫਸਲਾਂ ਦੇ ਪ੍ਰਤੱਖ ਦ੍ਰਿਸ਼ਾਂ ਦੀ ਪੇਸ਼ਕਾਰੀ ਦੇ ਨਾਲ ਛੋਹ ਕੇ ਲੰਘਦੀ ਪਉਣ ਅਤੇ ਫੁੱਲਾਂ ਦੀ ਸੁਗੰਧੀ ਦਾ ਅਹਿਸਾਸ ਕਰਾਉਂਦਾ ਹੈ। ਚਿੜੀਆਂ ਦੀ ਚੋਗ ਨਿਹਾਰਦਾ ਅਤੇ ਕੂੰਜਾਂ ਦੀ ਆਮਦ ਤੇ ਵਿਦਾਇਗੀ ਦੀ ਬਹੁਤ ਖ਼ੂਬਸੂਰਤ ਬਾਤ ਪਾਉਂਦਾ ਹੈ। ਪ੍ਰਕ੍ਰਿਤੀ ਨਾਲ ਇਕਮਿਕਤਾ ਵਿਚੋਂ ਹੀ ਉਸਦੀ ਕਵਿਤਾ ਜਨਮ ਲੈਂਦੀ ਹੈ ਅਤੇ ਉਹ ਆਖ ਉਠਦਾ ਹੈ:

*ਦਰਿਆ ਕਿਸੇ ਨੂੰ ਮੱਛੀ/ ਕਿਸੇ ਨੂੰ ਰਾਹ ਦਿੰਦਾ ਹੈ*
*ਲਹਿਰਾਂ ਮੇਰੀ ਬੋਲੀ ਜਾਣਦੀਆਂ*
*ਮਲਕੜੇ ਜੇ/ ਮੇਰੇ ਕੋਲ ਕਵਿਤਾ ਰੱਖ ਜਾਂਦੀਆਂ*

ਪ੍ਰਕ੍ਰਿਤੀ ਦੇ ਇਸ ਤਰ੍ਹਾਂ ਦੇ ਜ਼ਿਕਰ ਨਾਲ ਉਸਦੀ ਰਚਨਾ ਵੀ ਲੋਕ ਕਾਵਿ ਵਰਗਾ ਰੂਪ ਧਾਰਨ ਕਰਦੀ ਹੋਈ ਸਹਿਜ ਰਵਾਨੀ ਤੇ ਸੰਗੀਤਕਤਾ ਨਾਲ ਭਰ ਜਾਂਦੀ ਹੈ:

*ਆਈਆਂ ਨੀ ਆਈਆਂ, ਸਾਡੇ ਬਾਗੇ ਨੂੰ ਕੂੰਜਾਂ...*
*ਆਈਆਂ ਨੀ ਆਈਆਂ ਸਾਡੇ ਵਿਹੜੇ 'ਚ ਰੋ ਕੇ*
*ਤੁਰੀਆਂ ਨੀ ਭਲੀਆਂ ਪਰਦੇਸਣਾਂ ਹੋ ਕੇ*

ਪਿਆਰ ਦੇ ਜਜ਼ਬੇ ਵਿਚੋਂ ਵੀ ਉਹ ਸ਼ਿੱਦਤ ਨਾਲ ਗੁਜ਼ਰਦਾ ਹੈ ਅਤੇ ਇਸ ਵਿਚ ਭਿੱਜਿਆ ਹੋਇਆ ਪੂਰੀ ਤਰ੍ਹਾਂ ਗੁਆਚ ਜਾਣਾ ਲੋੜਦਾ ਹੈ:

*ਚੱਲ ਆ ਕਲੀਆਂ ਚੁਗੀਏ*
*ਪਿਆਰ 'ਚ ਗੁਆਚੀਏ ਦੋਵੇਂ*

ਅਤੇ

*ਪੰਛੀ ਦੇ ਪੌਂਚੇ ਨਾਲ ਝੜੀ ਕਲੀ ਜਾਣਦੀ ਹੈ*
*ਪਿਆਰੇ ਲਈ ਝੜਨਾ, ਖਿੜਨਾ ਹੀ ਹੁੰਦਾ ਹੈ*

ਦੋ ਕਲਬੂਤ ਤੇ ਇਕ ਰੂਹ ਵਾਲੇ ਅਜਿਹੇ ਜੋੜਿਆਂ ਦੇ ਜ਼ਿਕਰ ਸਮੇਂ ਕਵਿਤਾ ਦੀ ਇਹ ਰਵਾਨੀ ਤੇ ਸੰਗੀਤਕਤਾ ਹੋਰ ਵੀ ਤੀਖਣ ਹੁੰਦੀ ਜਾਪਦੀ ਹੈ:

*ਜੋੜਾ ਹੋਣ ਦੇ ਕੀ ਮਾਅਨੇ ਨੇ...*
*ਇਕ ਦੂਜੇ ਦੇ ਸਾਹੀਂ ਜੀਣਾ*
*ਇਕ ਦੂਜੇ ਦੇ ਰਾਹੀਂ ਜੀਣਾ*
*ਮਹਿਕਾਂ ਟੋਂਹਦੇ ਮਹਿਕ ਕਮਾਉਣੀ*
*ਆਪਣੇ ਜਿਹੀ ਕੋਈ ਮਹਿਕ ਲਿਆਉਣੀ*
*ਬਿਰਛ ਕੁਟੀਆ ਮਹਿਲ ਮੁਨਾਰੇ/ ਜਿੱਥੇ ਵੀ ਨੇ ਯਾਰ ਪਿਆਰੇ*
*ਰੱਤੀ ਫਰਕ ਨਾ ਰੇਸ਼ਮ ਜ਼ਰੀਆਂ/ ਜਾਂ ਨੇ ਫਾਕੇ ਸੱਥਰ ਢਾਰੇ*
*ਮੂਲ਼ੋਂ ਆਪਣੀ ਹੋਂਦ ਭੁਲਾਉਣਾ/ ਜਿਉਂ ਭੁਲਾਉਣਾ ਲੇਖੇ ਲਾਉਣਾ*

ਪ੍ਰਕ੍ਰਿਤੀ ਦੀ ਸਹਿਜਤਾ ਤੇ ਸੁੰਦਰਤਾ ਨੂੰ ਉਹ ਮਾਣਦਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਦੇ ਵਰਤਾਰੇ ਵਿਚ ਵੀ ਉਹ ਇਸੇ ਤਰ੍ਹਾਂ ਦੀ ਸਹਿਜ ਤੋਰ ਨੂੰ ਪ੍ਰਵਾਨਗੀ ਦੀ ਭਾਵਨਾ ਨਾਲ ਨਿਹਾਰਦਾ ਹੈ। ਇਸ ਲਈ ਜੀਵਨ ਵਿਚ ਵਾਪਰਦੀਆਂ ਬਹੁਤ ਆਮ ਜਿਹੀਆਂ ਗੱਲਾਂ ਉਸਦੀ ਰਚਨਾ ਦੀ ਵਸਤ ਬਣਦੀਆਂ ਹਨ। ਜਿਵੇਂ ਬੱਚੇ ਦੇ ਪਹਿਲੀ ਦੰਦੀ ਕੱਢਣ 'ਤੇ ਮਾਂ ਦੀ ਖੁਸ਼ੀ ਦਾ ਪ੍ਰਗਟਾਅ, ਰੋਂਦੇ ਹੋਏ ਬੱਚੇ ਵਿਚੋਂ ਰੱਬ ਦੇ ਰੋਣ ਦਾ ਅਹਿਸਾਸ, ਭੈਣ ਨਾਨਕੀ ਵਰਗੀ ਖੀਵੀ ਦੀ ਰੂਹ ਵਾਲੀ ਬੀਬੀ ਦਾ ਵਰਨਣ ਜੋ ਸਿਰਫ ਘਰ ਦੇ ਜੀਆਂ ਲਈ ਹੀ ਨਹੀਂ, ਫੁਲਕੇ ਲਾਹੁੰਦਿਆਂ ਕਾਮੇ,ਭਾਈ, ਫਕੀਰ ਤੇ ਪੰਛੀਆਂ ਤਕ ਦਾ ਧਿਆਨ ਰੱਖਦੀ ਹੈ, ਤਪਦੀਆਂ ਸਿਖਰ ਦੁਪਹਿਰਾਂ ਵਿਚ ਕੁਲਫੀ ਵਾਲੇ ਦੀ ਆਵਾਜ਼ ਸੁਣਕੇ ਪੈਰੋਂ ਸਿਰੋਂ ਨੰਗੇ ਗਲੀ ਵਿਚੋਂ ਦੌੜਦੇ ਬੱਚੇ ਦਾ ਚਿਤਰਨ ਜੋ ਮਗਰੋਂ ਕਿੰਨੇ ਹੀ ਦਿਨ ਖਾਧੀ ਕੁਲਫੀ ਦੇ ਡੱਕੇ ਨੂੰ ਝੰਡੇ ਵਾਂਗ ਸਾਂਭੀ ਰੱਖਦਾ ਹੈ। ਇੰਞ ਹੀ ਕਿਤੇ 'ਸਮਾਗਮ ਵਿਚ ਸੈਂਟਾ ਕਲਾਜ਼ ਬਣਕੇ ਮੁੜੇ ਆਪਣੀ ਅਸਲ ਦੁਨੀਆਂ ਵਿਚ ਖੁਦ ਆਪਣੇ ਲਈ ਤੁਹਫੇ ਟੌਫੀਆਂ ਦੀ ਉਡੀਕ ਕਰਦੇ ਬੱਚੇ ਦਾ ਜ਼ਿਕਰ ਹੈ ਅਤੇ ਕਿਤੇ ਕੁੱਖ ਵਿਚ ਬੀਜ ਦਾ ਪ੍ਰਕਾਸ਼ ਲਈ ਖੁਸ਼ਬੋਏ ਘਰ ਵਿਚ ਕਿਸੇ ਮੁਬਾਰਕ ਦਸਤਕ ਦੀ ਉਡੀਕ ਵਿਚ ਨਿਰੀ ਸ਼ੁਧ ਆਤਮਾ 'ਗਰਭਵਤੀ' ਨਜ਼ਰ ਆਉਂਦੀ ਹੈ। ਦਾੜ੍ਹੀ ਵਿਚ ਪਹਿਲੀ ਵਾਰ ਧੌਲ਼ੇ ਨਜ਼ਰ ਆਉਣਾ ਵੀ ਨਵੇਕਲੀ ਭਾਂਤ ਦੇ ਅਹਿਸਾਸ ਨੂੰ ਪ੍ਰਗਟਾਉਣ ਵਾਲੀ ਕਵਿਤਾ ਦਾ ਵਸਤੂ ਬਣ ਜਾਂਦਾ ਹੈ:

*ਐਪਰ ਦਿਲ ਮੇਰਾ ਅੱਜ ਕੋਈ*
*ਚੁੱਪ ਚੁਪੀਤੇ ਭਰਮ ਹੰਢਾਵੇ*
*ਪੁੰਨਿਆਂ ਛੱਡਕੇ, ਮੱਸਿਆ ਚਾਹਵੇ*

ਅਤੇ ਕੱਚਿਆਂ ਦੀ ਥਾਂ ਉਸਰੇ ਪੱਕੇ ਘਰ ਵੀ ਖੁਸ਼ੀ ਦਾ ਬਾਇਸ ਨਹੀਂ, ਕਿਉਂਕਿ ਹੁਣ ਇਹਨਾਂ ਘਰਾਂ ਵਿਚ ਚਿੜੀਆਂ ਨਜ਼ਰ ਨਹੀਂ ਆਉਂਦੀਆਂ ਜਾਂ ਕਦੇ ਕਦਾਈਂ ਹੀ ਨਜ਼ਰ ਆਉਂਦੀਆਂ ਹਨ।

ਪਰਮਵੀਰ ਨੂੰ ਝੋਰਾ ਹੈ ਕਿ ਪ੍ਰਕ੍ਰਿਤਕ ਭਾਂਤ ਦੀ ਪੇਂਡੂ ਰਹਿਤਲ ਨੂੰ ਖੋਰਾ ਲੱਗ ਰਿਹਾ ਹੈ ਅਤੇ ਇਸੇ ਲਈ ਸ਼ਹਿਰ ਦੇ ਵਿਕਾਸ ਨੂੰ ਉਹ ਮੰਦਭਾਗਾ ਸਮਝਦਾ ਹੈ। ਉਸ ਦੀ ਨਜ਼ਰ ਵਿਚ *'ਬਾਬੇ ਦੀਆਂ ਪੈੜਾਂ ਨੂੰ ਭੁੱਲਿਆ ਪੰਜਾਬ ਤਰੱਕੀ ਦੇ ਬੋਹਲ਼ ਉੱਤੇ ਤਹਿਜ਼ੀਬ ਭੁੱਲ ਬੈਠਾ'* ਹੈ। ਸ਼ਹਿਰਾਂ ਲਾਗਲੇ ਪਿੰਡ ਦੀ ਤਾਂ ਇਹ ਤ੍ਰਾਸਦੀ ਹੈ ਕਿ ਤਥਾਕਥਿਤ ਵਿਕਾਸ ਦੇ ਪ੍ਰਤੀਕ ਸ਼ਹਿਰ ਵੱਲੋਂ ਪਿੰਡਾਂ ਨੂੰ ਦੇਰ ਸਵੇਰ ਹੜੱਪ ਲਏ ਜਾਣ ਦਾ ਖਤਰਾ ਮੌਜੂਦ ਹੈ। ਵਗਦੇ ਖੇਤਾਂ ਅਤੇ ਹਰੇ ਘਾਹ ਨਾਲ ਪੇਟ ਭਰਦੇ ਵੱਗਾਂ ਦੀ ਝਲਕ ਵੇਖਣਾ ਤਾਂ ਨਿਰਮੂਲ ਹੈ ਹੀ, ਸ਼ਹਿਰਾਂ ਵਿਚ ਤਾਂ ਗੁੱਜਰਾਂ ਦੀਆਂ ਮੱਝੀਆਂ ਦਾ ਟਿਕਣਾ ਵੀ ਮੁਮਕਿਨ ਨਹੀਂ, ਜਿਨ੍ਹਾਂ ਦਾ ਮਾਖਿਉਂ ਵਰਗਾ ਦੁੱਧ ਸ਼ਹਿਰੀ ਲੋਕ ਸੁਬਹ ਸ਼ਾਮ ਹਾਸਲ ਕਰਦੇ ਹਨ। ਇਉਂ ਹੀ ਪਹਾੜ ਤੋਂ ਉਤਰ ਕੇ ਸ਼ਹਿਰ ਵਿਚ ਸ਼ਹਿਦ ਵੇਚਣ ਆਈ ਕੁੜੀ

ਸ਼ਾਇਦ ਨਹੀਂ ਜਾਣਦੀ ਕਿ ਉਸਦੇ ਮਾਖਿਉਂ ਦੇ ਟਾਕਰੇ ਸ਼ਹਿਰ ਤਾਂ ਕੁਸੈਲ਼ਾ ਤੇ ਜ਼ਹਿਰੀ ਹੋ ਚੁੱਕਿਆ ਹੈ। ਪ੍ਰਕ੍ਰਿਤੀ ਨਾਲੋਂ ਟੁੱਟ ਚੁੱਕਿਆ ਸ਼ਹਿਰ ਇਕ ਤਰ੍ਹਾਂ ਉਜਾੜ ਹੈ, ਖਾਸ ਤੌਰ 'ਤੇ ਰੁਮਾਂਟਕਿ ਬਿਰਤੀ ਵਾਲੇ ਜੀਵ ਲਈ:

*ਸੁੰਨਾ ਏ ਸ਼ਹਿਰ, ਉਜਾੜਾਂ ਦਾ ਭਰਿਆ*
*ਵੱਸੇ ਪਿਆ ਮਾਹੀਆ ਗਰਾਂ*
*ਮਿੱਟੀ ਗਰਾਂ ਦੀ ਵਿਚ, ਗੋਰੀ ਦਾ ਹਉਕਾ*
*ਹਉਕੇ 'ਚ ਤੇਰਾ ਏ ਨਾਂ*

ਪਰਮਵੀਰ ਦੀ ਸਿੱਖੀ ਵਿਚ ਆਸਥਾ ਬਹੁਤ ਡੂੰਘੀ ਤੇ ਸਪਸ਼ਟ ਹੈ।ਇਹ ਆਸਥਾ ਉਸਦੀ ਸਿਰਜਣਾਤਮਕਤਾ ਵਿਚ ਕੋਈ ਰੁਕਾਵਟ ਬਣਨ ਦੀ ਥਾਂ ਸਗੋਂ ਉਸਨੂੰ ਹੋਰ ਵਧੇਰੇ ਸੰਵੇਦਨਸ਼ੀਲ ਮਾਨਵਵਾਦੀ ਦ੍ਰਿਸ਼ਟੀ ਵਾਲਾ ਕਵੀ ਬਣਾਉਂਦੀ ਹੈ। ਏਸ ਪੁਸਤਕ ਵਿਚਲੀਆਂ ਕਵਿਤਾਵਾਂ, ਜਿਨ੍ਹਾਂ ਦੀ ਤੰਦ ਸਿੱਖੀ ਆਸਥਾ ਜਾਂ ਸਿੱਖ ਸਰੋਕਾਰਾਂ ਨਾਲ ਜੁੜਦੀ ਹੈ, ਜਿਵੇਂ 'ਜਦ ਪਾਵਨ ਅੱਖਰ ਸੜਦਾ ਹੈ', 'ਕਲਗੀਆਂ ਵਾਲੇ ਨੂੰ ਸਲਾਮ','ਸਤਲੁਜ ਤੇ ਦਸ਼ਮੇਸ਼', 'ਕਰਤਾਰਪੁਰ ਲਾਂਘਾ', 'ਬੇਰ', 'ਚਰਨ', ਆਦਿ ਇਸ ਤੱਥ ਦਾ ਪ੍ਰਮਾਣ ਹਨ। ਬਾਬਾ ਨਾਨਕ ਤੇ ਮਰਦਾਨੇ ਦੀ ਅਦੁਤੀ ਸਾਂਝ ਦਾ ਵੇਰਵਾ ਦਿੰਦੀ ਕਵਿਤਾ 'ਸ਼ਬਦ-ਸੁਰਤਿ ਧੁਨ ਕੁਰਮ ਕਿਨਾਰੇ' ਤਾਂ ਰਾਗ ਤੇ ਸ਼ਬਦ ਦਾ ਰਹੱਸ ਵੀ ਸਮੋਈ ਬੈਠੀ ਹੈ। ਉਸਦੀ ਆਸਥਾ ਵਿਚ ਦੂਜੇ ਧਰਮਾਂ ਪ੍ਰਤੀ ਵਿਰੋਧ ਦੇ ਭਾਵਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਗੋਂ ਇਸਦੇ ਐਨ ਵਿਪਰੀਤ ਭਾਰਤੀ ਸੰਸਕ੍ਰਿਤੀ ਵਿਚ ਚਿੰਨ੍ਹਾਂ ਵਜੋਂ ਪ੍ਰਵਾਨ ਚੜ੍ਹੇ ਨਾਂ, ਥਾਂ, ਘਟਨਾਵਾਂ, ਵਾਰਤਾਵਾਂ, ਜਿਵੇਂ ਭੀਲਣੀ, ਕ੍ਰਿਸ਼ਨ, ਬ੍ਰਿੰਦਾਬਨ, ਸੁਆਮੀ ਰਾਮ ਕਿਸ਼ਨ ਪਰਮਹੰਸ, ਪੂਰਨ ਦਾ ਟਿੱਲਾ ਆਦਿ, ਬਹੁਤ ਸਹਿਜ ਨਾਲ ਉਸਦੀ ਕਵਿਤਾ ਵਿਚ ਬੀੜੇ ਨਜ਼ਰ ਆਉਂਦੇ ਹਨ।

ਪ੍ਰਕ੍ਰਿਤੀ, ਸਰਲ ਸਾਦਾ ਜੀਵਨ, ਪੇਂਡੂ ਰਹਿਤਲ ਅਤੇ ਪਿਆਰ ਦੇ ਭਾਵਾਂ ਨੂੰ ਪ੍ਰਗਟਾਅ ਦੇਣ ਤੋਂ ਅਗਾਂਹ ਵੀ ਪਰਮਵੀਰ ਦੇ ਸਰੋਕਾਰਾਂ ਦਾ ਘੇਰਾ ਚੋਖਾ ਵਿਸ਼ਾਲ ਹੈ। ਆਪਣੇ ਸਮਾਜ ਅਤੇ ਸੰਸਾਰ ਵਿਚ ਵਾਪਰਦੀਆਂ ਘਟਨਾਵਾਂ ਅਤੇ ਸਮੱਸਿਆਵਾਂ ਬਾਰੇ ਉਹ ਪੂਰੀ ਤਰ੍ਹਾਂ ਸੁਜੱਗ ਹੈ।ਕੁੜੀਆਂ ਨੂੰ ਕੁੱਖ ਵਿਚ ਹੀ ਮਾਰ ਦੇਣ ਦੇ ਘੋਰ ਸਮਾਜੀ ਅਪਰਾਧ ਦਾ ਵੇਰਵਾ 'ਚਿਰ ਪਿੱਛੋਂ ਜੁੜੇ ਪੁੱਤਰ ਦੀ ਵੇਦਨਾ' ਵਿਚ ਹੋਇਆ ਹੈ, ਜਦਕਿ 'ਸਿਆਸਤ ਤੇ ਛਾਵਾਂ' ਨਾਂ ਦੀ ਲੰਮੀ ਕਵਿਤਾ ਇਹ ਪ੍ਰਮਾਣਤ ਕਰਦੀ ਹੈ ਕਿ ਸਿਆਸਤਦਾਨਾਂ ਦੀ ਕਹਿਣੀ ਤੇ ਕਰਨੀ ਵਿਚਲਾ ਅੰਤਰ ਅਤੇ ਰਾਜਸੱਤਾ ਦਾ ਲੋਕ-ਦੋਖੀ ਚਰਿੱਤਰ ਵੀ ਪਰਮਵੀਰ ਦੀ ਕਾਵਿਕ ਨਜ਼ਰ ਦੇ ਘੇਰੇ ਤੋਂ ਬਾਹਰ ਨਹੀਂ।। 'ਸਿਆਸਤ ਤੇ ਛਾਵਾਂ' ਨਾਂ ਦੀ ਕਵਿਤਾ ਵਿਚ ਖੇਤਾਂ ਦੀ ਮਿੱਟੀ ਤੋਂ ਵਿਛੁੰਨਿਆ ਸਮਾਗਮ ਵਿਚ ਪਹੁੰਚਿਆ ਨੇਤਾ ਲੋਕਾਂ ਨੂੰ ਛਾਵਾਂ ਦੇਣ ਦੀ ਗੱਲ ਕਰਦਾ ਹੈ, ਜਦਕਿ ਉਸਦੇ ਹਵਾਈ ਜਹਾਜ਼ ਦੇ ਉਤਰਨ ਅਤੇ ਉਸਦੀ ਸੁਰੱਖਿਆ ਖਾਤਰ ਸੱਜਰਾ ਹੀ ਛਾਂ ਦੇਣ ਵਾਲੇ ਰੱਖਾਂ ਦਾ ਕਤਲ ਕੀਤਾ ਗਿਆ ਹੇ। ਕਣਕਾਂ ਅਤੇ ਸਰਹੱਦਾਂ ਦੋਹਾਂ ਦੀ ਰਾਖੀ ਕਰਨ ਵਾਲੇ ਕਿਰਤੀ ਅਤੇ ਜਵਾਨ ਵੀ ਕਵਿਤਾ ਦਾ ਵਿਸ਼ਾ ਬਣੇ ਹਨ ਜਿਨ੍ਹਾਂ ਦੀ ਮਹਿਮਾ ਇਤਿਹਾਸਕ ਕਿਸਾਨ ਮੋਰਚੇ ਦੇ ਪਿਛੋਕੜ ਵਿਚ ਹੋਈ ਹੈ:

*ਕਣਕਾਂ ਦੀ ਰਾਖੀ ਮੇਰਾ ਬਾਬਲ ਕਰੇਂਦਾ*
*ਸਰਹੱਦ 'ਤੇ ਵੀਰਾ ਕਰਨੈਲ ਨੀ*
*ਕਣਕਾਂ ਤੇ ਅਣਖਾਂ ਨੂੰ ਵੈਰੀਆਂ ਵੰਗਾਰਿਆ ਏ*
*ਚੜ੍ਹ ਚੜ੍ਹ ਆਉਂਦੀ ਲੁਕੀ ਮੈਲ਼ ਨੀ*

ਦੇਸ਼ ਤੋਂ ਅਗਾਂਹ ਮਾਨਵੀ ਦ੍ਰਿਸ਼ਟੀ ਨਾਲ ਅੰਤਰਰਾਸ਼ਟਰੀ ਮਸਲਿਆਂ ਨਾਲ ਆਪਣਾ ਸਰੋਕਾਰ ਜ਼ਾਹਰ ਕਰਦਿਆਂ ਉਹ ਨਸਲਵਾਦ ਵਿਰੁੱਧ ਸੰਘਰਸ਼ ਦੇ ਨਾਇਕ ਨੈਲਸਨ ਮੰਡੇਲਾ ਦਾ

ਉਸਤਤ ਗਾਇਨ ਕਰਦਾ ਹੈ ਅਤੇ ਆਪਣੀ ਹੋਂਦ ਲਈ ਜੂਝ ਰਹੇ ਫਲਸਤੀਨੀ ਬੱਚੇ ਦੇ ਜਜ਼ਬਾਤ ਨੂੰ ਵੀ ਪ੍ਰਗਟਾਉਂਦਾ ਹੈ:

*ਮੈਂ ਪੱਥਰ ਸੁੱਟਾਂਗਾ....*
*ਮੇਰਾ ਪੱਥਰ ਉਨ੍ਹਾਂ ਤੀਕ ਨਹੀਂ ਅੱਪੜਨਾ*
*ਇਹ ਉਨ੍ਹਾਂ ਦਾ ਭਰਮ ਹੈ*
*ਮੇਰਾ ਪੱਥਰ ਤਾਂ, ਬਿਨ ਸੁੱਟਿਆਂ ਵੀ ਵੱਜ ਰਿਹਾ ਹੈ*

ਪੁਸਤਕ ਦੀ ਪ੍ਰਵੇਸ਼ਕਾ ਅਤੇ ਅੰਤਕਾ ਦੋਵੇਂ ਪਰਮਵੀਰ ਨੇ ਖੁਦ ਲਿਖੀਆਂ ਹਨ। ਪ੍ਰਵੇਸ਼ਕਾ 'ਲੈਨਿ ਉਡਾਰੀ ਪੰਖਣੂ' ਜੇ ਆਪਣੇ ਆਪ ਵਿਚ ਇਕ ਖੂਬਸੂਰਤ ਕਵਿਤਾ ਵਾਂਗ ਹੈ ਤਾਂ ਅੰਤਕਾ 'ਪਰਵਾਸ ਕਿ ਪ੍ਰਮਾਣਿਕ ਪਰਵਾਸ' ਵਿਚੋਂ ਇਕ ਚੇਤੰਨ ਬੌਧਿਕ ਪ੍ਰਾਣੀ ਨਮੂਦਾਰ ਹੁੰਦ ਹੈ। ਆਪਣੇ ਪਹਿਲੇ ਦੋਵੇਂ ਕਾਵਿ ਸੰਗ੍ਰਹਿ ਪਰਮਵੀਰ ਨੇ ਭਾਰਤ ਰਹਿੰਦਿਆਂ ਛਪਵਾਏ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਉਹ ਪਰਵਾਸੀ ਬਣ ਕੇ ਕੈਨੇਡਾ ਰਹਿਣ ਲੱਗਿਆ ਹੈ। ਇਸ ਲਈ ਹੱਥਲੇ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਉਸਦੇ ਕੈਨੇਡਾ ਪਰਵਾਸ ਦੌਰਾਨ ਲਿਖੀਆਂ ਹੋਈਆਂ ਹਨ, ਪਰ ਇਹਨਾਂ ਵਿਚ ਕਿਤੇ ਕੈਨੇਡੀਅਨ ਜੀਵਨ ਦੀ ਝਲਕ ਪ੍ਰਾਪਤ ਨਹੀਂ ਹੁੰਦੀ। ਇਸ ਗੱਲ ਦੇ ਨਿਤਾਰੇ ਲਈ ਉਸਨੇ ਅੰਤਕਾ ਲਿਖੀ ਹੈ ਜਿਸਦਾ ਤਾਤਪਰਜ ਇਹ ਹੈ ਕਿ ਭਾਵੇਂ ਉਹ ਸਰੀਰਕ ਤੌਰ 'ਤੇ ਕੈਨੇਡਾ ਰਹਿ ਰਿਹਾ ਹੈ ਅਤੇ ਉਸਦਾ ਕੈਨੇਡੀਅਨ ਜੀਵਨ-ਜਾਚ ਅਥਵਾ ਸਮਾਜ-ਸਭਿਆਚਾਰ ਨਾਲ ਪਰਿਚਯ ਵੀ ਹੋਇਆ ਹੈ, ਪਰ ਹਾਲੇ ਉਹ ਪ੍ਰਮਾਣਿਕ ਪਰਵਾਸੀ ਅਨੁਭਵ ਤੋਂ ਦੂਰ ਹੈ। ਇਸ ਲਈ ਉਸਦੀ ਰਚਨਾ ਵਿਚ ਕੈਨਡੀਅਨ ਅਨੁਭਵ ਦਾ ਪ੍ਰਗਟਾਅ ਨਹੀਂ ਹੋ ਸਕਿਆ। ਖੈਰ!

ਬਹੁਤ ਸੂਖਮ, ਭਾਵ-ਭਿੰਨੀ ਤੇ ਅਰਥ ਭਰਪੂਰ ਕਵਿਤਾ ਨਾਲ ਸੰਜੋਏ ਪਰਮਵੀਰ ਸਿੰਘ ਦੇ ਇਸ ਨਵੇਂ ਕਾਵਿ ਸੰਗ੍ਰਹਿ ਦਾ ਸਵਾਗਤ ਹੈ।000 **–ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਕੋਰੋਨਾ ਤੇ ਕਿਸਾਨ** (ਨਾਵਲ) ਪਰਮਜੀਤ ਸਿੰਘ ਜੱਜ
ਪੰਨੇ 160, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਰਾਧਿਕਾ** (ਨਾਵਲ) ਹਰਦੀਪ ਗਰੇਵਾਲ ਅਨੁਵਾਦ ਡਾ. ਸਾਧੂ ਸਿੰਘ
ਪੰਨੇ 239, ਮੁੱਲ 395 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਚਾਂਦ ਬੀਬੀ** (ਨਾਵਲ) ਮੀਨੂੰ
ਪੰਨੇ 150, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਸੰਭਾਲ** (ਨਾਵਲ) ਮੀਨੂੰ
ਪੰਨੇ 104, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਮੀਲ ਪੱਥਰ** (ਨਾਵਲ) ਮੀਨੂੰ ਭੱਠਲ
ਪੰਨੇ 271, ਮੁੱਲ 400 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਗੋਰਾਂ ਨਾਲ਼ ਉਲ਼ਾਂਭੇ** (ਕਹਾਣੀ ਸੰਗ੍ਰਹਿ) ਏਜਾਜ਼ ਲਿੱਪੀ ਵਟਾਂਦਰਾ ਪਰਮਜੀਤ ਮੀਸ਼ਾ
ਪੰਨੇ 160, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਪੂਰਬ ਪੱਛਮ ਤੇ ਪਰਵਾਸ** (ਕਹਾਣੀ ਸੰਗ੍ਰਹਿ) ਸੁਰਿੰਦਰ ਸਿੰਘ ਸੀਰਤ
ਪੰਨੇ 144, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

**ਮ੍ਰਿਗ ਤ੍ਰਿਸ਼ਨਾ** (ਕਹਾਣੀ ਸੰਗ੍ਰਹਿ) ਜੇ.ਬੀ. ਸਿੰਘ
ਪੰਨੇ 127, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

**ਸੁਪਨੇ ਜਵਾਬ ਮੰਗਦੇ ਨੇ** (ਕਹਾਣੀ ਸੰਗ੍ਰਹਿ) ਸਰਬ ਕੌਰ
ਪੰਨੇ 72, ਮੁੱਲ 150 ਰੁਪਏ, ਪ੍ਰੀਤ ਪਬਲੀਕੇਸ਼ਨ, ਨਾਭਾ

**ਡੂੰਘੇ ਦਰਦ ਦਰਿਆਵਾਂ ਦੇ** (ਕਾਵਿ ਸੰਗ੍ਰਹਿ) ਮੇਹਰ ਮਾਣਕ
ਪੰਨੇ 112, ਮੁੱਲ 200 ਰੁਪਏ, ਸਨਾਵਰ ਪਬਲੀਕੇਸ਼ਨਜ਼, ਪਟਿਆਲਾ
**ਅੰਦੋਲਨ, ਮੇਲਾ ਨਹੀਂ ਹੁੰਦਾ** (ਕਾਵਿ ਸੰਗ੍ਰਹਿ) ਸੰ. ਸੁਖਿੰਦਰ
ਪੰਨੇ 168, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਬਲੈਕ ਟਾਰਚ: ਦੱਖਣੀ ਅਫਰੀਕੀ ਕਵਿੱਤਰੀਆਂ ਦੀਆਂ ਕਵਿਤਾਵਾਂ** ਸੰ. ਬਲਬੀਰ ਮਾਧੋਪੁਰੀ
ਪੰਨੇ 250, ਮੁੱਲ 130 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਗੀਤਾਂਜਲੀ ਹਰੀਵ੍ਰਿਜੇਸ਼-ਕਾਨ੍ਹ ਸਿੰਘ ਨਾਭਾ ਦੀਆਂ ਚੋਣਵੀਆਂ ਕਵਿਤਾਵਾਂ** ਸੰ. ਰਵਿੰਦਰ ਕੌਰ ਰਵੀ
ਪੰਨੇ 121, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸੁਣ ਸਖੀਏ** (ਕਾਵਿ ਸੰਗ੍ਰਹਿ) ਤਰਿੰਦਰ ਕੌਰ
ਪੰਨੇ 120, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਨਾ ਨਰ ਨਾ ਨਾਰੀ** (ਕਾਵਿ ਸੰਗ੍ਰਹਿ ਤੇ ਮੁਲਾਕਾਤਾਂ) ਹਰਦੀਪ ਬਾਵਾ
ਪੰਨੇ 120, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਮੈਂ ਤੇ ਆਕਾਸ਼** (ਕਾਵਿ ਸੰਗ੍ਰਹਿ) ਭਗਤ ਨਰਾਇਣ
ਪੰਨੇ 112, ਮੁੱਲ 250 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਦਰਦ ਦਾ ਦਰਿਆ** (ਗ਼ਜ਼ਲ ਸੰਗ੍ਰਹਿ) ਰਣਬੀਰ ਰਾਣਾ
ਪੰਨੇ 99, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ, ਚੰਡੀਗੜ੍ਹ
**ਇਕ ਬੂੰਦ ਸਵਾਂਤੀ** (ਰੁਬਾਈ ਸੰਗ੍ਰਹਿ) ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਪੰਨੇ 120, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਲੰਡਨ – ਕੱਚੇ ਰੰਗਾਂ ਦਾ ਸ਼ਹਿਰ** (ਯਾਤਰਾ) ਅਜੀਤ ਕੌਰ
ਪੰਨੇ 100, ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਦੂਰ ਦੁਰਾਡੇ ਦੇਸ਼ਾਂ ਵਿਚ ਮੇਰੀਆਂ ਚੋਣਵੀਆਂ ਯਾਤਰਾਵਾਂ** (ਯਾਤਰਾ) ਰਣਜੀਤ ਧੀਰ
ਪੰਨੇ 242, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਮੇਰੇ ਪਿਤਾ ਬਾਲੱਯਾ** (ਸਵੈਜੀਵਨੀ) ਵਾਈ.ਬੀ. ਸੱਤਿਆਨਾਰਾਇਣ, ਅਨੁਵਾਦ ਬਲਬੀਰ ਮਾਧੋਪੁਰੀ
ਪੰਨੇ 213, ਮੁੱਲ 450 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕਨਫੈਸ਼ਨ ਬੌਕਸ** (ਇਹ ਕਹਾਣੀਆਂ ਨਹੀਂ) ਜਿੰਦਰ
ਪੰਨੇ 117, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸਮਕਾਲੀ ਸਾਹਿਤਕ ਦ੍ਰਿਸ਼** (ਆਲੋਚਨਾ) ਕੁਲਦੀਪ ਸਿੰਘ ਧੀਰ
ਪੰਨੇ 240, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਕਥਾ-ਵਿਵੇਕ** (ਆਲੋਚਨਾ) ਸੰ. ਜੋਗਿੰਦਰ ਸਿੰਘ ਨਿਰਾਲਾ, ਭੋਲਾ ਸਿੰਘ ਸੰਘੇੜਾ
ਪੰਨੇ 247, ਮੁੱਲ 395 ਰੁਪਏ, ਯੂਨੀਸਟਾਰ ਬੁੱਕਸ, ਮੁਹਾਲੀ
**ਕਿਸਾਨੀ ਸੰਕਟ – ਬਲਬੀਰ ਪਰਵਾਨਾ ਦੇ ਨਾਵਲਾਂ ਦੇ ਪ੍ਰਸੰਗ 'ਚ** (ਆਲੋਚਨਾ) ਰਮਨਦੀਪ ਕੌਰ
ਪੰਨੇ 162, ਮੁੱਲ 350 ਰੁਪਏ, ਯੂਨੀਸਟਾਰ ਬੁੱਕਸ, ਮੁਹਾਲੀ
**ਕਰਤਾਰ ਕੈਂਥ: ਕਾਵਿ ਚਿੰਤਨ** (ਆਲੋਚਨਾ) ਸੰ. ਜੋਗਿੰਦਰ ਸਿੰਘ ਨਿਰਾਲਾ
ਪੰਨੇ 152, ਮੁੱਲ 200 ਰੁਪਏ, ਤਾਲਿਫ ਪ੍ਰਕਾਸ਼ਨ, ਬਰਨਾਲਾ
**ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ: ਖੁੱਲ੍ਹੇ ਭੇਤ** (ਆਲੋਚਨਾ) ਸੁਖਿੰਦਰ
ਪੰਨੇ 160, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ, ਚੰਡੀਗੜ੍ਹ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2022

ਉੱਘੇ ਗਲਪਕਾਰ ਅਵਤਾਰ ਸਿੰਘ ਬਿਲਿੰਗ
ਦੀ ਨਵੀਂ ਵਾਰਤਕ ਪੁਸਤਕ




ਇਸ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਵਿਚ ਪਿੰਡ ਵੱਸਦਾ ਹੈ। ਇਕ ਸਦੀ ਤੋਂ ਵੀ ਵੱਧ ਦਾ ਇਤਿਹਾਸ ਇਸ ਅੰਦਰ ਸਮੋਇਆ ਹੋਇਆ ਹੈ। ਪੁਸਤਕ ਦੇ ਵਰਕੇ ਫਰੋਲੋ ਤਾਂ ਤੁਸੀਂ ਝੱਟ ਪੁਰਾਣੇ ਘਰਾਂ, ਗਲੀਆਂ, ਮੁਹੱਲਿਆਂ ਅਤੇ ਆਪਣੇ ਲੋਕਾਂ ਵਿਚਕਾਰ ਪੁੱਜ ਗਏ ਮਹਿਸੂਸ ਕਰਦੇ ਹੋ। ਇਹ ਪੁਸਤਕ ਅਸਲ ਵਿਚ ਆਪਣਾ ਮੂਲ ਪਛਾਨਣ ਵੱਲ ਪੁੱਟਿਆ ਗਿਆ ਕਦਮ ਹੈ।

ਪੰਨੇ 358 ਸੁੰਦਰ ਦਿੱਖ ਮੁੱਲ 650 ਰੁਪਏ

ਔਟਮ ਆਰਟ ਪਟਿਆਲਾ

**SIRJANA** Literary Punjabi Quarterly Chandigarh
No. 206 ISSN 2455-1058 October-December 2022
Registered with the Registrar of Newspapers for India vide R.N. 10215/65

ਅਮਰੀਕਾ ਵੱਸਦੇ ਸਮਰੱਥ ਗ਼ਜ਼ਲਗੋ
ਕੁਲਵਿੰਦਰ ਦਾ ਨਵਾਂ ਗ਼ਜ਼ਲ ਸੰਗ੍ਰਹਿ




ਕੁਲਵਿੰਦਰ ਦਾ ਸ਼ੁਮਾਰ ਪੰਜਾਬੀ ਗ਼ਜ਼ਲ ਦੇ ਸਭ ਤੋਂ ਵੱਧ ਰੌਸ਼ਨ ਨਾਵਾਂ ਵਿਚ ਹੁੰਦਾ ਹੈ। ਮੈਨੂੰ ਉਸ ਦੀ ਗ਼ਜ਼ਲ ਦੀ ਸਭ ਤੋਂ ਵੱਡੀ ਖ਼ੂਬੀ ਇਹ ਲੱਗਦੀ ਹੈ ਕਿ ਉਸ ਦੇ ਸ਼ੇਅਰਾਂ ਵਿਚਲੇ ਧਰਤ-ਦ੍ਰਿਸ਼ ਬਹੁਤ ਪੁਰਅਸਰ ਹੁੰਦੇ ਹਨ। ਸ਼ਬਦ ਸ਼ਬਦ ਸਤਰ ਸਤਰ ਉਹ ਕਿਸੇ ਫਿਲਮ ਦੇ ਦ੍ਰਿਸ਼ ਵਾਂਗ ਖੁੱਲ੍ਹਦੇ ਹਨ ਤੇ ਸਾਡੇ ਸਾਹਮਣੇ ਸੁਹਜਮਈ ਅਨੂਠਾ ਸੰਸਾਰ ਸਿਰਜ ਦਿੰਦੇ ਹਨ। -ਸੁਰਜੀਤ ਪਾਤਰ

ਪੰਨੇ 84 ਸੁੰਦਰ ਦਿੱਖ ਮੁੱਲ 200 ਰੁਪਏ

ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ